ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Vol 20*Issue 31 | Friday, February 12, 2021 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

# ਟਰੂਡੋ ਨਾਲ ਗੱਲਬਾਤ ਵਿਚ ਮੋਦੀ ਨੇ ਕੈਨੇਡਾ ਦੀ ਵੈਕਸੀਨ ਸਬੰਧੀ ਲੋੜ ਪੂਰੀ ਕਰਨ ਦਾ ਦਿਵਾਇਆ ਭਰੋਸਾ



ਓਟਵਾ, 11 ਫਰਵਰੀ (ਪੋਸਟ ਬਿਊਰੋ) : ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਬੁੱਧਵਾਰ ਨੂੰ ਫੋਨ ਉੱਤੇ ਗੱਲਬਾਤ ਕੀਤੀ। ਇਸ ਦੌਰਾਨ ਮੋਦੀ ਨੇ ਟਰੂਡੋ ਨੂੰ ਭਰੋਸਾ ਦਿਵਾਇਆ ਕਿ ਕੋਵਿਡ-19 ਦੀ ਭਾਰਤ ਵਿੱਚ ਤਿਆਰ ਵੈਕਸੀਨ ਕੈਨੇਡਾ ਨੂੰ ਜਲਦ ਤੋਂ ਜਲਦ ਮੁਹੱਈਆ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।

ਦੋਵਾਂ ਆਗੂਆਂ ਨੇ ਵੈਕਸੀਨ ਦੀ ਵੰਡ ਤੇ ਸਪਲਾਈ ਹਾਸਲ ਕਰਨ ਲਈ ਕੌਮਾਂਤਰੀ ਸਹਿਯੋਗ ਦੀ ਲੋੜ ਦੇ ਸਬੰਧ ਵਿੱਚ ਵਿਚਾਰ ਵਟਾਂਦਰਾ ਕੀਤਾ। ਇੱਕ ਟਵੀਟ ਵਿੱਚ ਮੋਦੀ ਨੇ ਆਖਿਆ ਕਿ ਟਰੂਡੋ ਨਾਲ ਹੋਈ ਗੱਲਬਾਤ ਵਿੱਚ ਉਨ੍ਹਾਂ ਭਰੋਸਾ ਦਿਵਾਇਆ ਹੈ ਕਿ ਸੀਰਮ ਇੰਸਟੀਚਿਊਟ ਆਫ ਇੰਡੀਆ ਦੇ ਐਸਟ੍ਰਾਜ਼ੈਨੇਕਾ ਨਾਲ ਵੈਕਸੀਨ ਤਿਆਰ ਕਰਨ ਸਬੰਧੀ ਹੋਏ ਸਮਝੌਤੇ ਤਹਿਤ ਨਾ ਸਿਰਫ ਭਾਰਤ ਦੀ ਲੋੜ ਅਨੁਸਾਰ ਵੈਕਸੀਨ ਤਿਆਰ ਕੀਤੀ ਜਾਵੇਗੀ ਸਗੋਂ ਦੁਨੀਆਂ ਦੇ ਹੋਰਨਾਂ ਦੇਸ਼ਾਂ ਨੂੰ ਵੀ ਵੈਕਸੀਨ ਦਿੱਤੀ ਜਾਵੇਗੀ।

ਹੈਲਥ ਕੈਨੇਡਾ ਵੱਲੋਂ ਐਸਟ੍ਰਾਜ਼ੈਨੇਕਾ ਤੇ ਆਕਸਫੋਰਡ ਯੂਨੀਵਰਸਿਟੀ ਵੱਲੋਂ ਤਿਆਰ ਇਸ ਵੈਕਸੀਨ ਦੀ ਕੈਨੇਡਾ ਵਿੱਚ ਵਰਤੋਂ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ।ਮੋਦੀ ਦੇ ਆਫਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਟਰੂਡੋ ਨੇ ਮੋਦੀ ਨਾਲ ਕੀਤੀ ਗੱਲਬਾਤ ਦੌਰਾਨ ਵੈਕਸੀਨ ਸਬੰਧੀ ਕੈਨੇਡਾ ਦੀ ਲੋੜ ਤੋਂ ਪ੍ਰਧਾਨ ਮੰਤਰੀ ਨੂੰ ਜਾਣੂ ਕਰਵਾਇਆ ਤੇ ਕੈਨੇਡਾ ਦੀਆਂ ਵੈਕਸੀਨ ਸਬੰਧੀ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੇ ਮੋਦੀ ਵੱਲੋਂ ਕੀਤੇ ਸਮਰਥਨ ਦਾ ਧੰਨਵਾਦ ਕੀਤਾ।

## ਅੰਦਰ ਪੜ੍ਹੋ

ਏਅਰ ਕੈਨੇਡਾ ਵੱਲੋਂ ਏਅਰ ਟਰਾਂਜ਼ੈਟ ਨੂੰ ਖਰੀਦੇ ਜਾਣ ਦੇ ਪ੍ਰਸਤਾਵ ਨੂੰ ਫੈਡਰਲ ਸਰਕਾਰ ਨੇ ਦਿੱਤੀ ਮਨਜ਼ੂਰੀ


ਪੰਨਾ 02

ਰਾਹੁਲ ਗਾਂਧੀ ਨੇ ਪਾਰਲੀਮੈਂਟ ਵਿੱਚ ਪ੍ਰਧਾਨ ਮੰਤਰੀ ਮੋਦੀ ਉੱਤੇ ਨਿਸ਼ਾਨਾ ਸਾਧਿਆ


ਪੰਨਾ 05

# ਸ਼ੈਡੋਅ ਕੈਬਨਿਟ ਵਿੱਚ ਜਸਰਾਜ ਸਿੰਘ ਹੱਲਣ ਨੂੰ ਨਿਯੁਕਤ ਕੀਤਾ ਗਿਆ ਇਮੀਗ੍ਰੇਸ਼ਨ ਕ੍ਰਿਟਿਕ



ਕੈਲਗਰੀ, 11 ਫਰਵਰੀ (ਪੋਸਟ ਬਿਊਰੋ) : ਕੈਲਗਰੀ ਫੌਰੈਸਟ ਲਾਅਨ ਤੋਂ ਐਮਪੀ ਜਸਰਾਜ ਸਿੰਘ ਹੱਲਣ ਨੂੰ ਸ਼ੈਡੋਅ ਕੈਬਨਿਟ ਵਿੱਚ ਇਮੀਗ੍ਰੇਸ਼ਨ, ਰਫਿਊਜੀ ਤੇ ਸਿਟੀਜ਼ਨਸ਼ਿਪ ਕ੍ਰਿਟਿਕ ਨਿਯੁਕਤ ਕੀਤਾ ਗਿਆ ਹੈ।

ਆਪਣੀ ਇਸ ਨਿਯੁਕਤੀ ਤੋਂ ਬਾਅਦ ਹੱਲਣ ਨੇ ਆਖਿਆ ਕਿ ਕੈਨੇਡਾ ਨੂੰ ਭਵਿੱਖ ਲਈ ਠੋਸ ਯੋਜਨਾ ਦੀ ਲੋੜ ਹੈ ਕਿਉਂਕਿ ਅਸੀਂ ਕੈਨੇਡੀਅਨਾਂ ਨੂੰ ਮੁੜ ਪੈਰਾਂ ਸਿਰ ਕਰਨਾ ਹੈ ਤੇ ਇਸ ਦੇ ਨਾਲ ਹੀ ਇੱਥੋਂ ਦੀਆਂ ਇਮੀਗ੍ਰੇਸ਼ਨ ਨੀਤੀਆਂ ਜਾਇਜ਼ ਤੇ ਹਮਦਰਦੀ ਭਰੀਆਂ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਆਖਿਆ ਕਿ ਇਮੀਗ੍ਰੇਸ਼ਨ ਹੀ ਕੈਨੇਡਾ ਦਾ ਮਜ਼ਬੂਤ ਆਧਾਰ ਹੈ। ਉਨ੍ਹਾਂ ਆਖਿਆ ਕਿ ਤਿੰਨ ਦਹਾਕੇ ਪਹਿਲਾਂ ਉਹ ਇਮੀਗ੍ਰੈਂਟ ਵਜੋਂ ਆਪਣੇ ਪਰਿਵਾਰ ਸਮੇਤ ਕੈਨੇਡਾ ਆਏ ਸਨ। ਉਨ੍ਹਾਂ ਆਖਿਆ ਕਿ ਹੁਣ ਕੰਜ਼ਰਵੇਟਿਵ ਸ਼ੈਡੋਅ ਕੈਬਨਿਟ ਵਿੱਚ ਇਮੀਗ੍ਰੇਸ਼ਨ, ਰਫਿਊਜੀ ਤੇ ਸਿਟੀਜ਼ਨਸ਼ਿਪ ਮੰਤਰੀ ਬਣਨ ਤੋਂ ਬਾਅਦ ਉਹ ਅਜਿਹੀਆਂ ਪਾਜ਼ੀਟਿਵ ਨੀਤੀਆਂ ਲਈ ਲੜਨਗੇ ਜਿਸ ਨਾਲ ਦੇਸ਼ ਹਰ ਕਿਸੇ ਲਈ ਬਿਹਤਰ ਥਾਂ ਬਣੇਗਾ।

ਕੈਨੇਡਾ ਨੂੰ ਇਸ ਦੇ ਅੱਜ ਦੇ ਮੁਕਾਮ ਤੱਕ ਪਹੁੰਚਾਉਣ ਪਿੱਛੇ ਜਿਨ੍ਹਾਂ ਬਹੁਤ ਸਾਰੇ ਮਹਾਨ ਕੈਨੇਡੀਅਨਾਂ ਦਾ ਹੱਥ ਸੀ ਉਹ ਇਮੀਗ੍ਰੈਂਟਸ ਜਾਂ ਉਨ੍ਹਾਂ ਦੀ ਔਲਾਦ ਹੀ ਸਨ। ਇਸੇ ਲਈ ਕੰਜ਼ਰਵੇਟਿਵ ਦੁਨੀਆਂ ਦੇ ਬਿਹਤਰੀਨ ਇਮੀਗ੍ਰੇਸ਼ਨ ਸਿਸਟਮਜ਼ ਵਿੱਚੋਂ ਇੱਕ ਨੂੰ ਕਾਇਮ ਕਰਨ ਲਈ ਕਮਿਊਨਿਟੀ ਆਗੂਆਂ, ਕਲਚਰਲ ਮੀਡੀਆ ਤੇ ਹੋਰ ਗਰੁੱਪਜ਼ ਨਾਲ ਰਲ ਕੇ ਕੰਮ ਕਰਨਗੇ।ਉਨ੍ਹਾਂ ਆਖਿਆ ਕਿ ਐਰਿਨ ਓਟੂਲ ਦੀ ਸ਼ੈਡੋਅ ਕੈਬਨਿਟ ਵਿੱਚ ਇਸ ਭੂਮਿਕਾ ਲਈ ਕੰਮ ਕਰਨਾ ਦਾ ਮੌਕਾ ਦਿੱਤੇ ਜਾਣ ਲਈ ਉਹ ਉਨ੍ਹਾਂ ਦੇ ਸ਼ੁਕਰਗੁਜ਼ਾਰ ਹਨ।

## 1600 ਕਰਮਚਾਰੀਆਂ ਦੀ ਛਾਂਗੀ ਕਰੇਗੀ ਬੰਬਾਰਡੀਅਰ




ਮਾਂਟਰੀਅਲ, 11 ਫਰਵਰੀ (ਪੋਸਟ ਬਿਊਰੋ) : ਬੰਬਾਰਡੀਅਰ ਇਨਕਾਰਪੋਰੇਸ਼ਨ ਦਾ ਕਹਿਣਾ ਹੈ ਕਿ ਉਹ ਕੀਮਤਾਂ ਵਿੱਚ ਕਟੌਤੀ ਲਈ 1600 ਕਰਮਚਾਰੀਆਂ ਦੀ ਛਾਂਗੀ ਕਰੇਗੀ।

ਕੰਪਨੀ ਦਾ ਕਹਿਣਾ ਹੈ ਕਿ ਇਹ ਕਟੌਤੀਆਂ ਇਸ ਲਈ ਕੀਤੀਆਂ ਜਾ ਰਹੀਆਂ ਹਨ ਤਾਂ ਕਿ ਕੰਪਨੀ ਮਾਂਟਰੀਅਲ ਵਿੱਚ ਆਪਣੇ ਗਲੋਬਲ ਏਅਰਕ੍ਰਾਫਟ ਮੁਕੰਮਲ ਕਰਨ ਦੇ ਕੰਮ ਨੂੰ ਇੱਕਸਾਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਦੇ ਨਾਲ ਹੀ ਕੰਪਨੀ ਆਪਣੀਆਂ ਕਿਊਬਿਕ ਸਥਿਤ ਫੈਸਿਲਿਟੀਜ਼ ਵਿਚਲੇ ਘੱਟ ਵਰਤੋਂ ਵਿੱਚ ਆਉਣ ਵਾਲੇ ਹੈਂਗਰ ਤੇ ਇੰਡਸਟਰੀਅਲ ਥਾਂ ਦਾ ਮੁਲਾਂਕਣ ਵੀ ਕਰ ਰਹੀ ਹੈ।

...ਬਾਕੀ ਪੰਨਾ 2 'ਤੇ

# ਟੈਕਸਸ ਵਿੱਚ 100 ਤੋਂ ਵੱਧ ਗੱਡੀਆਂ ਆਪਸ ਵਿੱਚ ਟਕਰਾਈਆਂ, 6 ਹਲਾਕ



ਟੈਕਸਸ, 11 ਫਰਵਰੀ (ਪੋਸਟ ਬਿਊਰੋ) : ਵੀਰਵਾਰ ਸਵੇਰੇ ਟੈਕਸਸ ਵਿੱਚ 100 ਗੱਡੀਆਂ ਤੋਂ ਵੀ ਵੱਧ ਦੇ ਆਪਸ ਵਿੱਚ ਟਕਰਾ ਜਾਣ ਕਾਰਨ 6 ਵਿਅਕਤੀਆਂ ਦੀ ਮੌਤ ਹੋ ਗਈ। ਠੰਢ ਵੱਧ ਜਾਣ ਕਾਰਨ ਸੜਕਾਂ ਉੱਤੇ ਜੰਮੀ ਬਰਫ ਤੇ ਸੜਕਾਂ ਤਿਲ੍ਹਕਵੀਆਂ ਹੋਣ ਕਾਰਨ ਡਰਾਈਵਿੰਗ ਲਈ ਖਤਰਨਾਕ ਹਾਲਾਤ ਬਣਨ ਕਾਰਨ ਇਹ ਹਾਦਸਾ ਵਾਪਰਿਆ।

...ਬਾਕੀ ਪੰਨਾ 2 'ਤੇ

# ਜਗਰਾਉਂ ਵਿੱਚ ਹੋਈ ਪੰਜਾਬ ਦੀ ਪਹਿਲੀ ਮਹਾ-ਪੰਚਾਇਤ ਵਿਚ ਲੋਕਾਂ ਦਾ ਠਾਠਾਂ ਮਾਰਦਾ ਇਕੱਠ

## * ਕੁਰਬਾਨੀ ਦਿਆਂਗੇ, ਪਰ ਮੰਡੀ ਸਿਸਟਮ ਨਹੀਂ ਟੁੱਟਣ ਦੇਵਾਂਗੇ : ਰਾਜੇਵਾਲ



ਜਗਰਾਉਂ, 11 ਫਰਵਰੀ, (ਪੋਸਟ ਬਿਊਰੋ)-ਲੁਧਿਆਣਾ ਜ਼ਿਲੇ ਦੇ ਇਸ ਨਗਰ ਵਿੱਚ ਕੀਤੀ ਗਈ ਮਹਾਂ ਪੰਚਾਇਤ ਵਿਚਅੱਜ ਵੀਰਵਾਰ ਨੂੰ ਹਜ਼ਾਰਾਂ ਲੋਕ ਆਣ ਪਹੁੰਚੇ। ਇਹ ਪੰਜਾਬ ਵਿੱਚ ਆਪਣੀ ਕਿਸਮ ਦੀ ਪਹਿਲੀ ਮਹਾਂ ਪੰਚਾਇਤ ਸੀ, ਜਿਸ ਵਿੱਚ ਲੋਕਾਂ ਦਾ ਆਪ-ਮੁਹਾਰਾ ਇਕੱਠ ਠਾਠਾਂ ਮਾਰਦਾ ਨੋਟ ਕੀਤਾ ਗਿਆ।

ਇਸ ਆਪਣੇ ਕਿਸਮ ਦੀ ਪਹਿਲੀ ਮਹਾਂ ਪੰਚਾਇਤ ਵਿੱਚ ਆਏ ਪੰਜਾਬ ਦੇ ਹਜ਼ਾਰਾਂ ਲੋਕਾਂ ਨੂੰ ਸੰਬੋਧਨ ਕਰਦੇ ਵਕਤ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਵੱਡਾ ਐਲਾਨ ਕੀਤਾ ਕਿ ਅਸੀਂ ਭਾਰਤ ਦਾ ਮੰਡੀਕਰਨ ਸਿਸਟਮ ਨਹੀਂ ਟੁੱਟਣ ਦਿਆਂਗੇ, ਇਸ ਲਈ ਭਾਵੇਂ ਸਾਨੂੰ ਜਿੰਡੀ ਵੀ ਕੁਰਬਾਨੀ ਕਰਨੀ ਪੈ ਜਾਵੇ।ਰਾਜੇਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਇਸ ਦੇਸ਼ ਦਾ ਮੰਡੀ ਸਿਸਟਮ ਤੋੜ ਕੇ ਕਿਸਾਨੀ ਉਪਜ ਨੂੰ ਅਡਾਨੀਆਂ ਅਤੇ ਅੰਬਾਨੀਆਂ ਦੀ ਝੋਲੀ ਪਾਉਣਾ ਚਾਹੁੰਦੀ ਹੈ। ਉਨ੍ਹਾਂ ਨੇ ਕਿਹਾ ਕਿ ਜਦੋਂ ਨਰਿੰਦਰ ਮੋਦੀ ਸਰਕਾਰ ਦੇ ਨਵੇਂ ਕਾਨੂੰਨ ਲਾਗੂ ਹੋ ਗਏ ਤਾਂ ਦੇਸ਼ ਦਾ ਮੰਡੀਕਰਨ ਸਿਸਟਮ ਆਪਣੇ ਆਪ ਹੀ ਟੁੱਟ ਜਾਵੇਗਾ ਤੇ ਦੇਸ਼ ਦਾ ਕਿਸਾਨ ਕਾਰਪੋਰੇਟ ਘਰਾਣਿਆਂ ਦੇ ਰਹਿਮੋ ਕਰਮ ਉੱਤੇ ਨਿਰਭਰ ਹੋ ਜਾਵੇਗਾ।

...ਬਾਕੀ ਪੰਨਾ 5 'ਤੇ

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance | Super Visa Insurance
Critical illness Ins | Mortgage Insurance
Travel & Visitor Ins | Disability Insurance
RESP & TFSA & RRSP | Funeral Insurance
SIMRAN SAINI 416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axxel InsuranceBrokers Ltd. | 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit
LMIA / Work permit
Permanent Residency
Family Sponsorship
Nanny
Visitor Visa
Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1
Lic # R534503

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

ALL KINDS OF IMMIGRATION SERVICES
iccrc crcic
Call: 416 278 4449 | 204 295 4449
World Gateway Immigration Company since 2010
Get PERMANENT RESIDENCY
If You are on Work Permit/Visitor in Canada
ZORA KAINTH Director Member of ICCRC Oath commissioner of Manitoba
Toronto: 149-2960 Drew Road, Mississauga Winnipeg: 678 McphillipsStreet, Winnipeg

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps
Cockroaches | Carpenter Ants | Silver Fish | Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre | AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Group
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets | Completly Furnished
Legal Basement | Painting & Flooring
ਵਾਜਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕਾਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਹਾਹਲਫੀ ਅਤੇ ਹਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley
905-362-0755

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

# ਜੀਟੀਏ ਵਿੱਚ ਡਿੱਗ ਸਕਦਾ ਹੈ ਪਾਰਾ



ਓਨਟਾਰੀਓ, 10 ਫਰਵਰੀ (ਪੋਸਟ ਬਿਊਰੋ): ਜੇ ਤੁਹਾਨੂੰ ਲੱਗ ਰਿਹਾ ਹੈ ਕਿ ਸੋਮਵਾਰ ਨੂੰ ਜੀਟੀਏ ਵਿੱਚ ਬਹੁਤ ਠੰਢ ਹੈ ਤਾਂ ਜ਼ਰਾ ਰੁਕ ਜਾਓ। ਇਨ੍ਹਾਂ ਸਿਆਲਾਂ ਵਿੱਚ ਸੱਭ ਤੋਂ ਵੱਧ ਠੰਢ ਤਾਂ ਅਜੇ ਆਉਣੀ ਬਾਕੀ ਹੈ। ਇਸ ਪੂਰੇ ਹਫਤੇ ਦੱਖਣੀ ਓਨਟਾਰੀਓ ਵਿੱਚ ਆਰਕਟਿਕ ਏਅਰ ਚੱਲਣ ਦੀ ਸੰਭਾਵਨਾ ਹੈ ਤੇ ਜਿਸ ਨਾਲ ਤਾਪਮਾਨ ਕਿਤੇ ਜ਼ਿਆਦਾ ਡਿੱਗ ਜਾਵੇਗਾ। ਇਸੇ ਆਰਕਟਿਕ ਏਅਰ ਕਾਰਨ ਪ੍ਰੇਰੀਜ਼ ਤੇ ਉੱਤਰੀ ਓਨਟਾਰੀਓ ਵਿੱਚ ਹੱਦੋਂ ਵੱਧ ਠੰਢ ਵਧਣ ਦੀ ਸੰਭਾਵਨਾ ਹੈ।
ਮੌਸਮ ਵਿਗਿਆਨੀਆਂ ਦਾ ਕਹਿਣਾ ਹੈ ਕਿ ਤਾਪਮਾਨ ਬੁੱਧਵਾਰ ਤੋਂ ਡਿੱਗਣਾ ਸ਼ੁਰੂ ਹੋਵੇਗਾ ਪਰ ਸ਼ੁੱਕਰਵਾਰ ਤੱਕ ਇਸ ਹਫਤੇ ਦਾ ਸਭ ਤੋਂ ਠੰਢਾ ਦਿਨ ਮਿਲ ਜਾਵੇਗਾ। ਠੰਢੀ ਹਵਾ ਤੇ ਤੇਜ਼ ਹਵਾਵਾਂ ਨਾਲ ਜੀਟੀਏ ਲੇਕ ਵਿੱਚ ਬਰਫ ਜੰਮਣ ਦੀ ਵੀ ਸੰਭਾਵਨਾ ਹੈ। ਇਸ ਤਰ੍ਹਾਂ ਦਾ ਮੌਸਮ ਅਕਸਰ ਸਰਦੀਆਂ ਦੇ ਅੰਤ ਤੇ ਸਿਆਲਾਂ ਦੇ ਸ਼ੁਰੂ ਵਿੱਚ ਰਹਿੰਦਾ ਹੈ। ਦਿਨ ਵੇਲੇ ਦਾ ਤਾਪਮਾਨ ਮਨਫੀ 10 ਡਿਗਰੀ ਤੱਕ ਪਹੁੰਚਣ ਦੀ ਸੰਭਾਵਨਾ ਹੈ।
ਹੁਣ ਤੱਕ ਪੀਅਰਸਨ ਏਅਰਪੋਰਟ ਉੱਤੇ ਸੱਭ ਤੋਂ ਠੰਢਾ ਦਿਨ ਜਿਹੜਾ ਦਰਜ ਕੀਤਾ ਗਿਆ ਹੈ ਉਹ ਹੈ 28 ਜਨਵਰੀ ਤੇ ਉਸ ਦਿਨ ਤਾਪਮਾਨ ਮਨਫੀ 7•8 ਡਿਗਰੀ ਦਰਜ ਕੀਤਾ ਗਿਆ ਸੀ। ਬੁੱਧਵਾਰ ਸਵੇਰ ਨੂੰ ਬਰੂਸ ਪੈਨਿਨਸੁਲਾ ਵਿੱਚ ਮਿਡਲੈਂਡ ਤੋਂ ਪੋਰਟ ਕਾਰਲਿੰਗ ਵਿੱਚ 10 ਤੋਂ 15 ਸੈਂਟੀਮੀਟਰ ਬਰਫਬਾਰੀ ਹੋਣ ਦੀ ਸੰਭਾਵਨਾ ਹੈ।

# ਟੈਕਸਸ ਵਿੱਚ 100 ਤੋਂ ਵੱਧ ਗੱਡੀਆਂ ਆਪਸ ਵਿੱਚ ਟਕਰਾਈਆਂ, 6 ਹਲਾਕ

.....ਪੰਨਾ 1 ਦਾ ਬਾਕੀ

ਇਹ ਹਾਦਸਾ ਸਵੇਰੇ 6:00 ਵਜੇ ਵਾਪਰਿਆ। ਕਈ ਗੱਡੀਆਂ ਦੇ ਆਪਸ ਵਿੱਚ ਟਕਰਾਉਣ ਕਾਰਨ ਲੋਕ ਵੀ ਆਪਣੀਆਂ ਗੱਡੀਆਂ ਵਿੱਚ ਹੀ ਫਸ ਗਏ। ਹਾਦਸਾ ਫੋਰਟ ਵਰਥ ਵਿੱਚ ਅੰਤਰਰਾਜੀ ਲਾਂਘੇ ਦੇ ਨਾਲ ਹੋਇਆ। ਇਸ ਵਿੱਚ ਕਈ ਕਾਰਾਂ ਤੇ 18 ਵ੍ਹੀਲਰ ਟਰੱਕ ਵੀ ਸ਼ਾਮਲ ਸਨ। ਹਾਦਸੇ ਦਾ ਮੰਜਰ ਇਹ ਸੀ ਕਿ ਕਾਰਾਂ ਇੱਕ ਦੇ ਉੱਪਰ ਦੂਜੀ ਚੜ੍ਹੀਆਂ ਪਈਆਂ ਸਨ, ਟਰੈਕਟਰ ਟਰੇਲਰ ਉਲਟੇ ਪਏ ਸਨ ਤੇ ਕਈ ਗੱਡੀਆਂ ਇੱਧਰ ਉੱਧਰ ਖਿੱਲਰੀਆਂ ਪਈਆਂ ਸਨ। ਫਾਇਰ ਫਾਈਟਰਜ਼ ਮੌਕੇ ਉੱਤੇ ਪਹੁੰਚ ਕੇ ਲੋਕਾਂ ਦੀ ਮਦਦ ਕਰ ਰਹੇ ਸਨ।
ਫੋਰਟ ਵਰਥ ਪੁਲਿਸ ਤੇ ਫਾਇਰ ਡਿਪਾਰਟਮੈਂਟਸ ਨਾਲ ਰਲ ਕੇ ਕੰਮ ਕਰ ਰਹੀ ਐਮਰਜੰਸੀ ਸਰਵਿਸਿਜ਼ ਏਜੰਸੀ ਮੈੱਡਸਟਾਰ ਮੋਬਾਈਲ ਹੈਲਥਕੇਅਰ ਦੇ ਬੁਲਾਰੇ ਮੈਟ ਜ਼ਾਵਾਦਸਕੀ ਨੇ ਦੱਸਿਆ ਕਿ 36 ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ, ਇਨ੍ਹਾਂ ਵਿੱਚੋਂ ਤਿੰਨ ਦੀ ਹਾਲਤ ਨਾਜ਼ੁਕ ਸੀ। ਸਾਰੇ ਦਿਨ ਵਿੱਚ ਇਲਾਕੇ ਦੇ ਕਈ ਹਸਪਤਾਲਾਂ ਵਿੱਚੋਂ 65 ਵਿਅਕਤੀਆਂ ਨੇ ਆਪਣਾ ਇਲਾਜ ਕਰਵਾਇਆ ਤੇ ਇਨ੍ਹਾਂ ਨੰਬਰਾਂ ਵਿੱਚ ਹੋਰ ਵਾਧਾ ਹੋਣ ਦੀ ਸੰਭਾਵਨਾ ਸੀ। ਜ਼ਖ਼ਮੀ ਵਿਅਕਤੀਆਂ ਵਿੱਚ ਚਾਰ ਅਧਿਕਾਰੀ ਵੀ ਸ਼ਾਮਲ ਸਨ ਤੇ ਉਨ੍ਹਾਂ ਨੂੰ ਇਲਾਜ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ।
ਇੱਕ ਨਿਊਜ਼ ਕਾਨਫਰੰਸ ਵਿੱਚ ਫੋਰਡ ਵਰਥ ਪੁਲਿਸ ਦੇ ਆਫੀਸਰ ਡੈਨੀਅਲ ਸਗੂਰਾ ਨੇ ਆਖਿਆ ਕਿ ਇਸ ਹਾਦਸੇ ਵਿੱਚ 100 ਤੋਂ ਵੱਧ ਗੱਡੀਆਂ ਸ਼ਾਮਲ ਸਨ ਤੇ ਇੱਕ ਮੀਲ ਤੱਕ ਗੱਡੀਆਂ ਦਾ ਮਲਬਾ ਫੈਲਿਆ ਹੋਇਆ ਸੀ।

# ਏਅਰ ਕੈਨੇਡਾ ਵੱਲੋਂ ਏਅਰ ਟਰਾਂਜ਼ੈਟ ਨੂੰ ਖਰੀਦੇ ਜਾਣ ਦੇ ਪ੍ਰਸਤਾਵ ਨੂੰ ਫੈਡਰਲ ਸਰਕਾਰ ਨੇ ਦਿੱਤੀ ਮਨਜ਼ੂਰੀ




ਟੋਰਾਂਟੋ, 11 ਫਰਵਰੀ (ਪੋਸਟ ਬਿਊਰੋ) : ਏਅਰ ਕੈਨੇਡਾ ਵੱਲੋਂ ਏਅਰ ਟਰਾਂਜ਼ੈਟ ਨੂੰ ਖਰੀਦੇ ਜਾਣ ਦੇ ਪ੍ਰਸਤਾਵ ਨੂੰ ਫੈਡਰਲ ਸਰਕਾਰ ਵੱਲੋਂ ਹਰੀ ਝੰਡੀ ਦੇ ਦਿੱਤੀ ਗਈ ਹੈ। ਇਹ ਜਾਣਕਾਰੀ ਟਰਾਂਸਪੋਰਟ ਕੈਨੇਡਾ ਵੱਲੋਂ ਦਿੱਤੀ ਗਈ।
ਇੱਕ ਰਲੀਜ਼ ਵਿੱਚ ਦਿੱਤੀ ਗਈ ਜਾਣਕਾਰੀ ਅਨੁਸਾਰ ਟਰਾਂਸਪੋਰਟ ਮੰਤਰੀ ਓਮਰ ਅਲਘਬਰਾ ਨੇ ਇਹ ਐਲਾਨ ਕੀਤਾ ਕਿ ਕੈਨੇਡਾ ਸਰਕਾਰ ਵੱਲੋਂ ਟਰਾਂਜ਼ੈਟ ਏਟੀ ਇਨਕਾਰਪੋਰੇਸ਼ਨ ਨੂੰ ਏਅਰ ਕੈਨੇਡਾ ਵੱਲੋਂ ਖਰੀਦੇ ਜਾਣ ਦੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਇਹ ਡੀਲ ਸਖ਼ਤ ਟਰਮਜ਼ ਤੇ ਕੰਡੀਸ਼ਨਜ਼ ਤਹਿਤ ਹੋਵੇਗੀ,ਜੋ ਕਿ ਕੈਨੇਡੀਅਨਾਂ ਦੇ ਹਿੱਤ ਵਿੱਚ ਹੋਣਗੀਆਂ।
ਦਸੰਬਰ 2020 ਵਿੱਚ ਏਅਰ ਟਰਾਂਜ਼ੈਟ ਨੇ ਆਖਿਆ ਸੀ ਕਿ ਕੋਵਿਡ-19 ਮਹਾਂਮਾਰੀ ਕਾਰਨ ਉਨ੍ਹਾਂ ਦੇ ਕਾਰੋਬਾਰ ਨੂੰ ਵੱਡਾ ਨੁਕਸਾਨ ਪਹੁੰਚਿਆ ਹੈ। ਇਸੇ ਕਾਰਨ ਹੀ ਏਅਰਲਾਈਨ ਨੂੰ ਕਾਫੀ ਵਿੱਤੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਜ਼ਿਕਰਯੋਗ ਹੈ ਕਿ ਕੋਵਿਡ-19 ਮਹਾਂਮਾਰੀ ਕਾਰਨ ਸਮੁੱਚੀ ਕੈਨੇਡੀਅਨ ਏਅਰ ਇੰਡਸਟਰੀ ਨੂੰ ਹੀ ਵੱਡਾ ਨੁਕਸਾਨ ਪਹੁੰਚਿਆ ਸੀ। ਏਅਰ ਕੈਨੇਡਾ ਵੱਲੋਂ ਮੰਗਲਵਾਰ ਨੂੰ ਆਪਣੇ 1500 ਮੁਲਾਜ਼ਮਾਂ ਦੀ ਛਾਂਗੀ ਕਰਨ ਦਾ ਐਲਾਨ ਕੀਤਾ ਗਿਆ ਸੀ, ਜਨਵਰੀ ਵਿੱਚ ਵੀ ਏਅਰਲਾਈਨ ਵੱਲੋਂ 1700 ਛਾਂਗੀਆਂ ਕੀਤੀਆਂ ਗਈਆਂ ਸਨ। ਏਅਰਲਾਈਨ ਨੇ ਆਪਣੀ ਰੂਜ਼ ਲਾਈਨ ਦੀਆਂ ਸੇਵਾਵਾਂ ਵੀ 8 ਫਰਵਰੀ ਨੂੰ ਰੋਕ ਦਿੱਤੀਆਂ ਤੇ 80 ਮੁਲਾਜ਼ਮਾਂ ਦੀ ਛਾਂਗੀ ਕਰ ਦਿੱਤੀ।

# 1600 ਕਰਮਚਾਰੀਆਂ ਦੀ ਛਾਂਗੀ ਕਰੇਗੀ ਬੰਬਾਰਡੀਅਰ

.....ਪੰਨਾ 1 ਦਾ ਬਾਕੀ

ਬੰਬਾਰਡੀਅਰ ਨੇ ਇਹ ਵੀ ਆਖਿਆ ਕਿ ਉਹ ਇਸ ਸਾਲ ਦੇ ਅੰਤ ਤੱਕ ਲੀਅਰਜੈੱਟ ਏਅਰਕ੍ਰਾਫਟ ਦਾ ਉਤਪਾਦਨ ਵੀ ਬੰਦ ਕਰ ਦੇਵੇਗੀ ਤੇ ਇਸ ਦੀ ਥਾਂ ਉੱਤੇ ਕੰਪਨੀ ਵਧੇਰੇ ਮੁਨਾਫੇ ਵਾਲੇ ਆਪਣੇ ਚੈਲੈਂਜਰ ਤੇ ਗਲੋਬਲ ਏਅਰਕ੍ਰਾਫਟ ਨਾਲ ਜੁੜੇ ਕੰਮਾਂ ਉੱਤੇ ਧਿਆਨ ਕੇਂਦਰਿਤ ਕਰੇਗਾ। ਕੰਪਨੀ ਦਾ ਕਹਿਣਾ ਹੈ ਕਿ ਇਨ੍ਹਾਂ ਕਟੌਤੀਆਂ ਨਾਲ ਇਸ ਸਾਲ ਦੇ ਅੰਤ ਤੱਕ ਉਨ੍ਹਾਂ ਦੀ ਵਰਕਫੋਰਸ 13000 ਰਹਿ ਜਾਵੇਗੀ।
ਇਹ ਕਦਮ ਉਸ ਸਮੇਂ ਚੁੱਕਿਆ ਗਿਆ ਹੈ ਜਦੋਂ ਬੰਬਾਰਡੀਅਰ ਨੂੰ 31 ਦਸੰਬਰ ਨੂੰ ਖ਼ਤਮ ਹੋਈ ਤਿਮਾਹੀ ਵਿੱਚ 337 ਮਿਲੀਅਨ ਡਾਲਰ ਦਾ ਘਾਟਾ ਹੋਇਆ ਜਦਕਿ ਇੱਕ ਸਾਲ ਪਹਿਲਾਂ ਕੰਪਨੀ ਨੂੰ 1.72 ਬਿਲੀਅਨ ਡਾਲਰ ਦਾ ਘਾਟਾ ਪਿਆ ਸੀ। ਇਸੇ ਦੌਰਾਨ ਕੰਪਨੀ ਦੀ ਆਮਦਨ 2.34 ਬਿਲੀਅਨ ਡਾਲਰ ਰਹੀ ਜੋ ਕਿ 2.41 ਬਿਲੀਅਨ ਡਾਲਰ ਤੋਂ ਘੱਟ ਸੀ।

# ਐਨਐਲ ਦੇ ਐਵਲੌਨ ਪੈਨਿਨਸੁਲਾ ਵਿੱਚ ਪ੍ਰੋਵਿੰਸ਼ੀਅਲ ਚੋਣਾਂ ਮੁਲਤਵੀ



ਸੇਂਟ ਜੌਹਨਜ਼,11 ਫਰਵਰੀ (ਪੋਸਟ ਬਿਊਰੋ) : ਨਿਊਫਾਊਂਡਲੈਂਡ ਐਂਡ ਲੈਬਰਾਡੋਰ ਦੀ ਚੋਣ ਅਥਾਰਟੀ ਵੱਲੋਂ ਸ਼ਨਿੱਚਰਵਾਰ ਨੂੰ ਸੇਂਟ ਜੌਹਨਜ਼ ਦੀ ਸ਼ਮੂਲੀਅਤ ਵਾਲੇ ਐਵਲੌਨ ਪੈਨਿਨਸੁਲਾ ਵਿੱਚ ਸ਼ਨਿੱਚਰਵਾਰ ਨੂੰ ਹੋਣ ਜਾ ਰਹੀਆਂ ਪ੍ਰੋਵਿੰਸ਼ੀਅਲ ਚੋਣਾਂ ਮੁਲਤਵੀ ਕਰ ਦਿੱਤੀਆਂ ਗਈਆਂ ਹਨ।
ਪ੍ਰੋਵਿੰਸ ਦੇ ਹੋਰਨਾਂ ਹਿੱਸਿਆਂ ਵਿੱਚ ਚੋਣਾਂ ਨਿਰਧਾਰਤ ਸ਼ਡਿਊਲ ਅਨੁਸਾਰ ਹੀ ਹੋਣਗੀਆਂ ਪਰ ਨਤੀਜੇ ਉਦੋਂ ਤੱਕ ਨਹੀਂ ਐਲਾਨੇ ਜਾਣਗੇ ਜਦੋਂ ਤੱਕ ਸਾਰੀ ਪ੍ਰੋਵਿੰਸ ਵਿੱਚ ਚੋਣਾਂ ਨਹੀਂ ਕਰਵਾ ਲਈਆਂ ਜਾਂਦੀਆਂ। ਵੀਰਵਾਰ ਨੂੰ ਜਾਰੀ ਕੀਤੀ ਗਈ ਰਲੀਜ਼ ਅਨੁਸਾਰ ਇਲੈਕਸ਼ਨਜ਼ ਐਨਐਲ ਅਧਿਕਾਰੀਆਂ ਨੇ ਆਖਿਆ ਕਿ ਇਸ ਇਲਾਕੇ ਵਿੱਚ ਕੋਵਿਡ-19 ਦੇ ਵੱਧ ਰਹੇ ਮਾਮਲਿਆਂ ਕਾਰਨ ਉਨ੍ਹਾਂ ਕੋਲ ਐਨਾ ਸਟਾਫ ਨਹੀਂ ਹੈ ਕਿ ਉਹ ਉੱਥੇ ਚੋਣਾਂ ਕਰਵਾਉਣ।
ਰਲੀਜ਼ ਵਿੱਚ ਆਖਿਆ ਗਿਆ ਕਿ ਇਨ ਪਰਸਨ ਵੋਟਿੰਗ 18 ਡਿਸਟ੍ਰਿਕਟਸ ਵਿੱਚ ਮੁਲਤਵੀ ਕਰ ਦਿੱਤੀ ਗਈ ਹੈ ਤੇ ਡਾਕ ਰਾਹੀਂ ਵੋਟਿੰਗ ਦੇ ਬਦਲ ਵਿੱਚ ਵੀ ਵਾਧਾ ਕਰ ਦਿੱਤਾ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਬੁੱਧਵਾਰ ਨੂੰ ਕੋਵਿਡ-19 ਦੇ 53 ਨਵੇਂ ਮਾਮਲੇ ਰਿਕਾਰਡ ਕੀਤੇ ਗਏ ਤੇ ਮੈਟਰੋ ਸੇਂਟ ਜੌਹਨਜ਼ ਵਿੱਚ ਅੰਸ਼ਕ ਤੌਰ ਉੱਤੇ ਲਾਕਡਾਊਨ ਸਬੰਧੀ ਮਾਪਦੰਡ ਲਾਗੂ ਕਰ ਦਿੱਤੇ ਗਏ।

# ਰਾਇਰਸਨ ਯੂਨੀਵਰਸਿਟੀ ਦੇ ਰੌਜਰਜ਼ ਸਾਈਬਰਸਕਿਓਰ ਕੈਟਾਲਿਸਟ ਲਈ ਕੈਨੇਡਾ ਸਰਕਾਰ ਵੱਲੋਂ ਵਿੱਤੀ ਮੱਦਦ ਦਾ ਐਲਾਨ



ਬਰੈਂਪਟਨ, 11 ਫਰਵਰੀ (ਪੋਸਟ ਬਿਊਰੋ) : ਟੈਕਨੋਲਾਜੀਕਲ ਇਨੋਵੇਸ਼ਨ ਨਾਲ ਜਿੱਥੇ ਡਿਜੀਟਲ ਟਰਾਂਸਫਰਮੇਸ਼ਨ ਨੂੰ ਬਲ ਮਿਲਿਆ ਤੇ ਕੌਮਾਂਤਰੀ ਪੱਧਰ ਉੱਤੇ ਮੁਕਾਬਲੇਬਾਜ਼ੀ ਵਧੀ ਉੱਥੇ ਹੀ ਮੌਜੂਦਾ ਇੰਡਸਟਰੀਜ਼ ਦੀ ਕਾਇਆ ਵੀ ਪਲਟ ਗਈ ਤੇ ਨਵੀਆਂ ਮਾਰਕਿਟ ਦੇ ਰਾਹ ਖੁੱਲ੍ਹ ਗਏ। ਇਸ ਦੌਰਾਨ ਕੋਵਿਡ-19 ਮਹਾਂਮਾਰੀ ਕਾਰਨ ਦੁਨੀਆਂ ਭਰ ਵਿੱਚ ਡਿਜੀਟਲ ਟੈਕਨੌਲੋਜੀ ਦੇ ਬਦਲ ਅਪਣਾਉਣ ਕਾਰਨ ਸਾਈਬਰਸਕਿਊਰਿਟੀ ਦੀ ਅਹਿਮੀਅਤ ਦੀ ਲੋੜ ਵੀ ਮਹਿਸੂਸ ਹੋਈ।
ਜਿਵੇਂ ਅਸੀਂ ਵਿਕਾਸ ਕਰਨ ਅਤੇ ਰਿਕਵਰ ਕਰਨ ਦੇ ਰਾਹ ਲੱਭਦੇ ਹਾਂ ਉਸ ਦੇ ਨਾਲ ਹੀ ਸੇਫ ਤੇ ਸਕਿਓਰ ਸਾਈਬਰ ਸਪੇਸ ਸਿਰਜਣਾ ਕੈਨੇਡਾ ਦੀ ਮੁਕਾਬਲੇਬਾਜ਼ੀ, ਆਰਥਿਕ ਸਥਿਰਤਾ ਤੇ ਖ਼ੁਸ਼ਹਾਲੀ ਲਈ ਕਾਫੀ ਅਹਿਮ ਹੈ।
ਅੱਜ ਰਾਇਰਸਨ ਯੂਨੀਵਰਸਿਟੀ ਦੇ ਕੈਟਾਲਿਸਟ ਸਾਈਬਰ ਰੇਂਜ ਦੀ ਵਰਚੂਅਲ ਲਾਂਚ ਸਮੇਂ ਇਕਨੌਕਿਮ ਡਿਵੈਲਪਮੈਂਟ ਐਂਡ ਆਫੀਸ਼ੀਅਲ ਲੈਂਗੁਏਜਿਜ਼ ਮੰਤਰੀ ਦੀ ਪਾਰਲੀਆਮੈਂਟਰੀ ਸਕੱਤਰ ਕੇਟ ਯੰਗ ਨੇ ਰਾਇਰਸਨ ਯੂਨੀਵਰਸਿਟੀ ਦੇ ਰੌਜਰਜ਼ ਸਾਈਬਰਸਕਿਓਰ ਕੈਟਾਲਿਸਟ ਲਈ 660,000 ਡਾਲਰ ਦੇ ਨੇੜੇ ਤੇੜੇ ਫੈੱਡ ਡੇਵ ਓਨਟਾਰੀਓ ਨਿਵੇਸ਼ ਦਾ ਐਲਾਨ ਕੀਤਾ। ਇਹ ਉਪਰਾਲਾ ਪੀਲ ਰੀਜਨ ਦੇ ਉਨ੍ਹਾਂ ਵਰਕਰਜ਼ ਦੀ ਭਲਾਈ ਲਈ ਕੀਤਾ ਜਾ ਰਿਹਾ ਹੈ ਜਿਨ੍ਹਾਂ ਦਾ ਕੋਵਿਡ-19 ਮਹਾਂਮਾਰੀ ਕਾਰਨ ਨੁਕਸਾਨ ਹੋਇਆ ਹੈ।
ਇਸ ਸਹਿਯੋਗ ਨਾਲ ਪੀਲ ਰੀਜਨ ਯੰਗ ਵਰਕਰ ਸਾਇਬਰਸਕਿਊਰਿਟੀ ਟਰੇਨਿੰਗ ਪ੍ਰੋਗਰਾਮ ਤਿਆਰ ਕਰਨ ਲਈ ਰੌਜਰਜ਼ ਸਾਈਬਰਸਕਿਓਰ ਕੈਟਾਲਿਸਟ ਰੋਜ਼ਗਾਰ ਸਬੰਧੀ ਫੌਰੀ ਲੋੜਾਂ ਨੂੰ ਪੂਰਾ ਕੀਤਾ ਜਾਵੇਗਾ। ਬੇਰੋਜ਼ਗਾਰਾਂ ਜਾਂ ਅੰਡਰ ਇੰਪਲੌਇਡ ਯੰਗ ਵਰਕਰਜ਼ ਲਈ ਵਰਕਫੋਰਸ ਟਰੇਨਿੰਗ ਪਹਿਲਕਦਮੀ ਨਾਲ ਨਾ ਸਿਰਫ ਨੌਜਵਾਨ ਸਾਈਬਰਸਕਿਊਰਿਟੀ ਪ੍ਰੋਫੈਸ਼ਨਲਜ਼ ਕੈਨੇਡੀਅਨ ਸਾਈਬਰਸਕਿਊਰਿਟੀ ਈਕੋਸਿਸਟਮ ਨਾਲ ਜੁੜਨਗੇ ਸਗੋਂ ਤੇਜ਼ੀ ਨਾਲ ਵਿਕਸਤ ਹੋ ਰਹੇ ਇਸ ਸੈਕਟਰ ਵਿੱਚ ਵੰਨਸੁਵੰਨਤਾ ਵੀ ਆਵੇਗੀ।
ਇਸ ਪ੍ਰੋਗਰਾਮ ਤਹਿਤ ਪੀਲ ਰੀਜਨ ਤੋਂ ਵੱਧ ਸਮਰੱਥਾ ਵਾਲੇ ਲਰਨਰਜ਼ ਨੂੰ ਰਕਰੂਟ ਕੀਤਾ ਜਾਵੇਗਾ ਜਿਨ੍ਹਾਂ ਦਾ ਸਾਈਬਰਸਕਿਊਰਿਟੀ ਵਿੱਚ ਕੋਈ ਪਿਛੋਕੜ ਨਹੀਂ ਹੋਵੇਗਾ। ਇਸ ਲਈ ਸਿਰਫ ਹਾਈ ਸਕੂਲ ਡਿਪਲੋਮੇ ਦੀ ਹੀ ਲੋੜ ਹੈ। ਇਸ ਪ੍ਰੋਗਰਾਮ ਵਿੱਚ ਗ੍ਰੈਜੂਏਟ ਹੋਣ ਵਾਲੇ ਹਰੇਕ ਵਿਅਕਤੀ ਨੂੰ ਸਾਈਬਸਕਿਊਰਿਟੀ ਵਿੱਚ ਦੋ ਕੌਮਾਂਤਰੀ ਮਾਨਤਾ ਪ੍ਰਾਪਤ ਸਰਟੀਫਿਕੇਟ ਦਿੱਤੇ ਜਾਣਗੇ। ਇਹ ਨਵੀਂ ਪਹਿਲਕਦਮੀ ਫਰਵਰੀ ਤੋਂ ਦਸੰਬਰ 2021 ਤੱਕ ਚੱਲੇਗੀ। ਅੱਜ ਦੇ ਐਲਾਨ ਨਾਲ ਰਾਇਰ-ਸਨ ਯੂਨੀਵਰਸਿਟੀ ਦਾ ਰੌਜਰਜ਼ ਸਾਈਬਰਸਕਿਓਰ ਕੈਟਾਲਿਸਟ 10 ਮਿਲੀਅਨ ਡਾਲਰ ਦੇ ਫੈਡਡੇਵ ਓਨਟਾਰੀਓ ਨਿਵੇਸ਼ ਉੱਤੇ ਕਾਇਮ ਹੋਵੇਗਾ।

# ਓਨਟਾਰੀਓ ਵਿੱਚ ਇੱਕ ਮਹੀਨੇ ਲਈ ਮਾਰਚ ਬ੍ਰੇਕ ਕੀਤੀ ਗਈ ਮੁਲਤਵੀ



ਟੋਰਾਂਟੋ, 11 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਦਾ ਕਹਿਣਾ ਹੈ ਕਿ ਉਹ ਵਿਦਿਆਰਥੀਆਂ ਤੇ ਅਧਿਆਪਕਾਂ ਲਈ ਮਾਰਚ ਬ੍ਰੇਕ ਇੱਕ ਮਹੀਨੇ ਤੱਕ ਮੁਲਤਵੀ ਕਰੇਗੀ।
ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਵੀਰਵਾਰ ਦੁਪਹਿਰ ਨੂੰ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਤੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ• ਡੇਵਿਡ ਵਿਲੀਅਮਜ਼ ਦੀ ਹਾਜ਼ਰੀ ਵਿੱਚ ਕੁਈਨ ਪਾਰਕ ਤੋਂ ਇਹ ਐਲਾਨ ਕੀਤਾ। ਇੱਕ ਹਫਤੇ ਦੀ ਬ੍ਰੇਕ, ਜੋ ਕਿ ਅਸਲ ਵਿੱਚ 15 ਤੋਂ 19 ਮਾਰਚ ਨੂੰ ਹੋਣੀ ਸੀ, ਹੁਣ 12 ਅਪਰੈਲ ਵਾਲੇ ਹਫਤੇ ਤੋਂ ਹੋਵੇਗੀ।
ਲਿਚੇ ਨੇ ਆਖਿਆ ਕਿ ਮਾਰਚ ਬ੍ਰੇਕ ਨੂੰ ਰੱਦ ਕਰਨ ਦੀ ਥਾਂ ਇਸ ਨੂੰ ਮੁਲਤਵੀ ਕਰਨ ਨਾਲ ਸਕੂਲਾਂ ਨੂੰ ਕਮਿਊਨਿਟੀ ਟਰਾਂਸਮਿਸ਼ਨ ਨੂੰ ਸੀਮਤ ਕਰਨ ਵਿੱਚ ਮਦਦ ਮਿਲੇਗੀ।
ਉਨ੍ਹਾਂ ਆਖਿਆ ਕਿ ਇਹ ਫੈਸਲਾ ਮੈਡੀਕਲ ਮਾਹਿਰਾਂ ਦੀ ਰਾਇ ਉੱਤੇ ਹੀ ਲਿਆ ਗਿਆ ਹੈ। ਜ਼ਿਕਰਯੋਗ ਹੈ ਕਿ ਓਨਟਾਰੀਓ ਦੇ ਸਕੂਲਾਂ ਵਿੱਚ ਸਰਦ ਰੁੱਤ ਦੀਆਂ ਛੁੱਟੀਆਂ ਤੋਂ ਬਾਅਦ ਵੀ ਆਨਲਾਈਨ ਲਰਨਿੰਗ ਨੂੰ ਹੀ ਤਰਜੀਹ ਦਿੱਤੀ ਗਈ ਪਰ ਕੋਵਿਡ-19 ਮਾਮਲਿਆਂ ਵਿੱਚ ਥੋੜ੍ਹੀ ਕਮੀ ਆਉਣ ਤੋਂ ਬਾਅਦ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਹੁਣ ਹੌਲੀ ਹੌਲੀ ਵਿਦਿਆਰਥੀਆਂ ਨੂੰ ਕਲਾਸਾਂ ਵਿੱਚ ਪਰਤਣ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ।
ਸੋਮਵਾਰ ਨੂੰ 13 ਪਬਲਿਕ ਹੈਲਥ ਯੂਨਿਟਸ ਵਿੱਚ ਸਕੂਲ ਖੋਲ੍ਹ ਦਿੱਤੇ ਗਏ। ਇਨ੍ਹਾਂ ਵਿੱਚ ਦਰਹਾਮ ਤੇ ਹਾਲਟਨ ਰੀਜਨ ਵੀ ਸ਼ਾਮਲ ਹਨ। ਇਸ ਦੌਰਾਨ ਟੋਰਾਂਟੋ, ਯੌਰਕ ਤੇ ਪੀਲ ਰੀਜਨ ਦੇ ਸਕੂਲ 16 ਫਰਵਰੀ ਨੂੰ ਖੋਲ੍ਹੇ ਜਾਣਗੇ।



# 3 ਬੱਚਿਆਂ ਤੇ ਉਨ੍ਹਾਂ ਦੇ ਗ੍ਰੈਂਡਫਾਦਰ ਦੀ ਜਾਨ ਲੈਣ ਵਾਲੇ ਮਾਰਕੋ ਮੁਜ਼ੋ ਦੀ ਫੁੱਲ ਪੈਰੋਲ ਮਨਜ਼ੂਰ



ਟੋਰਾਂਟੋ, 11 ਫਰਵਰੀ (ਪੋਸਟ ਬਿਊਰੋ) : 2015 ਵਿੱਚ ਸ਼ਰਾਬ ਪੀ ਕੇ ਗੱਡੀ ਚਲਾਉਣ ਤੇ ਤਿੰਨ ਬੱਚਿਆਂ ਤੇ ਉਨ੍ਹਾਂ ਦੇ ਗ੍ਰੈਂਡਫਾਦਰ ਦੀ ਜਾਨ ਲੈਣ ਵਾਲੇ ਮਾਰਕੋ ਮੁਜ਼ੋ ਦੀ ਫੁੱਲ ਪੈਰੋਲ ਮਨਜ਼ੂਰ ਕਰ ਲਈ ਗਈ ਹੈ। ਦ ਪੈਰੋਲ ਬੋਰਡ ਆਫ ਕੈਨੇਡਾ ਵੱਲੋਂ ਮੰਗਲਵਾਰ ਨੂੰ ਵਰਚੂਅਲ ਸੁਣਵਾਈ ਦੌਰਾਨ ਇਹ ਫੈਸਲਾ ਸੁਣਾਇਆ। ਵੀਡੀਓ ਕਾਨਫਰੰਸ ਰਾਹੀਂ ਬੋਰਡ ਸਾਹਮਣੇ ਪੇਸ਼ ਹੋਏ ਮੁਜ਼ੋ ਨੇ ਕਾਲੇ ਰੰਗ ਦੀ ਸ਼ਰਟ, ਫੇਸ ਮਾਸਕ ਤੇ ਸ਼ੀਲਡ ਪਾਈ ਹੋਈ ਸੀ। ਉਸ ਨੇ ਹਾਦਸੇ ਦਾ ਸ਼ਿਕਾਰ ਹੋਏ ਲੋਕਾਂ ਦਾ ਨਾਂ ਪਹਿਲੀ ਵਾਰੀ ਲੈਂਦਿਆਂ ਆਖਿਆ ਕਿ ਉਹ ਉਨ੍ਹਾਂ ਲਈ ਅਰਦਾਸ ਕਰਦਾ ਹੈ, ਉਸ ਦਾ ਮਨ ਖੂਨ ਦੇ ਹੰਝੂ ਕੇਰਦਾ ਹੈ। ਉਸ ਨੂੰ ਅਹਿਸਾਸ ਹੈ ਕਿ ਉਸ ਨੇ ਤਿੰਨ ਪਿਆਰੇ ਬੱਚਿਆਂ ਡੈਨੀਅਲ, ਹੈਰੀ ਤੇ ਮਿਲੀ ਦੇ ਨਾਲ ਨਾਲ ਉਨ੍ਹਾਂ ਦੇ ਗ੍ਰੈਂਡਫਾਦਰ ਗੈਰੀ ਦੀਆਂ ਜਾਨਾਂ ਲੈ ਲਈਆਂ।

ਮਾਰੇ ਗਏ ਬੱਚਿਆਂ ਦੀ ਮਾਂ ਜੈਨੀਫਰ ਨੈਵਿਲ-ਲੇਕ ਵੱਲੋਂ ਪੜ੍ਹੇ ਗਏ ਬਿਆਨ ਤੋਂ ਬਾਅਦ ਮੁਜ਼ੋ ਨੇ ਆਪਣਾ ਬਿਆਨ ਪੜ੍ਹਿਆ। 34 ਸਾਲਾਂ ਨੂੰ ਢੁੱਕੇ ਮੁਜ਼ੋ ਨੂੰ ਅਪਰੈਲ 2020 ਵਿੱਚ ਪਹਿਲੀ ਵਾਰੀ ਡੇਅ ਪੈਰੋਲ ਦਿੱਤੀ ਗਈ ਸੀ। ਫਿਰ ਉਸ ਨੂੰ ਨਵੰਬਰ ਵਿੱਚ ਛੇ ਮਹੀਨਿਆਂ ਲਈ ਹੋਰ ਡੇਅ ਪੈਰੋਲ ਦਿੱਤੀ ਗਈ। ਜਦੋਂ ਇਹ ਹਾਦਸਾ ਹੋਇਆ ਉਸ ਸਮੇਂ ਮੁਜ਼ੋ ਟੋਰਾਂਟੋ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਤੋਂ ਆਪਣੇ ਘਰ ਪਰਤ ਰਿਹਾ ਸੀ। ਉਹ ਮਾਇਆਮੀ ਤੋਂ ਆਪਣੀ ਬੈਚਲਰ ਪਾਰਟੀ ਦੇ ਜਸ਼ਨ ਮਨਾ ਕੇ ਪਰਤਿਆ ਸੀ।

ਮੁਜ਼ੋ ਆਪਣੀ ਜੀਪ ਵਿੱਚ ਵਾਪਿਸ ਆ ਰਿਹਾ ਸੀ ਕਿ ਇੱਕ ਸਟੌਪ ਸਾਈਨ ਉੱਤੇ ਨਾ ਰੁਕਦਿਆਂ ਹੋਇਆਂ ਉਸ ਨੇ ਆਪਣੀ ਗੱਡੀ ਦੀ ਰਫਤਾਰ ਤੇਜ਼ ਕਰ ਦਿੱਤੀ ਤੇ ਇਸ ਪਰਿਵਾਰ ਦੀ ਮਿਨੀ ਵੈਨ ਨਾਲ ਜਾ ਟਕਰਾਇਆ। ਬੱਚਿਆਂ ਦੀ 64 ਸਾਲਾ ਗ੍ਰੈਂਡਮਦਰ ਤੇ 91 ਸਾਲਾ ਗ੍ਰੇਟ ਗੈਂਡਮਦਰ ਵੀ ਗੱਡੀ ਵਿੱਚ ਹੀ ਮੌਜੂਦ ਸਨ ਤੇ ਉਹ ਵੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈਆਂ। ਪ੍ਰਾਪਤ ਜਾਣਕਾਰੀ ਅਨੁਸਾਰ ਮੌਕੇ ਉੱਤੇ ਪਹੁੰਚੇ ਪੁਲਿਸ ਅਧਿਕਾਰੀ ਨੇ ਪਾਇਆ ਕਿ ਮੁਜ਼ੋ ਦੀਆਂ ਅੱਖਾਂ ਨਸ਼ੀਲੀਆਂ ਸਨ, ਉਸ ਨੇ ਸ਼ਰਾਬ ਪੀਤੀ ਹੋਈ ਸੀ ਤੇ ਉਸ ਨੇ ਆਪਣੀ ਪੈਂਟ ਵਿੱਚ ਹੀ ਪਿਸ਼ਾਬ ਵੀ ਕੀਤਾ ਹੋਇਆ ਸੀ।

# ਓਟੂਲ ਨੇ ਸ਼ੈਡੋ ਕੈਬਨਿਟ ਵਿੱਚ ਕੀਤੀ ਫੇਰਬਦਲ



ਓਟਵਾ, 11 ਫਰਵਰੀ (ਪੋਸਟ ਬਿਊਰੋ) : ਕੰਜ਼ਰਵੇਟਿਵ ਆਗੂ ਐਰਿਨ ਓਟੂਲ ਵੱਲੋਂ ਆਪਣੇ ਸ਼ੈਡੋ ਕੈਬਨਿਟ ਵਿੱਚ ਕੁੱਝ ਫੇਰਬਦਲ ਕੀਤੇ ਗਏ ਹਨ। ਅਜਿਹਾ ਕਰਕੇ ਓਟੂਲ ਪਾਰਟੀ ਦੀਆਂ ਉਨ੍ਹਾਂ ਯੋਜਨਾਂਵਾਂ ਵੱਲ ਧਿਆਨ ਦਿਵਾਉਣਾ ਚਾਹੁੰਦੇ ਹਨ ਜਿਨ੍ਹਾਂ ਵਿੱਚ ਅਜਿਹੀ ਸਰਕਾਰ ਦੀ ਚੋਣ ਦੀ ਅਹਿਮੀਅਤ ਦਰਸਾਈ ਗਈ ਹੈ ਜਿਹੜੀ ਮਹਾਂਮਾਰੀ ਤੋਂ ਬਾਅਦ ਕੈਨੇਡੀਅਨ ਅਰਥਚਾਰੇ ਨੂੰ ਮੁੜ ਪੈਰਾਂ ਸਿਰ ਕਰਨ ਨੂੰ ਤਰਜੀਹ ਦੇਵੇ। ਇਸ ਫੇਰਬਦਲ ਵਿੱਚ ਕਈ ਐਮਪੀਜ਼ ਨੂੰ ਮੁੜ ਅਸਾਈਨ ਕੀਤਾ ਗਿਆ ਹੈ ਤੇ ਕੁੱਝ ਨਵੇਂ ਚਿਹਰਿਆਂ ਨੂੰ ਵੀ ਸ਼ੈਡੋ ਕੈਬਨਿਟ ਵਿੱਚ ਸ਼ਾਮਲ ਕੀਤਾ ਗਿਆ ਹੈ। ਐਬਸਫੋਰਡ, ਬੀਸੀ ਤੋਂ ਐਮਪੀ ਐਡ ਫਾਸਟ ਨੂੰ ਵਿੱਤ ਕ੍ਰਿਟਿਕ ਦਾ ਅਹੁਦਾ ਦਿੱਤਾ ਗਿਆ ਹੈ, ਕਾਰਲਟਨ, ਓਨਟਾਰੀਓ ਤੋਂ ਐਮਪੀ ਪਿਏਰੇ ਪੋਇਲਿਵਰ ਨੂੰ ਫਾਇਨਾਂਸ ਦੀ ਥਾਂ ਜੌਬਜ਼ ਐਂਡ ਇੰਡਸਟਰੀ ਕ੍ਰਿਟਿਕ ਥਾਪਿਆ ਗਿਆ ਹੈ। ਇੱਥੇ ਦੱਸਣਾ ਬਣਦਾ ਹੈ ਕਿ ਫਾਸਟ ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੇ ਮੰਤਰੀ ਮੰਡਲ ਵਿੱਚ ਕੌਮਾਂਤਰੀ ਟਰੇਡ ਮੰਤਰੀ ਸਨ ਤੇ ਉਹ ਉਸ ਸਮੇਂ ਸੁਰਖੀਆਂ ਵਿੱਚ ਆਏ ਸਨ ਜਦੋਂ ਉਨ੍ਹਾਂ ਐਂਡਰਿਊ ਸ਼ੀਅਰ ਦੀ ਅਗਵਾਈ ਵਿੱਚ ਕ੍ਰਿਟਿਕ ਦੀ ਭੂਮਿਕਾ ਨਿਭਾਉਣ ਤੋਂ ਮਨ੍ਹਾਂ ਕਰ ਦਿੱਤਾ ਸੀ।

ਪਾਰਟੀ ਦੀ ਪਿੱਛੇ ਜਿਹੇ ਹੋਈ ਲੀਡਰਸ਼ਿਪ ਦੌੜ ਵਿੱਚ ਪਿੱਛੇ ਰਹਿਣ ਵਾਲੇ ਪੋਇਲਿਵਰ ਨੇ ਹਮੇਸ਼ਾਂ ਕੰਜ਼ਰਵੇਟਿਵ ਕਾਕਸ ਵੱਲੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਦੀਆਂ ਨੀਤੀਆਂ ਦੀ ਕੀਤੀ ਜਾਣ ਵਾਲੀ ਨੁਕਤਾਚੀਨੀ ਵਿੱਚ ਮੂਹਰੇ ਰਹਿ ਕੇ ਹਿੱਸਾ ਲਿਆ। ਓਟੂਲ ਨੇ ਕੋਵਿਡ-19 ਇਕਨੌਮਿਕ ਰਿਕਵਰੀ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਵਿਸ਼ੇਸ਼ ਕ੍ਰਿਟਿਕ ਦਾ ਅਹੁਦਾ ਕਾਇਮ ਕੀਤਾ ਹੈ ਜਿਸ ਦੀ ਜ਼ਿੰਮੇਵਾਰੀ ਐਡਮੰਟਨ ਸੈਂਟਰ, ਅਲਬਰਟਾ ਤੋਂ ਐਮਪੀ ਜੇਮਜ਼ ਕਮਿੰਗ ਨੂੰ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਫਿਊਚਰ ਵਰਕਫੋਰਸ ਡਿਵੈਲਪਮੈਂਟ ਦਾ ਅਹੁਦਾ ਕਿਲਡੋਨੈਨ-ਸ਼ੇਅ ਪਾਲ, ਮੈਨੀਟੋਬਾ ਤੋਂ ਐਮਪੀ ਰੈਕੁਅਲ ਡੈਂਚੋ ਸਾਂਭਣਗੇ।

ਇੱਕ ਬਿਆਨ ਵਿੱਚ ਓਟੂਲ ਨੇ ਆਖਿਆ ਕਿ ਕੈਨੇਡੀਅਨ ਆਪਣੇ ਆਰਥਿਕ ਭਵਿੱਖ ਨੂੰ ਲੈ ਕੇ ਚਿੰਤਤ ਹਨ। ਉਨ੍ਹਾਂ ਆਖਿਆ ਕਿ ਸਾਡੀ ਟੀਮ ਮਹਾਂਮਾਰੀ ਤੋਂ ਬਾਅਦ ਅਰਥਚਾਰੇ ਨੂੰ ਲੀਹ ਉੱਤੇ ਲਿਆਉਣ ਵੱਲ ਧਿਆਨ ਕੇਂਦਰਿਤ ਕਰਕੇ ਕੈਨੇਡੀਅਨਾਂ ਨੂੰ ਮੁੜ ਕੰਮ ਧੰਦੇ ਉੱਤੇ ਲਾਉਣ ਲਈ ਪੂਰਾ ਜ਼ੋਰ ਲਾਵੇਗੀ। ਲੰਮੇਂ ਸਮੇਂ ਤੋਂ ਕੰਜ਼ਰਵੇਟਿਵ ਐਮਪੀਜ਼ ਰਹੇ ਪੀਟਰ ਕੈਂਟ ਤੇ ਕੈਥੀ ਮੈਕਲਿਓਡ ਵੱਲੋਂ ਅਗਲੀਆਂ ਫੈਡਰਲ ਚੋਣਾਂ ਵਿੱਚ ਹਿੱਸਾ ਨਾ ਲੈਣ ਸਬੰਧੀ ਪਹਿਲਾਂ ਹੀ ਕੀਤੇ ਜਾ ਚੁੱਕੇ ਐਲਾਨ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਦੀਆਂ ਭੂਮਿਕਾਵਾਂ ਕਿਸੇ ਹੋਰ ਨੂੰ ਸੌਂਪਣ ਲਈ ਵੀ ਇਹ ਫੇਰਬਦਲ ਕੀਤਾ ਗਿਆ ਹੈ।

# ਸਿਟੀਜ਼ ਲਈ ਪਬਲਿਕ ਟਰਾਂਜ਼ਿਟ ਫੰਡਿੰਗ ਦਾ ਟਰੂਡੋ ਨੇ ਪ੍ਰਗਟਾਇਆ ਤਹੱਈਆ



ਓਟਵਾ, 11 ਫਰਵਰੀ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਦੇਸ਼ ਭਰ ਵਿੱਚ ਪਬਲਿਕ ਟਰਾਂਜ਼ਿਟ ਪ੍ਰੋਜੈਕਟਸ ਲਈ ਫੈਡਰਲ ਸਰਕਾਰ 15 ਬਿਲੀਅਨ ਡਾਲਰ ਮੁਹੱਈਆ ਕਰਾਵੇਗੀ ਹਾਲਾਂਕਿ ਬਹੁਤਾ ਪੈਸਾ ਇਸ ਦਹਾਕੇ ਦੇ ਅੰਤ ਤੱਕ ਨਹੀਂ ਆਉਣ ਵਾਲਾ।

ਟਰੂਡੋ ਨੇ ਆਖਿਆ ਕਿ ਵਾਅਦੇ ਮੁਤਾਬਕ ਨਵੇਂ ਪਬਲਿਕ ਟਰਾਂਜ਼ਿਟ ਫੰਡਿੰਗ ਲਈ 14.9 ਬਿਲੀਅਨ ਡਾਲਰ ਦੀ ਇਹ ਰਕਮ ਅੱਠ ਸਾਲਾਂ ਦੇ ਅਰਸੇ ਵਿੱਚ ਵੰਡੀ ਜਾਵੇਗੀ ਤੇ ਇਹ ਰਕਮ 2026 ਤੋਂ ਮਿਲਣੀ ਸ਼ੁਰੂ ਹੋਵੇਗੀ। ਸਾਲ ਦਾ 3 ਬਿਲੀਅਨ ਡਾਲਰ ਦਾ ਸਥਾਈ ਪਬਲਿਕ ਟਰਾਂਜ਼ਿਟ ਫੰਡ 2026-27 ਵਿੱਚ ਸ਼ੁਰੂ ਹੋਵੇਗਾ। ਇਸ ਤਰ੍ਹਾਂ ਦੀ ਸਥਿਰ ਫੰਡਿੰਗ ਦੀ ਸਿਟੀਜ਼ ਵੱਲੋਂ ਲੰਮੇਂ ਸਮੇਂ ਤੋਂ ਮੰਗ ਕੀਤੀ ਜਾ ਰਹੀ ਸੀ। ਫੈਡਰੇਸ਼ਨ ਆਫ ਕੈਨੇਡੀਅਨ ਮਿਊਂਸਪੈਲਿਟੀਜ਼ ਵੱਲੋਂ ਸਰਕਾਰ ਦੇ ਇਸ ਫੈਸਲੇ ਦੀ ਸ਼ਲਾਘਾ ਕੀਤੀ ਜਾ ਰਹੀ ਹੈ।

ਇਨ੍ਹਾਂ ਨਵੇਂ ਫੰਡਾਂ ਨਾਲ ਸਿਟੀਜ਼ ਨੂੰ ਆਪਣੀਆਂ ਲੰਮੇਂ ਸਮੇਂ ਤੋਂ ਰੁਕੀਆਂ ਹੋਈਆਂ ਯੋਜਨਾਵਾਂ ਨੂੰ ਪੂਰਾ ਕਰਨ ਵਿੱਚ ਮਦਦ ਮਿਲੇਗੀ ਜਦਕਿ ਕੈਨੇਡੀਅਨ ਨੂੰ ਦੂਰ ਨੇੜੇ ਆਉਣਾ ਜਾਣਾ ਸੌਖਾ ਹੋ ਜਾਵੇਗਾ ਤੇ ਕਲਾਈਮੇਟ ਚੇਂਜ ਨਾਲ ਲੜਨਾ ਵੀ ਸੁਖਾਲਾ ਹੋ ਜਾਵੇਗਾ। ਟਰੂਡੋ ਨੇ ਆਖਿਆ ਕਿ ਇਸ ਤਰ੍ਹਾਂ ਦੇ ਨਿਵੇਸ਼ ਨਾਲ ਕੈਨੇਡਾ ਆਪਣੇ ਕਲਾਈਮੇਟ ਟੀਚਿਆਂ ਨੂੰ ਇਲੈਕਟ੍ਰੀਫਾਈਂਗ ਫਲੀਟਸ ਰਾਹੀਂ ਪੂਰਾ ਕਰ ਸਕੇਗਾ ਤੇ ਇਸ ਤਰ੍ਹਾਂ ਬਹੁਤੇ ਲੋਕ ਆਪਣੀਆਂ ਕਾਰਾਂ ਨੂੰ ਛੱਡ ਕੇ ਟਰਾਂਜ਼ਿਟ ਦੀ ਵਰਤੋਂ ਕਰਨੀ ਸ਼ੁਰੂ ਕਰਨਗੇ। ਇਹ ਰਕਮ ਵੱਡੇ ਟਰਾਂਜ਼ਿਟ ਪ੍ਰੋਜੈਕਟ ਜਿਵੇਂ ਕਿ ਸਬਵੇਅ ਐਕਸਟੈਂਸ਼ਨਜ਼ ਤੇ ਜ਼ੀਰੋ ਰਿਸਾਅ ਵਾਲੇ ਵਾਹਨਾਂ ਦੇ ਫਲੀਟ ਨੂੰ ਇਲੈਕਟ੍ਰੀਫਾਈ ਕਰਨ ਵਿੱਚ ਮਦਦ ਮਿਲੇਗੀ।

ਇਨਫਰਾਸਟ੍ਰਕਚਰ ਮੰਤਰੀ ਦੇ ਆਫਿਸ ਨੇ ਦੱਸਿਆ ਕਿ 5.9 ਬਿਲੀਅਨ ਡਾਲਰ ਹੁਣ ਤੇ 2026 ਦਰਮਿਆਨ ਖਰਚਿਆ ਜਾਵੇਗਾ ਤੇ ਬਾਕੀ ਰਹਿੰਦਾ 9 ਬਿਲੀਅਨ ਡਾਲਰ ਨਵੇਂ ਪਰਮਾਨੈਂਟ ਫੰਡ ਤੋਂ ਹਾਸਲ ਹੋਵੇਗਾ।

# ਟੈਕਸੀ ਸਕੈਮ ਬਾਰੇ ਟੋਰਾਂਟੋ ਪੁਲਿਸ ਵੱਲੋਂ ਚੇਤਾਵਨੀ

ਟੋਰਾਂਟੋ, 11 ਫਰਵਰੀ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਵੱਲੋਂ ਸਾਰਿਆਂ ਨੂੰ ਇੱਕ ਟੈਕਸੀ ਸਕੈਮ ਬਾਰੇ ਚੇਤਾਵਨੀ ਦਿੱਤੀ ਜਾ ਰਹੀ ਹੈ ਜੋ ਕਿ ਅੱਜਕੱਲ੍ਹ ਟੋਰਾਂਟੋ ਵਿੱਚ ਪੂਰੀ ਤਰ੍ਹਾਂ ਸਰਗਰਮ ਹੈ।

ਪੁਲਿਸ ਦਾ ਕਹਿਣਾ ਹੈ ਕਿ ਇਸ ਵਿੱਚ ਇੱਕ ਵਿਅਕਤੀ ਕੈਬ ਡਰਾਈਵਰ ਬਣਦਾ ਹੈ ਤੇ ਦੂਜਾ ਕਸਟਮਰ ਬਣਦਾ ਹੈ। ਜਾਅਲੀ ਕਸਟਮਰ ਕਿਸੇ ਕੋਲ ਪਹੁੰਚ ਕਰਕੇ ਉਸ ਨੂੰ ਆਪਣਾ ਕਿਰਾਇਆ ਦੇਣ ਵਿੱਚ ਮਦਦ ਕਰਨ ਲਈ ਆਖਦਾ ਹੈ ਤੇ ਉਸ ਨੂੰ ਕਾਰਨ ਇਹ ਦੱਸਿਆ ਜਾਂਦਾ ਹੈ ਕਿ ਕੋਵਿਡ-19 ਕਾਰਨ ਡਰਾਈਵਰ ਨੇ ਨਕਦ ਕਿਰਾਇਆ ਲੈਣ ਤੋਂ ਇਨਕਾਰ ਕਰ ਦਿੱਤਾ। ਫਿਰ ਉਹ ਮਦਦ ਕਰਨ ਵਾਲੇ ਵਿਅਕਤੀ ਨੂੰ ਕੈਸ਼ ਬਦਲੇ ਪੈਸੇ ਦੇਣ ਲਈ ਆਪਣੇ ਡੈਬਿਟ ਜਾਂ ਕ੍ਰੈਡਿਟ ਕਾਰਡ ਦੀ ਵਰਤੋਂ ਕਰਨ ਲਈ ਆਖਦੇ ਹਨ।

ਫਿਰ ਮਦਦ ਕਰਨ ਵਾਲਾ ਸੇਲ ਟਰਮੀਨਲ ਵਾਲੇ ਸੋਧੇ ਹੋਏ ਪੁਆਇੰਟ ਉੱਤੇ ਉਸ ਵਿਅਕਤੀ ਨੂੰ ਆਪਣਾ ਪਿੰਨ ਭਰਨ ਲਈ ਆਖਦਾ ਹੈ ਤੇ ਡਿਵਾਈਸ ਕਾਰਡ ਦਾ ਡਾਟਾ ਤੇ ਪਿੰਨ ਰਿਕਾਰਡ ਕਰ ਲੈਂਦੀ ਹੈ। ਇਸ ਲੈਣ ਦੇਣ ਤੋਂ ਬਾਅਦ ਮਦਦ ਕਰਨ ਵਾਲੇ ਨੂੰ ਉਸ ਦੇ ਬੈਂਕ ਕਾਰਡ ਨਾਲ ਮੇਲ ਖਾਂਦਾ ਕਾਰਡ ਮੋੜ ਦਿੱਤਾ ਜਾਂਦਾ ਹੈ ਜਿਹੜਾ ਉਸ ਨੇ ਵਰਤਿਆ ਹੁੰਦਾ ਹੈ।

ਫਿਰ ਫਰਾਡ ਕਰਨ ਵਾਲਿਆਂ ਕੋਲ ਉਸ ਵਿਅਕਤੀ ਦਾ ਅਸਲ ਡੈਬਿਟ ਕਾਰਡ ਆ ਜਾਂਦਾ ਹੈ ਤੇ ਉਹ ਮਨਮਰਜ਼ੀ ਨਾਲ ਉਸ ਦੀ ਵਰਤੋਂ ਖਰੀਦਦਾਰੀ ਕਰਨ ਤੇ ਪੈਸੇ ਕਢਵਾਉਣ ਲਈ ਕਰਦੇ ਹਨ। ਪੁਲਿਸ ਵੱਲੋਂ ਲੋਕਾਂ ਨੂੰ ਇਹ ਚੇਤਾਵਨੀ ਦਿੱਤੀ ਜਾ ਰਹੀ ਹੈ ਕਿ ਕਿਸੇ ਵੀ ਅਣਪਛਾਤੇ ਵਿਅਕਤੀ ਲਈ ਕਿਸੇ ਵੀ ਤਰ੍ਹਾਂ ਦੀ ਅਦਾਇਗੀ ਨਾ ਕੀਤੀ ਜਾਵੇ ਤੇ ਕੈਸ਼ ਬਦਲੇ ਕਿਸੇ ਨੂੰ ਆਪਣਾ ਨਿਜੀ ਕਾਰਡ ਨਾ ਵਰਤਣ ਦਿੱਤਾ ਜਾਵੇ।

# ਪੁਲਿਸ ਨੇ ਡਾਕਾ ਮਾਰਨ ਵਾਲੇ 5 ਵਿਅਕਤੀਆਂ ਨੂੰ ਕੀਤਾ ਗ੍ਰਿਫਤਾਰ

## ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਵਿੱਚ ਚਾਰ ਟੀਨੇਜਰਜ਼



ਬਰੈਂਪਟਨ, 11 ਫਰਵਰੀ (ਪੋਸਟ ਬਿਊਰੋ) : ਬੰਦੂਕ ਦੀ ਨੋਕ ਉੱਤੇ ਵੁੱਡਸਟੌਕ ਵਿੱਚ ਇੱਕ ਵਿੱਤੀ ਸੰਸਥਾ ਨੂੰ ਲੁੱਟਣ ਵਾਲੇ ਪੰਜ ਵਿਅਕਤੀਆਂ ਨੂੰ ਪੀਲ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਹੈ। ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਵਿੱਚ ਚਾਰ ਟੀਨੇਜਰਜ਼ ਵੀ ਹਨ।

ਵੁੱਡਸਟੌਕ ਪੁਲਿਸ ਸਰਵਿਸ ਦੇ ਸਹਿਯੋਗ ਨਾਲ ਪੀਲ ਦੇ ਜਾਂਚਕਾਰਾਂ ਨੂੰ ਮੰਗਲਵਾਰ ਨੂੰ 2:00 ਵਜੇ ਦੇ ਨੇੜੇ ਤੇੜੇ ਉਦੋਂ ਇਸ ਘਟਨਾ ਤੋਂ ਜਾਣੂ ਕਰਵਾਇਆ ਗਿਆ ਜਦੋਂ ਮਸ਼ਕੂਕਾਂ ਦਾ ਇੱਕ ਗਰੁੱਪ ਬਰੈਂਪਟਨ ਤੋਂ ਚੋਰੀ ਹੋਈ ਕਾਰ ਲੈ ਕੇ ਇੱਕ ਬੈਂਕ ਵਿੱਚ ਪਹੁੰਚਿਆ। ਪੁਲਿਸ ਨੇ ਦੱਸਿਆ ਕਿ ਡਾਕੇ ਦੌਰਾਨ ਇੱਕ ਮਸ਼ਕੂਕ ਨੇ ਹਥਿਆਰ ਨਾਲ ਕਸਟਮਰ ਉੱਤੇ ਵਾਰ ਕੀਤਾ। ਬੈਂਕ ਦੇ ਕਰਮਚਾਰੀਆਂ ਤੇ ਕਸਟਮਰਜ਼ ਨੂੰ ਬੈਂਕ ਵਿੱਚ ਹੀ ਜ਼ਿੱਪ ਟਾਈਜ਼ ਨਾਲ ਬੰਨ੍ਹ ਕੇ ਬੰਦੀ ਬਣਾ ਲਿਆ ਗਿਆ।

ਦੋ ਘੰਟੇ ਬਾਅਦ ਦੁਪਹਿਰੇ 4:00 ਵਜੇ ਪੀਲ ਦੇ ਜਾਂਚਕਾਰਾਂ ਨੂੰ ਮਿਸੀਸਾਗਾ ਵਿੱਚ ਉਹ ਚੋਰੀ ਦੀ ਕਾਰ ਮਿਲ ਗਈ ਤੇ ਉਨ੍ਹਾਂ ਪੰਜ ਮਸ਼ਕੂਕਾਂ ਨੂੰ ਗ੍ਰਿਫਤਾਰ ਕਰ ਲਿਆ। ਇਸ ਵਿੱਚ ਡਾਕੇ ਵਿੱਚ ਸ਼ਾਮਲ ਦੂਜੀ ਗੱਡੀ ਦਾ ਡਰਾਈਵਰ ਵੀ ਸੀ। ਗ੍ਰਿਫਤਾਰੀ ਦੌਰਾਨ ਨਕਲੀ ਹਥਿਆਰ ਵੀ ਬਰਾਮਦ ਹੋਇਆ। ਇਸ ਦੌਰਾਨ ਮੇਪਲ ਦੇ 19 ਸਾਲਾ ਐਂਥਨੀ ਮਿਸ਼ੇਲ, ਬਰੈਂਪਟਨ ਦੇ 19 ਸਾਲਾ ਐਲੀਜਾਹ ਕ੍ਰੌਮਵੈੱਲ, ਮਿਸੀਸਾਗਾ ਦੇ 16 ਤੇ 14 ਸਾਲਾਂ ਦੇ ਦੋ ਲੜਕਿਆਂ ਅਤੇ ਮਿਸੀਸਾਗਾ ਦੀ ਹੀ 21 ਸਾਲਾ ਲੜਕੀ ਡੈਫਨੀ ਟ੍ਰੈਨ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਨ੍ਹਾਂ ਸਾਰਿਆਂ ਨੂੰ ਬੁੱਧਵਾਰ ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਗਿਆ।

# ਮਨੁੱਖੀ ਸਮਗਲਿੰਗ ਕਰਨ ਵਾਲੇ ਛੇ ਵਿਅਕਤੀਆਂ ਨੂੰ ਕੀਤਾ ਗਿਆ ਚਾਰਜ




ਓਨਟਾਰੀਓ, 11 ਫਰਵਰੀ (ਪੋਸਟ ਬਿਊਰੋ) : ਆਰਸੀਐਮਪੀ ਦਾ ਕਹਿਣਾ ਹੈ ਕਿ ਮਨੁੱਖੀ ਸਮਗਲਿੰਗ ਦੇ ਸਬੰਧ ਵਿੱਚ ਛੇ ਵਿਅਕਤੀਆਂ ਨੂੰ ਚਾਰਜ ਕੀਤਾ ਗਿਆ ਹੈ। ਇਨ੍ਹਾਂ ਵਿਅਕਤੀਆਂ ਉੱਤੇ ਇਹ ਦੋਸ਼ ਲਾਇਆ ਗਿਆ ਹੈ ਕਿ ਇਹ ਆਪਣੀਆਂ ਕੰਪਨੀਆਂ ਰਾਹੀਂ ਕੰਮ ਕਰਵਾਉਣ ਲਈ ਮੈਕਸਿਕੋ ਤੋਂ ਵਰਕਰਜ਼ ਨੂੰ ਕੈਨੇਡਾ ਲਿਆਉਂਦੇ ਸਨ।

ਪੁਲਿਸ ਦਾ ਕਹਿਣਾ ਹੈ ਕਿ ਵਿਦੇਸ਼ੀ ਨਾਗਰਿਕ ਟੋਰਾਂਟੋ, ਮਾਂਟਰੀਅਲ, ਹੈਮਿਲਟਨ, ਓਨਟਾਰੀਓ ਦੇ ਏਅਰਪੋਰਟਸ ਰਾਹੀਂ ਵਿਜ਼ੀਟਰਜ਼ ਵਜੋਂ ਕੈਨੇਡਾ ਦਾਖਲ ਹੁੰਦੇ ਸਨ ਤੇ ਫਿਰ ਇਨ੍ਹਾਂ ਦੋਸ਼ੀਆਂ ਵੱਲੋਂ ਆਪਰੇਟ ਕੀਤੀਆਂ ਜਾਣ ਵਾਲੀਆਂ ਇੰਪਲੌਇਮੈਂਟ ਏਜੰਸੀਆਂ ਰਾਹੀਂ ਕੰਮ ਕਰਦੇ ਸਨ। ਮਾਊਂਟੀਜ਼ ਤੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਵੱਲੋਂ ਕਰਵਾਈ ਗਈ ਸਾਂਝੀ ਜਾਂਚ ਵਿੱਚ ਸਾਹਮਣੇ ਆਇਆ ਕਿ ਇਨ੍ਹਾਂ ਵਰਕਰਜ਼ ਦਾ ਸ਼ੋਸ਼ਣ ਕੀਤਾ ਜਾਂਦਾ ਸੀ।

ਪੁਲਿਸ ਦਾ ਕਹਿਣਾ ਹੈ ਕਿ ਸਾਲ 2019 ਵਿੱਚ ਜੁਲਾਈ ਤੇ ਸਤੰਬਰ ਵਿੱਚ ਕੀਤੀ ਗਈ ਛਾਣਬੀਣ ਦੌਰਾਨ ਇਹ ਸਾਹਮਣੇ ਆਇਆ ਕਿ 80 ਵਿਦੇਸ਼ੀ ਨਾਗਰਿਕ, ਜੋ ਕਿ ਹੈਮਿਲਟਨ ਤੇ ਮਿਲਟਨ, ਓਨਟਾਰੀਓ ਵਿੱਚ ਰਹਿ ਰਹੇ ਸਨ, ਖਟਮਲਾਂ, ਕੌਕਰੋਚਾਂ ਤੇ ਹੋਰਨਾਂ ਪਰਜੀਵੀਆਂ ਤੋਂ ਪ੍ਰਭਾਵਿਤ ਹੋਏ। ਜਾਂਚਕਾਰਾਂ ਨੇ ਦੱਸਿਆ ਕਿ ਇਨ੍ਹਾਂ ਇੰਪਲੌਇਮੈਂਟ ਏਜੰਸੀਆਂ ਵਿੱਚ ਨੌਰਾ ਸਰਵਿਸਿਜ਼, ਟ੍ਰਿਲੀਅਮ ਮੈਨੇਜਮੈਂਟ ਤੇ ਬ੍ਰਾਇਨ ਐਂਟਰਪ੍ਰਾਇਸਿਜ਼ ਏਜੰਸੀ ਸ਼ਾਮਲ ਹੈ।

ਮਸ਼ਕੂਕਾਂ ਨੂੰ 8 ਮਾਰਚ ਨੂੰ ਹੈਮਿਲਟਨ ਦੀ ਅਦਾਲਤ ਸਾਹਮਣੇ ਪੇਸ਼ ਕੀਤਾ ਜਾਵੇਗਾ। ਇਸ ਸਬੰਧ ਵਿੱਚ 33 ਸਾਲਾ ਕ੍ਰਿਸਚੀਅਨ ਵਿਟੇਲਾ, 47 ਸਾਲਾ ਮਾਰੀਓ ਰੋਕਾ ਮੋਰੇਲਜ਼, 60 ਸਾਲਾ ਚਿਆਂਗ ਕਿੰਮ, 43 ਸਾਲਾ ਮਿਊਰਲ ਬ੍ਰੈਕਾਮੌਂਟ, 36 ਸਾਲਾ ਰਿਵੇਰਾ ਫਰੈਂਕੋ, 55 ਸਾਲਾ ਮਿਰੀਅਮ ਵਿਟੇਲਾ ਨੂੰ ਮਨੁੱਖੀ ਸਮਗਲਿੰਗ ਲਈ ਚਾਰਜ ਕੀਤਾ ਗਿਆ ਹੈ।

# ਡੈਨਫੋਰਥ ਵਿੱਚ ਸ਼ੂਟਿੰਗ ਮਗਰੋਂ ਇੱਕ ਵਿਅਕਤੀ ਦੀ ਹੋਈ ਮੌਤ



ਟੋਰਾਂਟੋ, 11 ਫਰਵਰੀ (ਪੋਸਟ ਬਿਊਰੋ) : ਮੰਗਲਵਾਰ ਰਾਤ ਨੂੰ ਡੈਨਫੋਰਥ ਦੇ ਪੂਰਬੀ ਹਿੱਸੇ ਵਿੱਚ ਸਥਿਤ ਇੱਕ ਇਮਾਰਤ ਦੇ ਪਾਰਕਿੰਗ ਗੈਰਾਜ ਵਿੱਚ ਚੱਲੀ ਗੋਲੀ ਤੋਂ ਬਾਅਦ ਇੱਕ ਵਿਅਕਤੀ ਦੀ ਮੌਤ ਹੋ ਗਈ।

ਟੋਰਾਂਟੋ ਪੁਲਿਸ ਤੇ ਪੈਰਾਮੈਡਿਕਸ ਨੂੰ ਇਸ ਘਟਨਾ ਦੀ ਖਬਰ ਰਾਤੀਂ 10:30 ਵਜੇ ਮਿਲੀ। ਪੁਲਿਸ ਦਾ ਕਹਿਣਾ ਹੈ ਕਿ ਇੱਕ ਰਾਹਗੀਰ ਨੇ ਹੀ ਇੱਕ ਵਿਅਕਤੀ ਨੂੰ ਜ਼ਖ਼ਮੀ ਹਾਲਤ ਵਿੱਚ ਵੇਖਿਆ। ਜਦੋਂ ਕ੍ਰਿਊ ਮੌਕੇ ਉੱਤੇ ਪਹੁੰਚਿਆ ਤਾਂ ਉਨ੍ਹਾਂ ਨੂੰ ਇੱਕ ਵਿਅਕਤੀ ਬੇਸੁੱਧ ਹਾਲਤ ਵਿੱਚ ਮਿਲਿਆ, ਉਹ ਗੋਲੀਆਂ ਲੱਗਣ ਕਾਰਨ ਗੰਭੀਰ ਰੂਪ ਵਿੱਚ ਜ਼ਖ਼ਮੀ ਸੀ।

ਪੈਰਾਮੈਡਿਕਸ ਨੇ ਉਸ ਵਿਅਕਤੀ ਨੂੰ ਸੀਪੀਆਰ ਦੇਣੀ ਸ਼ੁਰੂ ਕੀਤੀ ਪਰ ਥੋੜ੍ਹੀ ਦੇਰ ਬਾਅਦ ਉਸ ਵਿਅਕਤੀ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਦਾ ਕਹਿਣਾ ਹੈ ਕਿ ਉਸ ਇਲਾਕੇ ਵਿੱਚੋਂ ਗੋਲੀਆਂ ਦੇ ਖੋਲ ਵੀ ਮਿਲੇ ਤੇ ਹੋਮੀਸਾਈਡ ਯੂਨਿਟ ਵੱਲੋਂ ਇਸ ਮਾਮਲੇ ਦੀ ਜਾਂਚ ਆਪਣੇ ਹੱਥ ਵਿੱਚ ਲੈ ਲਈ ਗਈ ਹੈ। ਹਾਲ ਦੀ ਘੜੀ ਕਿਸੇ ਮਸ਼ਕੂਕ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ।

# ਟੈਸਟ ਸਬੰਧੀ ਜਾਅਲੀ ਦਸਤਾਵੇਜ਼ ਪੇਸ਼ ਕਰਨ ਉੱਤੇ ਕੋਵਿਡ ਪਾਜ਼ੀਟਿਵ ਵਿਅਕਤੀ ਨੂੰ ਕੀਤਾ ਗਿਆ ਚਾਰਜ



ਟੋਰਾਂਟੋ, 11 ਫਰਵਰੀ (ਪੋਸਟ ਬਿਊਰੋ) : ਟੋਰਾਂਟੋ ਦੇ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਉੱਤੇ ਕੋਵਿਡ ਪਾਜ਼ੀਟਿਵ ਵਿਅਕਤੀ ਵੱਲੋਂ ਆਪਣੇ ਟੈਸਟ ਦੀ ਜਾਅਲੀ ਤੇ ਨੈਗੇਟਿਵ ਰਿਪੋਰਟ ਪੇਸ਼ ਕਰਨ ਉੱਤੇ ਪੀਲ ਪੁਲਿਸ ਵੱਲੋਂ ਉਸ ਵਿਅਕਤੀ ਨੂੰ ਚਾਰਜ ਕੀਤਾ ਗਿਆ ਹੈ।

ਇੱਕ ਰਲੀਜ਼ ਵਿੱਚ ਪੁਲਿਸ ਨੇ ਆਖਿਆ ਕਿ ਇਹ ਘਟਨਾ 8 ਫਰਵਰੀ ਨੂੰ ਸ਼ਾਮੀਂ 7:00 ਵਜੇ ਵਾਪਰੀ। ਕੈਨੇਡੀਅਨ ਬਾਰਡਰ ਸਰਵਿਸਿਜ਼ ਏਜੰਸੀ (ਸੀਬੀਐਸਏ) ਦੇ ਅਧਿਕਾਰੀ ਵੱਲੋਂ ਪੀਅਰਸਨ ਉੱਤੇ ਜਾਂਚ ਕੀਤੀ ਜਾ ਰਹੀ ਸੀ ਜਦੋਂ ਇਸ ਵਿਅਕਤੀ ਦੇ ਕੋਵਿਡ-19 ਦਸਤਾਵੇਜ਼ ਜਾਅਲੀ ਪਾਏ ਗਏ। ਅਧਿਕਾਰੀਆਂ ਨੇ ਦੱਸਿਆ ਕਿ ਅਸਲ ਵਿੱਚ ਉਹ ਵਿਅਕਤੀ ਕੋਵਿਡ ਪਾਜ਼ੀਟਿਵ ਸੀ। ਸਟਰੈਟਫੋਰਡ ਦੇ 29 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਉਸ ਨੂੰ ਗੈਰਕਾਨੂੰਨੀ ਢੰਗ ਨਾਲ ਜਾਅਲੀ ਦਸਤਾਵੇਜ਼ ਤਿਆਰ ਕਰਨ ਤੇ ਉਨ੍ਹਾਂ ਦਸਤਾਵੇਜ਼ਾਂ ਦੀ ਵਰਤੋਂ ਕਰਨ ਲਈ ਚਾਰਜ ਕੀਤਾ ਗਿਆ।

ਬਾਅਦ ਵਿੱਚ ਉਸ ਨੂੰ ਹਿਰਾਸਤ ਵਿੱਚੋਂ ਰਿਹਾਅ ਕਰ ਦਿੱਤਾ ਗਿਆ ਤੇ ਹੁਣ ਉਸ ਨੂੰ 19 ਅਪਰੈਲ, 2021 ਨੂੰ ਬਰੈਂਪਟਨ ਦੀ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਪੀਲ ਪੁਲਿਸ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਪਬਲਿਕ ਹੈਲਥ ਨਾਲ ਗੱਲਬਾਤ ਤੋਂ ਸਾਹਮਣੇ ਆਇਆ ਕਿ ਐਚਪੀਪੀਏ ਜਾਂ ਐਮਰਜੰਸੀ ਮੈਨੇਜਮੈਂਟ ਐਕਟ ਤਹਿਤ ਕੋਈ ਵਾਧੂ ਅਫੈਂਸ ਨਹੀਂ ਹਨ ਤੇ ਉਨ੍ਹਾਂ ਵੱਲੋਂ ਸਬੰਧਤ ਵਿਅਕਤੀ ਨੂੰ ਆਪਣਾ ਕੁਆਰਨਟੀਨ ਪੀਰੀਅਡ ਪੂਰਾ ਕਰਨ ਲਈ ਹੋਟਲ ਭੇਜ ਦਿੱਤਾ ਗਿਆ ਹੈ।

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ShetGill Law Firm
Barrister, Solicitor & Notary Public

Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters

Paramjit Singh Gill
(MBA,LL.B.)
Tel: 905-790-3636



2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਕੈਨੇਡਾ ਦੇ ਕਈ ਹਿੱਸਿਆਂ ਵਿੱਚ ਠੰਢ ਦਾ ਜ਼ੋਰ ਵਧਿਆ



ਟੋਰਾਂਟੋ, 11 ਫਰਵਰੀ (ਪੋਸਟ ਬਿਊਰੋ) : ਕੈਨੇਡਾ ਵਿੱਚ ਐਤਵਾਰ ਨੂੰ ਸੱਭ ਤੋਂ ਵੱਧ ਠੰਢਾ ਦਿਨ ਰਿਹਾ। ਦੇਸ਼ ਦੇ ਬਹੁਤੇ ਹਿੱਸਿਆਂ ਵਿੱਚ ਪੋਲਰ ਵਰਟੈਕਸ (ਧਰੁਵੀ ਚੱਕਰਵਾਤ) ਕਾਰਨ ਠੰਢ ਵਿੱਚ ਵਾਧਾ ਦਰਜ ਕੀਤਾ ਗਿਆ।

ਐਨਵਾਇਰਮੈਂਟ ਕੈਨੇਡਾ ਦੀ ਮੌਸਮ ਸਬੰਧੀ ਰਿਪੋਰਟ ਅਨੁਸਾਰ ਨੌਰਥਵੈਸਟ ਟੈਰੇਟਰੀਜ਼ ਦੇ ਵੈਕਵੀਟੀ ਇਲਾਕੇ ਵਿੱਚ ਮਨਫੀ 51.9 ਡਿਗਰੀ ਤਾਪਮਾਨ ਦਰਜ ਕੀਤਾ ਗਿਆ, ਏਜੰਸੀ ਦਾ ਕਹਿਣਾ ਹੈ ਕਿ ਪਿਛਲੇ ਚਾਰ ਸਾਲਾਂ ਵਿੱਚ ਕੈਨੇਡਾ ਦਾ ਇਹ ਸੱਭ ਤੋਂ ਠੰਢਾ ਤਾਪਮਾਨ ਹੈ। ਐਨਵਾਇਰਮੈਂਟ ਕੈਨੇਡਾ ਦੇ ਮੌਸਮ ਵਿਗਿਆਨੀ ਟੈਰੀ ਲੈਂਗ ਨੇ ਸੋਮਵਾਰ ਨੂੰ ਆਖਿਆ ਕਿ ਆਖਰੀ ਵਾਰੀ ਕੈਨੇਡਾ ਵਿੱਚ ਐਨਾ ਤਾਪਮਾਨ ਮਾਰਚ 2017 ਵਿੱਚ ਦਰਜ ਕੀਤਾ ਗਿਆ ਸੀ ਉਸ ਸਮੇਂ ਮੋਲਡ ਬੇਅ ਵਿੱਚ ਤਾਪਮਾਨ ਮਨਫੀ 54.7 ਡਿਗਰੀ ਤੱਕ ਅੱਪੜ ਗਿਆ ਸੀ। ਲੈਂਗ ਨੇ ਆਖਿਆ ਕਿ ਪੱਛਮੀ ਕੈਨੇਡਾ ਵਿੱਚ ਹੱਢ ਜਮਾ ਦੇਣ ਵਾਲੀ ਠੰਢ ਪੋਲਰ ਵਰਟੈਕਸ ਦੀ ਬਦੌਲਤ ਹੈ ਤੇ ਠੰਡੀਆਂ ਹਵਾਵਾਂ ਕਾਰਨ ਕਈ ਇਲਾਕਿਆਂ ਵਿੱਚ ਤਾਪਮਾਨ ਮਨਫੀ 60 ਡਿਗਰੀ ਤੱਕ ਮਹਿਸੂਸ ਹੋ ਸਕਦਾ ਹੈ। ਏਜੰਸੀ ਦਾ ਕਹਿਣਾ ਹੈ ਕਿ ਇਸ ਨਾਲ ਪੱਛਮੀ ਪ੍ਰੋਵਿੰਸਾਂ, ਯੂਰੇਨੀਅਮ ਸਿਟੀ (ਸਸਕੈਚਵਨ), ਫੋਰਟ ਚਿਪਾ-ਵਆਨ (ਅਲਬਰਟਾ),ਅਲਬਰਟਾ, ਮੈਨੀਟੋਬਾ, ਬ੍ਰਿਟਿਸ਼ ਕੋਲੰਬੀਆ,ਪੂਰੇ ਪ੍ਰੇਰੀਜ਼, ਨਿਊਫਾਊਂਡਲੈਂਡ ਐਂਡ ਲੈਬਰਾਡੋਰ ਦੇ ਕਈ ਹਿੱਸਿਆਂ ਵਿੱਚ ਠੰਢ ਦਾ ਜ਼ੋਰ ਕਾਫੀ ਵੱਧ ਗਿਆ ਜਦਕਿ ਪੂਰਬੀ ਨੁਨਾਵਤ ਦੇ ਕਈ ਹਿੱਸਿਆਂ ਵਿੱਚ ਮੁਕਾਬਲਤਨ ਘੱਟ ਠੰਢ ਰਹੀ।

ਏਜੰਸੀ ਨੇ ਦੱਸਿਆ ਕਿ ਓਨਟਾਰੀਓ ਵਿੱਚ ਵੀ ਠੰਢ ਦਾ ਜ਼ੋਰ ਵਧਿਆ ਹੈ ਤੇ ਕਿਊਬਿਕ ਦੇ ਕਈ ਹਿੱਸੇ ਪਿਛਲੇ ਹਫਤੇ ਦੇ ਬਰਫੀਲੇ ਤੂਫਾਨ ਤੋਂ ਹੀ ਅਜੇ ਤੱਕ ਬਾਹਰ ਨਹੀਂ ਆ ਸਕੇ ਹਨ।

# ਸਤੰਬਰ ਤੱਕ ਵੈਕਸੀਨੇਸ਼ਨ ਮੁਕੰਮਲ ਹੋਣ ਦੇ ਮੁੱਦੇ 'ਤੇ ਦੋ ਹਿੱਸਿਆਂ ਵਿਚ ਵੰਡੇ ਕੈਨੇਡੀਅਨ : ਨੈਨੋਜ਼ ਸਰਵੇਖਣ

ਓਟਵਾ, 11 ਫਰਵਰੀ (ਪੋਸਟ ਬਿਊਰੋ) : ਇੱਕ ਨਵੇਂ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ ਕੈਨੇਡੀਅਨ ਪ੍ਰਧਾਨ ਮੰਤਰੀ ਦੇ ਇਸ ਵਾਅਦੇ ਨੂੰ ਲੈ ਕੇ ਵੰਡੇ ਗਏ ਹਨ ਕਿ ਜਿਸ ਕਿਸੇ ਨੂੰ ਕੋਵਿਡ-19 ਵੈਕਸੀਨ ਚਾਹੀਦੀ ਹੈ ਉਹ ਸਤੰਬਰ ਤੱਕ ਮਿਲ ਜਾਵੇਗੀ।

ਨੈਨੋਜ਼ ਰਿਸਰਚ ਵੱਲੋਂ ਕਰਵਾਏ ਗਏ ਸਰਵੇਖਣ ਵਿੱਚ ਹਿੱਸਾ ਲੈਣ ਵਾਲੇ 50 ਫੀ ਸਦੀ ਕੈਨੇਡੀਅਨ ਜਾਂ ਤਾਂ ਇਹ ਮੰਨਦੇ ਹਨ ਜਾਂ ਕਿਸੇ ਹੱਦ ਤੱਕ ਇਹ ਮੰਨਦੇ ਹਨ ਕਿ ਸਾਰੇ ਕੈਨੇਡੀਅਨਾਂ ਨੂੰ 2021 ਸਤੰਬਰ ਤੱਕ ਵੈਕਸੀਨ ਹਾਸਲ ਹੋ ਜਾਵੇਗੀ ਜਦਕਿ 47 ਫੀ ਸਦੀ ਕਿਸੇ ਤਰ੍ਹਾਂ ਦੀ ਸਮਾਂ ਸੀਮਾਂ ਜਾਂ ਕਿਸੇ ਹੱਦ ਤੱਕ ਸਮਾਂ ਸੀਮਾਂ ਨੂੰ ਨਹੀਂ ਮੰਨਦੇ। ਨੈਨੋਜ਼ ਰਿਸਰਚ ਦੇ ਬਾਨੀ ਨਿੱਕ ਨੈਨੋਜ਼ ਨੇ ਆਖਿਆ ਕਿ 2021 ਦੇ ਸਤੰਬਰ ਮਹੀਨੇ ਤੱਕ ਸਾਰੇ ਕੈਨੇਡੀਅਨਾਂ ਦਾ ਟੀਕਾਕਰਣ ਮੁਕੰਮਲ ਹੋਣ ਦਾ ਜਿਹੜਾ ਇੱਕ ਯਕੀਨ ਸੀ ਉਹ ਹੁਣ ਓਨਾ ਮਜ਼ਬੂਤ ਨਹੀਂ ਰਹਿ ਗਿਆ।

ਵੈਕਸੀਨ ਦੀ ਖੇਪ ਵਿੱਚ ਵਾਰੀ ਵਾਰੀ ਹੋਣ ਵਾਲੀ ਦੇਰ ਦੇ ਬਾਵਜੂਦ ਟਰੂਡੋ ਨੂੰ ਅਜੇ ਵੀ ਇਹ ਪੱਕਾ ਯਕੀਨ ਹੈ ਕਿ ਕੈਨੇਡਾ ਅਜੇ ਵੀ ਪਹਿਲਾਂ ਵਾਲੇ ਪਲੈਨ



ਮੁਤਾਬਕ ਸਮੇਂ ਸਿਰ ਆਪਣਾ ਟੀਚਾ ਪੂਰਾ ਕਰ ਲਵੇਗਾ। ਟਰੂਡੋ ਨੇ ਪਿਛਲੇ ਹਫਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਉਨ੍ਹਾਂ ਦੀ ਲੱਗਭਗ ਰੋਜ਼ਾਨਾ ਹੀ ਇਨ੍ਹਾਂ ਵੈਕਸੀਨ ਕੰਪਨੀਆਂ ਦੇ ਸੀਈਓਜ਼ ਨਾਲ ਗੱਲਬਾਤ ਹੋਈ ਹੈ ਤੇ ਉਨ੍ਹਾਂ ਵੱਲੋਂ ਇਹੋ ਯਕੀਨ ਦਿਵਾਇਆ ਗਿਆ ਹੈ ਕਿ ਉਹ ਆਪਣੇ ਵੱਲੋਂ ਕੀਤੇ ਵਾਅਦੇ ਪੂਰੇ ਕਰਨਗੇ। ਟਰੂਡੋ ਨੂੰ ਇਹ ਵੀ ਭਰੋਸਾ ਹੈ ਕਿ ਇਨ੍ਹਾਂ ਡੋਜ਼ਾਂ ਵਿੱਚ ਵਾਧਾ ਹੋਵੇਗਾ ਤੇ ਆਉਣ ਵਾਲੇ ਹਫਤਿਆਂ ਵਿੱਚ ਇਹ ਹਜ਼ਾਰਾਂ ਦੀ ਗਿਣਤੀ ਵਿੱਚ ਹਾਸਲ ਹੋਣਗੀਆਂ।

ਸੀਟੀਵੀ ਦੇ ਵੈਕਸੀਨ ਟਰੈਕਰ ਅਨੁਸਾਰ 2.39 ਫੀ ਸਦੀ ਕੈਨੇਡੀਅਨ ਸੋਮਵਾਰ ਤੱਕ ਕੋਵਿਡ-19 ਵੈਕਸੀਨ ਦੀ ਪਹਿਲੀ ਡੋਜ਼ ਹਾਸਲ ਕਰ ਚੁੱਕੇ ਸਨ। ਇਸ ਮਾਮਲੇ ਵਿੱਚ ਵੀ ਕੈਨੇਡੀਅਨਾਂ ਦੀ ਰਾਇ ਇੱਕ ਨਹੀਂ ਹੈ ਕਿ ਕੀ ਫੈਡਰਲ ਸਰਕਾਰ ਨੂੰ ਪ੍ਰੋਵਿੰਸਾਂ ਤੇ ਟੈਰੇਟਰੀਜ਼ ਤੋਂ ਵੈਕਸੀਨ ਦੀ ਵੰਡ ਦਾ ਜ਼ਿੰਮਾ ਆਪਣੇ ਸਿਰ ਲੈ ਲੈਣਾ ਚਾਹੀਦਾ ਹੈ ਜਾਂ ਨਹੀਂ। 48 ਫੀ ਸਦੀ ਇਸ ਵਿਚਾਰ ਦੇ ਖਿਲਾਫ ਹਨ ਜਾਂ ਕੁੱਝ ਹੱਦ ਤੱਕ ਖਿਲਾਫ ਹਨ ਤੇ 49 ਫੀ ਸਦੀ ਇਸ ਦੇ ਪੱਖ ਵਿੱਚ ਹਨ ਜਾਂ ਕੁੱਝ ਹੱਦ ਤੱਕ ਪੱਖ ਵਿੱਚ ਹਨ।

ਇਸ ਤੋਂ ਇਲਾਵਾ 60 ਫੀ ਸਦੀ ਕੈਨੇਡੀਅਨਾਂ ਦੀ ਇਹ ਰਾਇ ਹੈ ਕਿ ਸਰਕਾਰ ਨੂੰ ਫਾਰਮਾਸਿਊਟੀਕਲ ਕੰਪਨੀਆਂ ਨੂੰ ਪ੍ਰੀਮੀਅਮ ਅਦਾ ਕਰਨਾ ਚਾਹੀਦਾ ਹੈ ਤਾਂ ਕਿ ਕੈਨੇਡਾ ਨੂੰ ਜਲਦ ਤੋਂ ਜਲਦ ਹੋਰ ਡੋਜ਼ਾਂ ਹਾਸਲ ਹੋ ਸਕਣ। ਦੂਜੇ ਪ੍ਰੋਵਿੰਸਾਂ ਵਿੱਚ ਜਾ ਕੇ ਵੈਕਸੀਨ ਹਾਸਲ ਕਰਨ ਦੇ ਵਿਚਾਰ ਨਾਲ 70 ਫੀ ਸਦੀ ਕੈਨੇਡੀਅਨ ਇਤਫਾਕ ਨਹੀਂ ਰੱਖਦੇ।

# ਕੈਨੇਡਾ ਵਿੱਚ ਮਿਲਿਆ ਕੋਵਿਡ-19 ਦਾ ਤੀਜਾ ਵੇਰੀਐਂਟ, ਮਾਹਿਰਾਂ ਦੀ ਚਿੰਤਾ ਵਧੀ

ਟੋਰਾਂਟੋ, 11 ਫਰਵਰੀ (ਪੋਸਟ ਬਿਊਰੋ) : ਕੈਨੇਡਾ ਭਰ ਦੀਆਂ ਲੈਬਜ਼ ਕੋਵਿਡ-19 ਦੇ ਵੇਰੀਐਂਟਸ ਦੀ ਭਾਲ ਵਿੱਚ ਰੁੱਝੀਆਂ ਹੋਈਆਂ ਹਨ ਤੇ ਉਨ੍ਹਾਂ ਨੂੰ ਇਹ ਮਿਲ ਵੀ ਰਿਹਾ ਹੈ।

ਯੂਕੇ ਤੇ ਸਾਊਥ ਅਫਰੀਕਾ ਵਿੱਚ ਪਾਏ ਗਏ ਨਵੇਂ ਵੇਰੀਐਂਟ ਹੁਣ ਸੱਤ ਪ੍ਰੋਵਿੰਸਾਂ ਵਿੱਚ ਪਾਏ ਜਾ ਚੁੱਕੇ ਹਨ ਤੇ ਓਨਟਾਰੀਓ ਵਿੱਚ ਉਹ ਵੇਰੀਐਂਟ ਵੀ ਮਿਲ ਗਿਆ ਹੈ ਜਿਹੜਾ ਬ੍ਰਾਜ਼ੀਲ ਵਿੱਚ ਪਹਿਲੀ ਵਾਰੀ ਪਾਇਆ ਗਿਆ ਸੀ, ਇਸ ਨੂੰ ਪੀਆਈ ਵੇਰੀਐਂਟ ਵਜੋਂ ਵੀ ਜਾਣਿਆ ਜਾਂਦਾ ਹੈ। ਵੀਕੈਂਡ ਉੱਤੇ ਇਹ ਵੇਰੀਐਂਟ ਟੋਰਾਂਟੋ, ਓਨਟਾਰੀਓ ਵਿੱਚ ਮਿਲਿਆ। ਇਸ ਨਾਲ ਟੋਰਾਂਟੋ ਦੁਨਿਆ ਦਾ ਸ਼ਾਇਦ ਅਜਿਹਾ ਸ਼ਹਿਰ ਬਣ ਗਿਆ ਹੈ ਜਿੱਥੇ ਹੋਰਨਾਂ ਦੇਸ਼ਾਂ ਵਿੱਚ ਮਿਲੇ ਕੋਵਿਡ-19 ਦੇ ਸਾਰੇ ਵੇਰੀਐਂਟ ਪਾਏ ਜਾ ਚੁੱਕੇ ਹਨ। ਬ੍ਰਾਜ਼ੀਲ ਵਾਲਾ ਵੇਰੀਐਂਟ ਉੱਥੋਂ ਕੈਨੇਡਾ ਸਫਰ ਕਰਕੇ ਆਏ ਵਿਅਕਤੀ ਵਿੱਚ ਪਾਇਆ ਗਿਆ ਹੈ ਤੇ ਹੁਣ ਇਹ ਵਿਅਕਤੀ ਹਸਪਤਾਲ ਵਿੱਚ ਹੈ।



ਪੀਆਈ ਵੇਰੀਐਂਟ ਨਾ ਸਿਰਫ ਜਲਦੀ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਫੈਲਦਾ ਹੈ ਸਗੋਂ ਮਨੌਸ, ਬ੍ਰਾਜ਼ੀਲ ਵਿੱਚ ਮੌਤਾਂ ਦੀ ਗਿਣਤੀ ਵਿੱਚ ਵਾਧਾ ਹੋਣ ਪਿੱਛੇ ਵੀ ਇਸੇ ਵੇਰੀਐਂਟ ਦਾ ਹੱਥ ਮੰਨਿਆ ਜਾ ਰਿਹਾ ਹੈ। ਇਹ ਉਨ੍ਹਾਂ ਲੋਕਾਂ ਨੂੰ ਹੋਰ ਵੀ ਪ੍ਰਭਾਵਿਤ ਕਰਦਾ ਹੈ ਜਿਨ੍ਹਾਂ ਨੂੰ ਪਹਿਲਾਂ ਹੀ ਕੋਵਿਡ-19 ਹੋਵੇ। ਹਾਲਾਂਕਿ ਓਨਟਾਰੀਓ ਵੱਲੋਂ ਕੁੱਝ ਪਾਬੰਦੀਆਂ ਘਟਾਏ ਜਾਣ ਦੀ ਤਿਆਰੀ ਕੀਤੀ ਜਾ ਰਹੀ ਹੈ ਪਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਹਾਲਾਤ ਉੱਤੇ ਬਾਰੀਕੀ ਨਾਲ ਨਜ਼ਰ ਰੱਖ ਰਹੇ ਹਨ।

ਡਿਪਟੀ ਪ੍ਰੀਮੀਅਰ ਕ੍ਰਿਸਟੀਨ

# ਏਅਰ ਕੈਨੇਡਾ ਮੁਲਤਵੀ ਕਰੇਗੀ ਹੋਰ ਰੂਟ, 1500 ਮੁਲਾਜ਼ਮਾਂ ਦੀ ਕੀਤੀ ਜਾਵੇਗੀ ਛਾਂਗੀ

ਓਟਵਾ, 11 ਫਰਵਰੀ (ਪੋਸਟ ਬਿਊਰੋ) : ਮਹਾਂਮਾਰੀ ਅਜੇ ਖ਼ਤਮ ਹੋਣ ਦਾ ਨਾਂ ਹੀ ਨਹੀਂ ਲੈ ਰਹੀ ਤੇ ਅਜਿਹੇ ਵਿੱਚ ਏਅਰ ਕੈਨੇਡਾ ਵੱਲੋਂ ਆਪਣੇ ਕੁੱਝ ਮੁਲਾਜ਼ਮਾਂ ਦੀ ਛਾਂਗੀ ਕੀਤੀ ਜਾ ਰਹੀ ਹੈ ਤੇ ਵਾਧੂ ਫਲਾਈਟਾਂ ਮੁਲਤਵੀ ਕੀਤੀਆਂ ਜਾ ਰਹੀਆਂ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਏਅਰਲਾਈਨ ਜਿੱਥੇ ਆਪਣੇ 1500 ਮੁਲਾਜ਼ਮਾਂ ਦੀ ਛਾਂਗੀ ਕਰਨ ਜਾ ਰਹੀ ਹੈ ਉੱਥੇ ਹੀ ਘੱਟੋ ਘੱਟ 17 ਵਾਧੂ ਕੌਮਾਂਤਰੀ ਰੂਟਾਂ ਉੱਤੇ ਉਡਾਨਾਂ ਮੁਲਤਵੀ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। । ਇਨ੍ਹਾਂ ਵਿੱਚੋਂ 12 ਉਡਾਨਾਂ ਟੋਰਾਂਟੋ ਪੀਅਰਸਨ ਏਅਰਪੋਰਟ ਤੋਂ ਹੀ ਰਵਾਨਾ ਹੁੰਦੀਆਂ ਹਨ। ਏਅਰਲਾਈਨ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਹੈ ਕਿ ਕੋਵਿਡ-19 ਕਾਰਨ ਸਾਨੂੰ ਆਪਣੇ ਸਰਹੱਦੋਂ ਪਾਰਲੇ ਤੇ ਕੌਮਾਂਤਰੀ ਕਮਰਸ਼ੀਅਲ ਸ਼ਡਿਊਲ ਨੂੰ ਘਟਾਉਣਾ ਪੈ ਰਿਹਾ ਹੈ। ਇਸ ਦੇ ਨਾਲ ਹੀ ਸਾਨੂੰ ਇਸ ਗੱਲ ਦਾ ਵੀ ਦੁੱਖ ਹੈ ਕਿ ਸ਼ਡਿਊਲ ਵਿੱਚ ਤਬਦੀਲੀ ਕਾਰਨ ਸਾਨੂੰ ਆਰਜ਼ੀ ਤੌਰ ਉੱਤੇ



ਆਪਣੀ ਵਰਕਫੋਰਸ ਘਟਾਉਣੀ ਪੈ ਰਹੀ ਹੈ।

ਏਅਰਲਾਈਨ ਵੱਲੋਂ ਹੇਠ ਲਿਖੇ ਰੂਟ 30 ਅਪਰੈਲ ਤੱਕ ਮੁਲਤਵੀ ਕੀਤੇ ਜਾ ਰਹੇ ਹਨ :

ਅਮਰੀਕੀ ਰੂਟ

- ਟੋਰਾਂਟੋ ਤੋਂ ਫੋਰਟ ਮਾਇਰਜ਼-14 ਫਰਵਰੀ ਤੋਂ
- ਟੋਰਾਂਟੋ ਤੋਂ ਬੋਸਟਨ-16 ਫਰਵਰੀ ਤੋਂ
- ਟੋਰਾਂਟੋ ਤੋਂ ਵਾਸ਼ਿੰਗਟਨ-ਰੀਗਨ- 17 ਫਰਵਰੀ ਤੋਂ
- ਟੋਰਾਂਟੋ ਤੋਂ ਲਾਗਾਰਡੀਆ-17 ਫਰਵਰੀ ਤੋਂ
- ਮਾਂਟਰੀਅਲ ਤੋਂ ਬੋਸਟਨ-17 ਫਰਵਰੀ ਤੋਂ
- ਮਾਂਟਰੀਅਲ ਤੋਂ ਲਾਗਾਰਡੀਆ-17 ਫਰਵਰੀ ਤੋਂ
- ਵੈਨਕੂਵਰ ਤੋਂ ਸੀਆਟਲ-16 ਫਰਵਰੀ ਤੋਂ

ਹੋਰ ਕੌਮਾਂਤਰੀ ਰੂਟ

- ਟੋਰਾਂਟੋ ਤੋਂ ਬਗੋਟਾ-16 ਫਰਵਰੀ ਤੋਂ
- ਟੋਰਾਂਟੋ ਤੋਂ ਡਬਲਿਨ-12 ਫਰਵਰੀ ਤੋਂ
- ਟੋਰਾਂਟੋ ਤੋਂ ਦੁਬਈ-ਸ਼ੁਰੂਆਤ ਹੀ ਮੁਲਤਵੀ ਕਰ ਦਿੱਤੀ ਗਈ
- ਟੋਰਾਂਟੋ ਤੋਂ ਸਾਓ ਪਾਓਲੋ-16 ਫਰਵਰੀ ਤੋਂ
- ਟੋਰਾਂਟੋ ਤੋਂ ਹਾਂਗਕਾਂਗ-ਸ਼ੁਰੂਆਤ ਹੀ ਮੁਲਤਵੀ ਕਰ ਦਿੱਤੀ ਗਈ
- ਟੋਰਾਂਟੋ ਤੋਂ ਤਲਅਵੀਵ-ਮੁਲਤਵੀ ਰਹੇਗੀ
- ਮਾਂਟਰੀਅਲ ਤੋਂ ਬਗੋਟਾ-13 ਫਰਵਰੀ ਤੋਂ
- ਵੈਨਕੂਵਰ ਤੋਂ ਲੰਡਨ-14 ਫਰਵਰੀ ਤੋਂ
- ਵੈਨਕੂਵਰ ਤੋਂ ਨਾਰੀਤਾ-14 ਫਰਵਰੀ ਤੋਂ

ਕੰਪਨੀ ਦਾ ਕਹਿਣਾ ਹੈ ਕਿ ਪ੍ਰਭਾਵਿਤ ਗਾਹਕ, ਜਿਨ੍ਹਾਂ ਕੋਲ ਬੁਕਿੰਗਜ਼ ਹਨ, ਹੋਰ ਬਦਲ ਅਪਣਾ ਸਕਦੇ ਹਨ, ਬਦਲਵੇਂ ਰੂਟ ਵੀ ਅਪਣਾ ਸਕਦੀਆਂ ਹਨ। ਕੈਨੇਡਾ ਵੱਲੋਂ ਕੌਮਾਂਤਰੀ ਇੰਟਰਨੈਸ਼ਨਲ ਟਰੈਵਲ ਨੂੰ ਘਟਾਉਣ ਲਈ ਕੀਤੀ ਜਾ ਰਹੀ ਸਖ਼ਤੀ ਕਾਰਨ ਵੀ ਇਹ ਕਟੌਤੀਆਂ ਕੀਤੀਆਂ ਜਾ ਰਹੀਆਂ ਹਨ।

# ਫਾਈਜ਼ਰ-ਬਾਇਓਐਨਟੈਕ ਦੀ ਕੋਵਿਡ-19 ਵੈਕਸੀਨ ਵਾਇਲਾਂ ਵਿੱਚ ਛੇ ਡੋਜ਼ਾਂ ਹੋਣ ਨਾਲ ਹੈਲਥ ਕੈਨੇਡਾ ਨੇ ਪ੍ਰਗਟਾਈ ਸਹਿਮਤੀ



ਓਟਵਾ, 11 ਫਰਵਰੀ (ਪੋਸਟ ਬਿਊਰੋ) : ਹੈਲਥ ਕੈਨੇਡਾ ਦੇ ਰੈਗੂਲੇਟਰਜ਼, ਫਾਈਜ਼ਰ ਤੇ ਬਾਇਓਐਨਟੈਕ ਦੇ ਉਸ ਦਾਅਵੇ ਨਾਲ ਸਹਿਮਤ ਹਨ ਕਿ ਉਨ੍ਹਾਂ ਦੀ ਕੋਵਿਡ-19 ਵੈਕਸੀਨ ਦੀ ਹਰ ਵਾਇਲ ਵਿੱਚ ਛੇ ਡੋਜ਼ਾਂ ਹੀ ਮਿਲਣਗੀਆਂ।

ਹੈਲਥ ਕੈਨੇਡਾ ਦੀ ਚੀਫ ਮੈਡੀਕਲ ਐਡਵਾਈਜ਼ਰ ਡਾ. ਸੁਪਾ-ਰਆ ਸ਼ਰਮਾ ਦਾ ਕਹਿਣਾ ਹੈ ਕਿ ਕੈਨੇਡਾ ਵਿੱਚ ਵਰਤੀਆਂ ਜਾਣ ਵਾਲੀਆਂ ਵਾਇਲਾਂ ਉੱਤੇ ਲੱਗੇ ਲੇਬਲ ਵਿੱਚ ਕੈਨੇਡਾ ਵੱਲੋਂ ਸੋਧ ਕੀਤੀ ਜਾ ਰਹੀ ਹੈ। ਪਹਿਲਾਂ ਇਹ ਆਖਿਆ ਗਿਆ ਸੀ ਕਿ ਇਨ੍ਹਾਂ ਵਾਇਲਾਂ ਵਿੱਚ ਪੰਜ ਡੋਜ਼ਾਂ ਹਨ। ਹੁਣ ਇਹ ਆਖਿਆ ਜਾ ਰਿਹਾ ਹੈ ਕਿ ਇਸ ਵਿੱਚ ਛੇ ਡੋਜ਼ਾਂ ਹਨ।

ਮੰਗਲਵਾਰ ਨੂੰ ਸ਼ਰਮਾ ਨੇ ਆਖਿਆ ਕਿ ਹੈਲਥ ਕੈਨੇਡਾ ਨੂੰ ਪਹਿਲਾਂ ਇਹ ਦੱਸਿਆ ਗਿਆ ਸੀ ਕਿ ਕੁੱਝ ਹਾਲਾਤ ਵਿੱਚ ਵਾਇਲ ਵਿੱਚੋਂ ਛੇ ਡੋਜ਼ਾਂ ਹਾਸਲ ਕਰਨਾ ਸੰਭਵ ਹੈ। ਇਸ ਤਬਦੀਲੀ ਤੋਂ ਭਾਵ ਹੈ ਕਿ ਫਾਈਜ਼ਰ ਮਾਰਚ ਦੇ ਅੰਤ ਤੱਕ ਕੈਨੇਡਾ ਨੂੰ ਚਾਰ ਮਿਲੀਅਨ ਡੋਜ਼ਾਂ ਮੁਹੱਈਆ ਕਰਵਾਉਣ ਦਾ ਆਪਣਾ ਕਾਂਟਰੈਕਟ ਪੂਰਾ ਕਰੇਗੀ। ਓਟਵਾ ਦੇ ਵੈਕਸੀਨ ਵੰਡ ਪ੍ਰੋਗਰਾਮ ਦੀ ਨਜ਼ਰਸਾਨੀ ਕਰਨ ਵਾਲੇ ਮੇਜਰ ਜਨਰਲ ਡੈਨੀ ਫੋਰਟਿਨ ਨੇ ਆਖਿਆ ਕਿ ਅਗਲੇ ਹਫਤੇ ਕੈਨੇਡਾ ਨੂੰ ਓਨੀਆਂ ਵਾਇਲਾਂ ਹੀ ਮਿਲ ਜਾਣਗੀਆਂ ਜਿੰਨੀਆਂ ਦੀ ਉਹ ਉਮੀਦ ਕਰ ਰਹੇ ਹਨ। ਭਾਵੇਂ ਫਾਈਜ਼ਰ ਵੱਲੋਂ ਇਹ ਆਖਿਆ ਜਾ ਰਿਹਾ ਹੈ ਕਿ ਉਹ 336,000 ਡੋਜ਼ਾਂ ਹੋਣਗੀਆਂ ਪਰ ਉਨ੍ਹਾਂ ਆਖਿਆ ਕਿ ਅਸੀਂ ਉਨ੍ਹਾਂ ਨੂੰ 400,000 ਡੋਜ਼ਾਂ ਹੀ ਮੰਨਾਂਗੇ।

ਜ਼ਿਕਰਯੋਗ ਹੈ ਕਿ ਕੈਨੇਡਾ ਨੇ ਫਾਈਜ਼ਰ ਤੇ ਬਾਇਓਐਨਟੈਕ ਨਾਲ ਇਸ ਸਾਲ 40 ਮਿਲੀਅਨ ਡੋਜ਼ਾਂ ਖਰੀਦਣ ਦਾ ਕਾਂਟਰੈਕਟ ਕੀਤਾ ਸੀ, ਜਿਸ ਵਿੱਚੋਂ ਚਾਰ ਮਿਲੀਅਨ ਮਾਰਚ ਦੇ ਅੰਤ ਤੱਕ ਕੈਨੇਡਾ ਨੂੰ ਹਾਸਲ ਹੋਣੀਆਂ ਸਨ ਤੇ ਬਾਕੀਆਂ ਵਿੱਚੋਂ ਬਹੁਤੀਆਂ ਸਤੰਬਰ ਦੇ ਅੰਤ ਤੱਕ ਹਾਸਲ ਹੋਣੀਆਂ ਸਨ। ਅਮਰੀਕਾ, ਯੂਰਪ ਤੇ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਸਾਰਿਆਂ ਨੇ ਪਿਛਲੇ ਮਹੀਨੇ ਡੋਜ਼ਾਂ ਬਦਲ ਦਿੱਤੀਆਂ।

# ਯੌਰਕ ਵਿੱਚ ਗੋਲੀ ਲੱਗਣ ਕਾਰਨ ਇੱਕ ਹਲਾਕ

ਟੋਰਾਂਟੋ, 11 ਫਰਵਰੀ (ਪੋਸਟ ਬਿਊਰੋ) : ਸੋਮਵਾਰ ਸ਼ਾਮ ਨੂੰ ਯੌਰਕ ਵਿੱਚ ਚੱਲੀ ਗੋਲੀ ਦੌਰਾਨ ਮਾਰੇ ਗਏ ਵਿਅਕਤੀ ਦੇ ਕਤਲ ਦੀ ਟੋਰਾਂਟੋ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਤੀਂ 10:00 ਵਜੇ ਕੇਲਡੋਨੀਆ ਰੋਡ ਨੇੜੇ ਲਾਅਰੈਂਸ ਐਵਨਿਊ ਵੈਸਟ ਤੇ ਸੇਜ ਐਵਨਿਊ ਨੇੜੇ ਗੋਲੀਆਂ ਚੱਲਣ ਦੀ ਰਿਪੋਰਟ ਮਿਲੀ। ਮੌਕੇ ਉੱਤੇ ਪਹੁੰਚੀ ਪੁਲਿਸ ਨੇ ਇੱਕ ਵਿਅਕਤੀ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਪਾਇਆ। ਪੈਰਾਮੈਡਿਕਸ ਉਸ ਨੂੰ ਹਸਪਤਾਲ ਲੈ ਗਏ ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਕੇਲਡੋਨੀਆ ਤੇ ਡਫਰਿਨ ਦਰਮਿਆਨ ਲਾਰੈਂਸ ਰੋਡ ਨੂੰ ਬੰਦ ਕੀਤਾ ਗਿਆ ਹੈ ਤੇ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# 2022 ਤੱਕ ਕੈਨੇਡੀਅਨ ਪਾਣੀਆਂ ਵਿੱਚ ਨਹੀਂ ਚੱਲ ਸਕਣਗੇ ਕਰੂਜ਼ ਸ਼ਿੱਪਜ਼

ਓਟਵਾ, 11 ਫਰਵਰੀ (ਪੋਸਟ ਬਿਊਰੋ) : ਟਰਾਂਸਪੋਰਟ ਕੈਨੇਡਾ ਵੱਲੋਂ ਅਗਲੀ ਫਰਵਰੀ ਤੱਕ ਕਰੂਜ਼ ਸ਼ਿੱਪਜ਼ ਉੱਤੇ ਪਾਬੰਦੀ ਲਾਈ ਗਈ ਹੈ। ਜਿਸ ਤੋਂ ਇਹ ਭਾਵ ਹੈ ਕਿ 2021 ਦਾ ਪੂਰਾ ਸੀਜ਼ਨ ਹੀ ਖ਼ਤਮ ਕੀਤਾ ਜਾ ਰਿਹਾ ਹੈ।

ਸਰਕਾਰ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਅਜੇ ਵੀ ਦਿਨੋਂ ਦਿਨ ਵੱਧ ਘਟ ਰਹੀ ਕੋਵਿਡ-19 ਮਹਾਂਮਾਰੀ ਦੀ ਅਸਲ ਸਥਿਤੀ ਉੱਤੇ ਨਜ਼ਰ ਰੱਖੀ ਜਾ ਰਹੀ ਹੈ। ਇਸ ਦੇ ਨਾਲ ਹੀ ਮਰੀਨ ਤੇ ਟੂਰਿਜ਼ਮ ਸੈਕਟਰ ਉੱਤੇ ਇਸ ਦੇ ਪੈਣ ਵਾਲੇ ਪ੍ਰਭਾਵ ਦਾ ਵੀ ਪੂਰਾ ਧਿਆਨ ਰੱਖਿਆ ਜਾ ਰਿਹਾ ਹੈ। ਦੋ ਨਵੇਂ ਅੰਤਰਿਮ ਆਰਡਰਜ਼ ਦਾ ਐਲਾਨ ਕੀਤਾ ਗਿਆ ਹੈ ਜਿਸ ਨਾਲ ਕੈਨੇਡੀਅਨ ਆਰਕਟਿਕ ਪਾਣੀਆਂ ਵਿੱਚ 28 ਫਰਵਰੀ 2022 ਤੱਕ ਪਲੇਯਰ ਕ੍ਰਾਫਟ ਤੇ ਮਨੋਰੰਜਨ ਲਈ ਕਰੂਜ਼ ਸ਼ਿੱਪਜ਼ ਆਦਿ ਨੂੰ ਉਤਾਰਨ ਦੀ ਮਨਾਹੀ ਹੋਵੇਗੀ।

ਨਿੱਕੇ ਕਰੂਜ਼ ਸ਼ਿੱਪਜ਼, ਜਿਸ



ਵਿੱਚ 100 ਜਾਂ ਘੱਟ ਲੋਕਾਂ ਨੂੰ ਲਿਜ-ਾਇਆ ਜਾ ਸਕਦਾ ਹੈ, ਉੱਤੇ ਕੋਈ ਪਾਬੰਦੀ ਨਹੀਂ ਹੋਵੇਗੀ ਪਰ ਉਨ੍ਹਾਂ ਨੂੰ ਆਪਣੇ ਹੋਮ ਪ੍ਰੋਵਿੰਸਾਂ ਜਾਂ ਟੈਰੇਟਰੀਜ਼ ਦੇ ਨਿਯਮਾਂ ਦੀ ਪਾਲਣਾ ਕਰਨੀ ਹੋਵੇਗੀ। ਐਟਲਾਂਟਿਕ ਕੈਨੇਡਾ ਕਰੂਜ਼ ਐਸੋਸਿਏਸ਼ਨ (ਏਸੀਸੀਏ) ਦਾ ਕਹਿਣਾ ਹੈ ਕਿ ਉਨ੍ਹਾਂ ਦੇ ਮੈਂਬਰਾਂ ਨੂੰ ਆਸ ਹੈ ਕਿ ਜਦੋਂ ਸਹੀ ਸਮਾਂ ਹੋਵੇਗਾ ਤੇ ਹਾਲਾਤ ਠੀਕ ਹੋਣਗੇ ਤਾਂ ਕਰੂਜ਼ ਵਾਪਿਸ ਸ਼ੁਰੂ ਹੋ ਜਾਣਗੇ ਤੇ ਕਾਰੋਬਾਰ ਵੀ ਚੰਗਾ ਰਹੇਗਾ। ਇਹ ਵੀ ਆਖਿਆ ਗਿਆ ਕਿ ਸਾਰੇ ਕੈਨੇਡੀਅਨ ਪੋਰਟਸ ਦਾ ਇੰਡਸਟਰੀ, ਕਮਿਊਨਿਟੀਜ਼ ਤੇ ਸਰਕਾਰਾਂ ਨਾਲ ਰਲ ਕੇ ਕਰੂਜ਼ਿੰਗ ਵਿੱਚ ਮੁੜ ਵਿਸ਼ਵਾਸ ਪੈਦਾ ਕਰਨਾ ਬਹੁਤ ਮੁਸ਼ਕਲ ਹੈ।

ਟਰਾਂਸਪੋਰਟ ਮੰਤਰੀ ਓਮਰ ਅਲਘਬਰਾ ਦਾ ਕਹਿਣਾ ਹੈ ਕਿ ਕੋਵਿਡ-19 ਦੇ ਪਸਾਰ ਨੂੰ ਰੋਕਣ ਤੇ ਕਮਜ਼ੋਰ ਕਮਿਊਨਿਟੀਜ਼ ਦੀ ਹਿਫਾਜ਼ਤ ਲਈ ਇਹ ਪਾਬੰਦੀ ਜ਼ਰੂਰੀ ਹੈ। ਇਸ ਰਲੀਜ਼ ਵਿੱਚ ਕੈਨੇਡੀਅਨਾਂ ਨੂੰ ਹੋਰਨਾਂ ਥਾਂਵਾਂ ਉੱਤੇ ਟਰੈਵਲ ਕਰਨ ਤੋਂ ਵੀ ਵਰਜਿਆ ਗਿਆ।

# ਐਨਡੀਪੀ ਨੇ ਮੁਨਾਫੇ ਵਾਲੀ ਲਾਂਗ ਟਰਮ ਕੇਅਰ ਨੂੰ ਖਤਮ ਕਰਨ ਦੀ ਕੀਤੀ ਮੰਗ

ਓਟਵਾ, 11 ਫਰਵਰੀ (ਪੋਸਟ ਬਿਊਰੋ) : ਐਨਡੀਪੀ ਵੱਲੋਂ 2030 ਤੱਕ ਮੁਨਾਫੇ ਲਈ ਕੀਤੀ ਜਾਣ ਵਾਲੀ ਲਾਂਗ ਟਰਮ ਕੇਅਰ ਨੂੰ ਖ਼ਤਮ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਐਨਡੀਪੀ ਵੱਲੋਂ ਇਹ ਮੰਗ ਚੋਣ ਵਾਅਦੇ ਵਜੋਂ ਪੇਸ਼ ਕੀਤੇ ਗਏ ਬਹੁ ਕਰੋੜੀ ਡਾਲਰ ਪਲੈਨ ਵਿੱਚ ਕੀਤੀ ਗਈ।

ਐਨਡੀਪੀ ਆਗੂ ਜਗਮੀਤ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਸਰਕਾਰ ਬਣਨ ਉੱਤੇ ਪ੍ਰੋਵਿੰਸ਼ੀਅਲ ਤੇ ਟੈਰੇਟੋਰੀਅਲ ਆਗੂ, ਮਾਹਿਰ ਤੇ ਵਰਕਰ ਨਰਸਿੰਗ ਹੋਮਜ਼ ਲਈ ਕੌਮੀ ਮਾਪਦੰਡ ਕਾਇਮ ਕੀਤੇ ਜਾਣਗੇ। ਇਸ ਲਈ ਖਾਸ ਤੌਰ ਉੱਤੇ ਫੈਡਰਲ ਫੰਡਿੰਗ ਵਜੋਂ 5 ਬਿਲੀਅਨ ਡਾਲਰ ਖਰਚੇ ਜਾਣਗੇ। ਪਾਰਟੀਆਂ ਵੱਲੋਂ ਆਪਣੇ ਉਮੀਦਵਾਰ ਤੈਅ ਕੀਤੇ ਜਾਣ ਤੇ ਫੰਡਰੇਜ਼ਿੰਗ ਵਿੱਚ ਵਾਧਾ ਕੀਤੇ ਜਾਣ ਨਾਲ ਚੋਣਾਂ ਦੀ ਸੰਭਾਵਨਾ ਨਜ਼ਰ ਆ ਰਹੀ ਹੈ।

ਸ਼ੁੱਕਰਵਾਰ ਨੂੰ ਜਾਰੀ ਕੀਤੀ ਗਈ ਰਲੀਜ਼ ਵਿੱਚ ਜਗਮੀਤ ਸਿੰਘ ਨੇ




ਘੱਟਗਿਣਤੀ ਲਿਬਰਲ ਸਰਕਾਰ ਉੱਤੇ ਦੋਸ਼ ਲਾਇਆ ਕਿ ਹੈਲਥ ਕੇਅਰ ਨੂੰ ਬਣਦੇ ਫੰਡ ਨਹੀਂ ਦਿੱਤੇ ਜਾ ਰਹੇ ਤੇ ਅਜਿਹਾ ਕਰਕੇ ਵੱਡੀਆਂ ਕੰਪਨੀਆਂ ਤੇ ਸ਼ੇਅਰਹੋਲਡਰਜ਼ ਨੂੰ ਫਾਇਦਾ ਪਹੁੰਚਾਇਆ ਜਾ ਰਿਹਾ ਹੈ। ਜਗਮੀਤ ਸਿੰਘ ਨੇ ਆਖਿਆ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਲਾਂਗ ਟਰਮ ਕੇਅਰ ਵਰਕਰਜ਼, ਰੈਜ਼ੀਡੈਂਟਸ ਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਵਾਅਦਾ ਕੀਤਾ ਸੀ ਕਿ ਲਾਂਗ ਟਰਮ ਕੇਅਰ ਲਈ ਉਹ ਵਧੀਆ ਫੰਡ ਮੁਹੱਈਆ ਕਰਵਾਉਣਗੇ। ਪਰ ਇਹ ਵਾਅਦਾ ਉਨ੍ਹਾਂ ਉਦੋਂ ਕੀਤਾ ਸੀ ਜਦੋਂ ਉਹ ਪ੍ਰਧਾਨ ਮੰਤਰੀ ਨਹੀਂ ਸਨ। ਉਨ੍ਹਾਂ ਇਹ ਵਾਅਦਾ ਤੋੜ ਦਿੱਤਾ।

# ਸੋਨੀਆ ਸਿੱਧੂ ਵੱਲੋਂ ਡਾਇਬਟੀਜ਼ ਲਈ ਨੈਸ਼ਨਲ ਫਰੇਮਵਰਕ ਸਥਾਪਤ ਕਰਨ ਲਈ ਬਿੱਲ ਸੀ-237 ਦੀ ਸੰਸਦ 'ਚ ਇਸ ਮਹੀਨੇ ਕੀਤੀ ਜਾਵੇਗੀ ਅਗਲੀ ਰੀਡਿੰਗ

ਬਰੈਂਪਟਨ - ਕੈਨੇਡੀਅਨਜ਼ 'ਚ ਖਾਸਕਰ ਕੈਨੇਡਾ ਦੇ ਸਾਊਥ ਏਸ਼ੀਅਨ ਭਾਈਚਾਰੇ 'ਚ ਸ਼ੂਗਰ ਰੋਗ ਲਗਾਤਾਰ ਪੈਰ ਪਸਾਰਦਾ ਜਾ ਰਿਹਾ ਹੈ ਅਤੇ ਜੇਕਰ ਇਸ ਦਾ ਸਮੇਂ ਸਿਰ ਇਲਾਜ ਨਹੀਂ ਕੀਤਾ ਜਾਂਦਾ ਤਾਂ ਸ਼ੂਗਰ ਦੇ ਮਰੀਜ਼ਾਂ ਨੂੰ ਕਈ ਜਾਨਲੇਵਾ ਪੇਚੀਦਗੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਇਸੇ ਲਈ ਬਰੈਂਪਟਨ ਸਾਊਥ ਤੋਂ ਸੰਸਦ ਮੈਂਬਰ ਸੋਨੀਆ ਸਿੱਧੂ ਵੱਲੋ ਇਸ ਮਹੀਨੇ ਬਿੱਲ ਸੀ - 237, ਡਾਇਬਟੀਜ਼ ਭਾਵ ਸ਼ੂਗਰ ਰੋਗ ਲਈ ਰਾਸ਼ਟਰੀ ਢਾਂਚਾ (ਨੈਸ਼ਨਲ ਫਰੇਮਵਰਕ) ਸਥਾਪਤ ਕਰਨ ਲਈ ਐਕਟ ਲਿਆਂਦਾ ਗਿਆ ਹੈ, ਜਿਸ ਨੂੰ ਇਸ ਮਹੀਨੇ ਸੰਸਦ 'ਚ ਅਗਲੀ ਰੀਡਿੰਗ ਲਈ ਪੜ੍ਹਿਆ ਜਾਵੇਗਾ।ਇਸ ਬਿੱਲ ਤਹਿਤ ਕੈਨੇਡਾ 'ਚ ਇੱਕ ਡਾਇਬਟੀਜ਼ ਰਾਸ਼ਟਰੀ ਫਰੇਮਵਰਕ ਵਿਕਸਤ ਕਰਨ ਦੇ ਟੀਚੇ ਨੂੰ ਨਿਰਧਾਰਤ ਕੀਤਾ ਗਿਆ ਹੈ, ਜਿਸ ਨਾਲ ਕੈਨੇਡਾ ਦੇ ਸ਼ੂਗਰ ਰੋਗੀਆਂ ਦੀ ਰੋਕਥਾਮ ਅਤੇ ਇਲਾਜ਼ ਵਿੱਚ ਸੁਧਾਰ ਲਈ ਕਦਮ ਚੁੱਕੇ ਜਾਣਗੇ।

ਇਸ ਤੋਂ ਪਹਿਲਾਂ 27 ਨਵੰਬਰ ਨੂੰ, ਐੱਮ.ਪੀ ਸੋਨੀਆ ਸਿੱਧੂ ਵੱਲੋਂ ਬਿੱਲ ਸੀ - 237 ਨੂੰ ਸੰਸਦ 'ਚ ਦੂਜੀ ਵਾਰ ਪੜ੍ਹਿਆ ਗਿਆ ਸੀ। ਦੱਸ ਦੇਈਏ ਕਿ ਪਿਛਲੇ ਕਾਰਜਕਾਲ ਦੌਰਾਨ ਸੋਨੀਆ ਸਿੱਧੂ ਨੇ ਮੋਸ਼ਨ-173 ਵੀ ਪੇਸ਼ ਕੀਤਾ ਸੀ, ਜਿਸ ਤਹਿਤ ਨਵੰਬਰ ਵਿੱਚ ਕੈਨੇਡਾ ਵਿੱਚ ਸ਼ੂਗਰ ਜਾਗਰੂਕਤਾ ਮਹੀਨਾ ਜਾਣ ਲੱਗਿਆ ਹੈ। ਸ਼ੂਗਰ ਦੀ ਰੋਕਥਾਮ ਅਤੇ ਇਲਾਜ ਲਈ ਇਹ ਉਹਨਾਂ ਵੱਲੋਂ ਚੁੱਕਿਆ ਗਿਆ ਅਗਲਾ ਅਹਿਮ ਕਦਮ ਹੈ।



ਇਸ ਸਬੰਧੀ ਗੱਲ ਕਰਦਿਆਂ ਬਰੈਂਪਟਨ ਸਾਊਥ ਤੋਂ ਸੰਸਦ ਮੈਂਬਰ ਸੋਨੀਆ ਸਿੱਧੂ ਨੇ ਕਿਹਾ," ਠੀਕ 100 ਸਾਲ ਪਹਿਲਾਂ, ਸਰ ਫਰੈਡਰਿਕ ਬੈਨਟਿੰਗ ਨੇ ਕੈਨੇਡਾ ਵਿੱਚ ਇਨਸੁਲਿਨ ਦੀ ਖੋਜ ਕੀਤੀ ਸੀ ਅਤੇ ਹੁਣ, ਮੈਨੂੰ ਪੂਰਾ ਵਿਸ਼ਵਾਸ ਹੈ ਕਿ ਅਸੀਂ ਡਾਇਬਟੀਜ਼ ਨੂੰ ਮਾਤ ਪਾਉਣ 'ਚ ਮੋਹਰੀ ਹੋ ਸਕਦੇ ਹਾਂ।

ਇਸ ਤੋਂ ਇਲਾਵਾ ਐੱਮ.ਪੀ ਸੋਨੀਆ ਸਿੱਧੂ ਵੱਲੋਂ ਕੈਨੇਡਾ ਦੀ ਆਲ-ਪਾਰਟੀ ਡਾਇਬਟੀਜ਼ ਕਾਕਸ ਦੀ ਬੈਠਕ ਦੀ ਪ੍ਰਧਾਨਗੀ ਵੀ ਕੀਤੀ ਗਈ, ਜਿਸ 'ਚ ਜ਼ਿਆਦ ਅਬੌਲਤੈਫ, ਮੋਨਿਕ ਪਾਉਜ਼ੀ, ਲਿੰਡਸੇ ਮੈਥਿਸਨ, ਜੇਨਿਕਾ ਅਟਵਿਨ ਅਤੇ ਸੈਨੇਟਰ ਮੈਰੀ-ਫ੍ਰੈਂਕੋਸ ਮੇਗੀ ਸ਼ਾਮਲ ਸਨ। ਐੱਮ.ਪੀ ਸਿੱਧੂ ਨੇ ਕਿਹਾ ਕਿ ਮੈਨੂੰ ਮਾਣ ਹੈ ਕਿ ਆਲ-ਪਾਰਟੀ ਡਾਇਬਟੀਜ਼ ਕਾਕਸ ਨੂੰ ਚੇਅਰ ਕਰਦਿਆਂ ਮੈਨੂੰ ਕੈਨੇਡੀਅਨਾਂ ਦੇ ਤਜਰਬੇ ਅਤੇ ਸੁਝਾਅ ਸੁਣਨ ਦਾ ਮੌਕਾ ਮਿਲਿਆ। ਨਾਲ ਹੀ, ਉਹਨਾਂ ਕਿਹਾ ਕਿ ਉਹਨਾਂ ਨੂੰ ਉਮੀਦ ਹੈ ਕਿ ਇਸ ਮਹੀਨੇ ਦੇ ਅੰਤ ਵਿੱਚ, ਡਾਇਬਟੀਜ਼ ਬਾਰੇ ਇੱਕ ਰਾਸ਼ਟਰੀ ਫਰੇਮਵਰਕ ਵਿਕਸਤ ਕਰਨ ਲਈ ਲਿਆਂਦੇ ਬਿੱਲ ਸੀ-237 ਬਿੱਲ ਨੂੰ ਅੱਗੇ ਵਧਾਉਣ ਲਈ ਸਾਰਿਆਂ ਦਾ ਸਹਿਯੋਗ ਮਿਲੇਗਾ।

ਉਹਨਾਂ ਨੇ ਕਿਹਾ ਕਿ "ਮੈਨੂੰ ਖੁਸ਼ੀ ਹੈ ਕਿ 2019 'ਚ ਕੈਨੇਡਾ ਵਿੱਚ ਨਵੰਬਰ ਨੂੰ ਡਾਇਬਟੀਜ਼ ਜਾਗਰੂਕਤਾ ਮਹੀਨਾ ਐਲਾਨਣ ਲਈ ਸਰਬਸੰਮਤੀ ਨਾਲ ਸਮਰਥਨ ਮਿਲਿਆ ਸੀ। ਪਰ ਡਾਇਬਟੀਜ਼ 'ਤੇ ਮਾਤ ਪਾਉਣ ਦੀ ਸਾਡੀ ਇਸ ਕੋਸ਼ਿਸ਼ 'ਚ ਅਜੇ ਬਹੁਤ ਕੁਝ ਹੋਰ ਕਰਨਾ ਬਾਕੀ ਹੈ, ਜਿਸ ਲਈ ਮੇਰੇ ਵੱਲੋਂ ਨੈਸ਼ਨਲ ਫਰੇਮਵਰਕ ਬਣਾਓਣ ਲਈ ਬਿਲ ਸੀ-237 ਪੇਸ਼ ਕੀਤਾ ਗਿਆ ਹੈ, ਜਿਸਦੀ ਅਗਲੀ ਰੀਡਿੰਗ ਇਸ ਮਹੀਨੇ ਦੇ ਅੰਤ 'ਚ ਹੋਵੇਗੀ।"

REXDALE FINANCIAL SERVICES
WE HELP YOU START, GROW AND SUCCEED

We bring Canada's leading lenders to you
The Mortgage Centre
I direct mortgages Inc.
21 Roysun Rd. #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009

ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT

ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'

MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!

Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.
Seema Bhayana
iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

## ਅੱਜ ਨਾਮਾ

ਯੂ ਪੀ ਅੰਦਰ ਸੀ ਮਹਾਂ ਪੰਚਾਇਤ ਹੁੰਦੀ,
ਹੁੰਦੀ ਵਿੱਚ ਹਰਿਆਣੇ ਵੀ ਆਈ ਮੀਆਂ।
ਨਾ ਸੀ ਹੋਈ ਇਹ ਕਦੀ ਪੰਜਾਬ ਅੰਦਰ,
ਆਗੂ ਕਿਸੇ ਨਹੀਂ ਕਦੀ ਕਰਾਈ ਮੀਆਂ।
ਦਿੱਲੀ ਬਾਰਡਰਾਂ ’ਤੇ ਲੱਗੇ ਧਰਨਿਆਂ ਨੇ,
ਐਸੀ ਲੋਕਾਂ ਵਿੱਚ ਸਾਂਝ ਬਣਾਈ ਮੀਆਂ।
ਓਥੋਂ ਵਰਗੀ ਹੀ ਮਹਾਂ ਪੰਚਾਇਤ ਏਧਰ,
ਵਿੱਚ ਪੰਜਾਬ ਦੇ ਗਈ ਬੁਲਵਾਈ ਮੀਆਂ।
ਜਿਹੜੀ ਭੀੜ ਕਿਸਾਨਾਂ ਦੀ ਹੋਈ ਤਕੜੀ,
ਉਸ ਦੀ ਕਿਸੇ ਨੂੰ ਨਹੀਂ ਸੀ ਆਸ ਮੀਆਂ।
ਰਾਜਨੀਤੀ ਨੂੰ ਲੱਗਾ ਪਿਆ ਤੇਜ਼ ਝਟਕਾ,
ਲੱਗਾ ਬਣਨ ਆ ਨਵਾਂ ਇਤਹਾਸ ਮੀਆਂ।

**ਤੀਸ ਮਾਰ ਖਾਂ**

## ਜਗਰਾਉਂ ਵਿੱਚ ਹੋਈ ਪੰਜਾਬ ਦੀ ਪਹਿਲੀ ਮਹਾ-ਪੰਚਾਇਤ ਵਿਚ ਲੋਕਾਂ ਦਾ ਠਾਠਾਂ ਮਾਰਦਾ ਇਕੱਠ

...ਪੰਨਾ 1 ਦਾ ਬਾਕੀ

ਰਾਜੇਵਾਲ ਨੇ ਕਿਹਾ ਕਿ ਅਡਾਨੀ ਤੇ ਅੰਬਾਨੀ ਦੀ ਅੱਖ ਦੇਸ਼ ਦੇ ਕਿਸਾਨਾਂ ਦੀਆਂ ਜ਼ਮੀਨਾਂ ਉੱਤੇ ਹੋਣ ਕਰ ਕੇ ਕੇਂਦਰ ਸਰਕਾਰ ਵੱਲੋਂਪਾਸ ਕੀਤੇ ਕਾਲੇ ਕਾਨੂੰਨ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਵੱਲ ਸੇਧਿਤ ਹਨ।ਸੀਨੀਅਰ ਕਿਸਾਨ ਆਗੂ ਰਾਜੇਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਨਾਲ ਦੋਹਰੀ ਨੀਤੀ ਅਪਣਾ ਰਹੀ ਹੈ, ਕੇਂਦਰੀ ਮੰਤਰੀ ਕਹਿੰਦੇ ਹਨ ਕਿ ਕਾਨੂੰਨ ਵਿੱਚ ਭਾਵੇਂ ਜਿੰਨੀਆਂ ਮਰਜ਼ੀ ਸੋਧਾਂ ਕਰਵਾ ਲਵੋ, ਪਰ ਅਸੀਂ ਕਾਨੂੰਨ ਰੱਦ ਨਹੀਂ ਕਰਾਂਗੇ। ਇਸ ਤੋਂ ਸਪੱਸ਼ਟ ਹੈ ਕਿ ਸਰਕਾਰ ਦੀ ਨੀਤ ਕਾਨੂੰਨ ਰੱਦ ਕਰਨ ਦੀ ਨਹੀਂ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇ ਕਾਲੇ ਕਾਨੂੰਨਾਂ ਖ਼ਿਲਾਫ਼ ਸਾਨੂੰ ਹੋਰ ਤਿੱਖੀ ਲੜਾਈ ਲਈ ਤਿਆਰ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਿਸਾਨੀ ਅੰਦੋਲਨ ਦੀ ਇਹ ਸਭ ਤੋਂ ਵੱਡੀ ਪ੍ਰਾਪਤੀ ਹੈ ਕਿ ਕੇਂਦਰ ਸਰਕਾਰ ਦੇ ਖ਼ਿਲਾਫ਼ ਦੇਸ਼ ਦਾ ਹਰ ਵਰਗ ਇਕਜੁੱਟ ਹੋ ਗਿਆ ਹੈ। ਰਾਜੇਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਇਸ ਦੇਸ਼ ਦੇਕੁਦਰਤੀ ਸਰੋਤਾਂ ਨੂੰ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿਚ ਦੇਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਇਹ ਸਰਕਾਰ ਕਿਸਾਨਾਂ-ਮਜ਼ਦੂਰਾਂ ਦੀ ਨਹੀਂ, ਕਾਰਪੋਰੇਟ ਘਰਾਣਿਆਂ ਦੀ ਸਰਕਾਰ ਬਣ ਚੁੱਕੀ ਹੈ, ਇਸ ਲਈ ਇਸ ਦੇ ਬਣਾਏ ਕਾਨੂੰਨ ਅਸਲ ਰੂਪ ਵਿੱਚ ਕਿਸਾਨ ਮਜਦੂਰ ਵਿਰੋਧੀ ਹਨ।

## ਜ਼ਮੀਨੀ ਰਸਤੇ ਰਾਹੀਂ ਕੈਨੇਡਾ ਦਾਖਲ ਹੋਣ ਵਾਲਿਆਂ ਨੂੰ ਵੀ ਹੁਣ ਵਿਖਾਉਣੀ ਹੋਵੇਗੀ ਨੈਗੇਟਿਵ ਕੋਵਿਡ-19 ਟੈਸਟ ਰਿਪੋਰਟ



ਓਟਵਾ, 11 ਫਰਵਰੀ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਅਗਲੇ ਹਫਤੇ ਤੋਂ ਸ਼ੁਰੂ ਕਰਕੇ ਜ਼ਮੀਨੀ ਰਸਤੇ ਕੈਨੇਡਾ ਪਹੁੰਚਣ ਵਾਲੇ ਹਰੇਕ ਵਿਅਕਤੀ ਨੂੰ ਕੋਵਿਡ-19 ਟੈਸਟ ਦੀ ਨੈਗੇਟਿਵ ਰਿਪੋਰਟ ਵਿਖਾਉਣੀ ਹੋਵੇਗੀ।

ਟਰੂਡੋ ਨੇ ਆਖਿਆ ਕਿ ਇਹ ਨਵੇਂ ਮਾਪਦੰਡ 15 ਫਰਵਰੀ ਤੋਂ ਸ਼ੁਰੂ ਹੋਣਗੇ। ਕੈਨੇਡਾ ਸਰਕਾਰ ਵੱਲੋਂ ਕੋਵਿਡ-19 ਨੂੰ ਕੈਨੇਡਾ ਵਿੱਚ ਫੈਲਣ ਤੋਂ ਰੋਕਣ ਲਈ ਇਹ ਤਾਜ਼ਾ ਕਦਮ ਚੁੱਕਿਆ ਜਾ ਰਿਹਾ ਹੈ। ਕੋਵਿਡ-19 ਦੇ ਕਈ ਨਵੇਂ ਵੇਰੀਐਂਟ, ਜਿਨ੍ਹਾਂ ਵਿੱਚੋਂ ਹੁਣ ਕੈਨੇਡਾ ਵਿੱਚ ਵੀ ਕਈ ਪਾਏ ਜਾ ਰਹੇ ਹਨ, ਕਾਰਨ ਵੀ ਸਰਕਾਰ ਕਾਫੀ ਪਰੇਸ਼ਾਨ ਹੈ ਤੇ ਇਨ੍ਹਾਂ ਨੂੰ ਅੱਗੇ ਫੈਲਣ ਤੋਂ ਰੋਕਣ ਲਈ ਹੀ ਸਰਕਾਰ ਇਹ ਹੀਲਾ ਅਪਨਾਉਣਾ ਚਾਹੁੰਦੀ ਹੈ।

ਸਰਕਾਰ ਨੇ ਹਵਾਈ ਰਸਤੇ ਕੈਨੇਡਾ ਪਹੁੰਚਣ ਵਾਲੇ ਟਰੈਵਲਰਜ਼ ਲਈ ਵੀ ਜਨਵਰੀ ਦੇ ਸ਼ੁਰੂ ਵਿੱਚ ਨੈਗੇਟਿਵ ਪੀਸੀਆਰ ਟੈਸਟ ਰਿਪੋਰਟ ਪੇਸ਼ ਕਰਨ ਦਾ ਨਿਯਮ ਲਾਗੂ ਕੀਤਾ ਸੀ। ਪਰ ਬਹੁਤੇ ਲੋਕ ਹਵਾਈ ਰਸਤੇ ਦੀ ਥਾਂ ਹੁਣ ਜ਼ਮੀਨੀ ਰਸਤੇ ਰਾਹੀਂ ਕੈਨੇਡਾ ਆ ਰਹੇ ਹਨ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੇ ਤਾਜ਼ਾ ਅੰਕੜਿਆਂ ਤੋਂ ਸਾਹਮਣੇ ਆਇਆ ਹੈ ਕਿ ਮਾਰਚ ਦੇ ਅੰਤ ਤੋਂ ਲੈ ਕੇ ਹੁਣ ਤੱਕ ਟਰੱਕ ਡਰਾਈਵਰਾਂ ਨੂੰ ਛੱਡ ਕੇ 2.9 ਮਿਲੀਅਨ ਲੋਕ ਜ਼ਮੀਨੀ ਰਸਤੇ ਰਾਹੀਂ ਕੈਨੇਡਾ ਦਾਖਲ ਹੋਏ ਜਦਕਿ 2.4 ਮਿਲੀਅਨ ਲੋਕ ਹਵਾਈ ਰਸਤੇ ਰਾਹੀਂ ਕੈਨੇਡਾ ਆਏ।

ਟਰੂਡੋ ਸਰਕਾਰ ਦਾ ਕਹਿਣਾ ਹੈ ਕਿ ਸਰਕਾਰ ਕੈਨੇਡੀਅਨਾਂ ਨੂੰ ਬਿਨਾਂ ਟੈਸਟ ਜ਼ਮੀਨੀ ਰਸਤੇ ਰਾਹੀਂ ਕੈਨੇਡਾ ਪਰਤਣ ਤੋਂ ਨਹੀਂ ਰੋਕ ਸਕਦੀ ਪਰ ਟੈਸਟ ਦੀ ਰਿਪੋਰਟ ਪੇਸ਼ ਨਾ ਕਰਨ ਵਾਲੇ ਨੂੰ 3,000 ਡਾਲਰ ਤੱਕ ਦਾ ਜੁਰਮਾਨਾ ਜ਼ਰੂਰ ਕੀਤਾ ਜਾ ਸਕਦਾ ਹੈ।

## ਚੀਨ ਦੀ ਲੈਬ ਤੋਂ ਲੀਕ ਨਹੀਂ ਹੋਇਆ ਕਰੋਨਾਵਾਇਰਸ : ਡਬਲਿਊਐਚਓ



ਬੀਜਿੰਗ, 11 ਫਰਵਰੀ (ਪੋਸਟ ਬਿਊਰੋ) : ਵਰਲਡ ਹੈਲਥ ਆਰਗੇਨਾਈਜ਼ੇਸ਼ਨ ਦੀ ਚੀਨ ਦੇ ਦੌਰੇ ਉੱਤੇ ਗਈ ਹੋਈ ਟੀਮ ਇਸ ਨਤੀਜੇ ਉੱਤੇ ਪਹੁੰਚੀ ਹੈ ਕਿ ਚੀਨ ਦੀ ਲੈਬ ਵਿੱਚੋਂ ਕਰੋਨਾਵਾਇਰਸ ਦਾ ਲੀਕ ਹੋਣਾ ਨਾਮੁਮਕਿਨ ਹੈ ਤੇ ਇਸ ਦੀ ਬਹੁਤ ਸੰਭਾਵਨਾ ਹੈ ਕਿ ਇਹ ਕਿਸੇ ਜਾਨਵਰ ਤੋਂ ਇਨਸਾਨ ਵਿੱਚ ਆਇਆ ਹੋਵੇ। ਗਰੁੱਪ ਵੱਲੋਂ ਵਾਇਰਸ ਦੇ ਮੂਲ ਬਾਰੇ ਪਤਾ ਲਾਉਣ ਦੀ ਆਪਣੀ ਖੋਜ ਨੂੰ ਖ਼ਤਮ ਕਰ ਦਿੱਤਾ ਗਿਆ ਹੈ।ਇਹ ਖੁਲਾਸਾ ਗਰੁੱਪ ਨਾਲ ਗਏ ਮਾਹਿਰ ਵੱਲੋਂ ਕੀਤਾ ਗਿਆ।

ਸੈਂਟਰਲ ਚੀਨ ਵਿੱਚ ਵੂਹਾਨ ਇੰਸਟੀਚਿਊਟ ਆਫ ਵਾਇਰੌਲੋਜੀ ਨੇ ਵਾਇਰਸ ਦੇ ਕਈ ਸੈਂਪਲ ਭਰੇ।ਇਸ ਇੰਸਟੀਚਿਊਟ ਉੱਤੇ ਕਈ ਦੋਸ਼ ਲੱਗ ਚੁੱਕੇ ਹਨ ਕਿ ਅਸਲੀ ਆਊਟਬ੍ਰੇਕ ਇਸੇ ਸੈਂਟਰ ਤੋਂ ਨੇੜਲੀਆਂ ਕਮਿਊਨਿਟੀਜ਼ ਵਿੱਚ ਲੀਕ ਹੋਇਆ। ਚੀਨ ਵੱਲੋਂ ਪਹਿਲਾਂ ਹੀ ਇਸ ਸੰਭਾਵਨਾ ਤੋਂ ਇਨਕਾਰ ਕੀਤਾ ਜਾ ਚੁੱਕਿਆ ਹੈ। ਚੀਨ ਨੇ ਵਾਇਰਸ ਦੇ ਉਪਜਣ ਦੀਆਂ ਕਈ ਹੋਰ ਸੰਭਾਵਨਾਵਾਂ ਵੀ ਜ਼ਾਹਿਰ ਕੀਤੀਆਂ। ਡਬਲਿਊਐਚਓ ਦੀ ਟੀਮ ਹੁਣ ਉਨ੍ਹਾਂ ਵੱਖ ਵੱਖ ਥਿਓਰੀਜ਼ ਉੱਤੇ ਵਿਚਾਰ ਕਰ ਰਹੀ ਹੈ ਕਿ ਇਹ ਬਿਮਾਰੀ ਮਨੁੱਖਾਂ ਵਿੱਚ ਕਿਵੇਂ ਦਾਖਲ ਹੋਈ ਤੇ ਕਿਸ ਤਰ੍ਹਾਂ ਇਸ ਨੇ ਮਹਾਂਮਾਰੀ ਦਾ ਰੂਪ ਲਿਆ ਤੇ ਇਸ ਕਾਰਨ ਹੁਣ ਤੱਕ ਪੂਰੀ ਦੁਨੀਆਂ ਵਿੱਚ 2•3 ਮਿਲੀਅਨ ਲੋਕਾਂ ਦੀ ਮੌਤ ਹੋ ਚੁੱਕੀ ਹੈ।

ਡਬਲਿਊਐਚਓ ਫੂਡ ਸੇਫਟੀ ਐਂਡ ਐਨੀਮਲ ਡਜ਼ੀਜ਼ ਮਾਹਿਰ ਪੀਟਰ ਬੈਨ ਐਂਬੈਰੇਕ ਨੇ ਇੱਕ ਨਿਊਜ਼ ਕਾਨਫਰੰਸ ਵਿੱਚ ਆਖਿਆ ਕਿ ਸਾਡੀਆਂ ਮੁੱਢਲੀਆਂ ਲੱਭਤਾਂ ਅਨੁਸਾਰ ਇਹ ਵਾਇਰਸ ਕਿਸੇ ਵਿਚਲੀ ਹੋਸਟ ਸਪੀਸੀਜ਼ ਰਾਹੀਂ ਹੀ ਇਨਸਾਨਾਂ ਤੱਕ ਪਹੁੰਚਿਆ।ਇਸ ਦਾ ਪਤਾ ਲਾਉਣ ਲਈ ਹੋਰ ਅਧਿਐਨ ਤੇ ਵਧੇਰੇ ਖੋਜ ਦੀ ਲੋੜ ਹੈ।

## ਸ਼੍ਰੋਮਣੀ ਕਮੇਟੀ ਵੱਲੋਂ ਸਾਰਾਗੜ੍ਹੀ ਸਰਾਂ ਦੇ ਫਰਨੀਚਰ ਦੀ ਖਰੀਦ ਵਿੱਚ ਵੱਡਾ ਘਪਲਾ !

### * ਪਰਮਿੰਦਰ ਢੀਂਡਸਾ ਨੇ ਸਾਰੀ ਕਹਾਣੀ ਸਾਹਮਣੇ ਲਿਆਂਦੀ



ਚੰਡੀਗੜ੍ਹ, 11 ਫਰਵਰੀ, (ਪੋਸਟ ਬਿਊਰੋ)-ਸ਼੍ਰੋਮਣੀ ਅਕਾਲੀ ਦਲ (ਡੈਮੋਕ੍ਰੇਟਿਕ) ਦੇ ਸੀਨੀਅਰ ਆਗੂ, ਵਿਧਾਇਕ ਅਤੇ ਪੰਜਾਬ ਦੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਅੰਮ੍ਰਿਤਸਰ ਵਿਖੇ ਨਵੀਂ ਬਣੀ ਸਾਰਾਗੜ੍ਹੀ ਸਰਾਂ ਲਈ ਫਰਨੀਚਰ ਦੀ ਖਰੀਦ ਵਿੱਚ ਵੱਡੇ ਘਪਲੇ ਦਾ ਦੋਸ਼ ਲਾਇਆ ਹੈ। ਅੱਜ ਚੰਡੀਗੜ੍ਹ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਪਰਮਿੰਦਰ ਸਿੰਘ ਢੀਂਡਸਾ ਨਾਲ ਸੀਨੀਅਰ ਆਗੂ ਰਣਜੀਤ ਸਿੰਘ ਤਲਵੰਡੀ, ਸ਼੍ਰੋਮਣੀ ਕਮੇਟੀ ਦੇ ਕਾਰਜਕਾਰਨੀ ਮੈਂਬਰਾਂ ਮਿੱਠੂ ਸਿੰਘ ਕਾਹਨੇਕੇ, ਅਮਰੀਕ ਸਿੰਘ ਸ਼ਾਹਪੁਰ, ਸ਼੍ਰੋਮਣੀ ਕਮੇਟੀਦੇ ਸਾਬਕਾ ਮੈਂਬਰ ਹਰਬੰਸ ਸਿੰਘ ਮੰਝਪੁਰ ਨੇ ਖੁਲਾਸਾ ਕੀਤਾ ਕਿ ਸਾਰਾਗੜ੍ਹੀ ਸਰਾਂ ਦੇ 239 ਕਮਰਿਆਂ ਲਈ ਫਰਨੀਚਰ ਦੀ ਖਰੀਦ ਦਾਵੱਡਾ ਘਪਲਾ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ ਮਾਰਕੀਟ ਰੇਟ ਵਿਚ ਜਿਹੜਾ ਫਰਨੀਚਰ ਪੌਣੇ ਦੌ ਕਰੋੜ ਰੁਪਏ ਦਾ ਖਰੀਦਿਆ ਜਾ ਸਕਦਾ ਸੀ, ਉਹੀ ਫਰਨੀਚਰ ਚੀਨ ਦੀ ਵਰਨੀਕਾ ਓਵਰਸੀਜ਼ ਨਾਂਅ ਦੀ ਕੰਪਨੀ ਤੋਂ 5 ਕਰੋੜ 17 ਲੱਖ ਰੁਪਏ ਦਾ ਖਰੀਦਿਆ ਗਿਆ ਅਤੇ ਬੰਦਰਗਾਹ ਤੋਂ ਅੰਮ੍ਰਿਤਸਰ ਤਕ ਢੁਆਈ ਸਾਢੇ 19 ਲੱਖ ਰੁਪਏ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਖਰੀਦ ਲਈ ਸ਼੍ਰੋਮਣੀ ਕਮੇਟੀ ਦੇ ਓਦੋਂ ਦੇ ਚੀਫ ਸੈਕਟਰੀ ਹਰਚਰਨ ਸਿੰਘ ਅਤੇ ਕਮੇਟੀ ਦੇ ਆਗੂਆਂ ਰਜਿੰਦਰ ਸਿੰਘ ਮਹਿਤਾ ਅਤੇ ਰਘੁਜੀਤ ਸਿੰਘ ਵਿਰਕ ਦੀ ਤਿੰਨ ਮੈਂਬਰੀ ਕਮੇਟੀ ਬਣਾਈ ਗਈ ਸੀ, ਪਰ ਕਮੇਟੀ ਦੀ ਮਨਜ਼ੂਰੀ ਤੋਂ ਬਗੈਰ ਹੀ ਫਰਨੀਚਰ ਖ਼ਰੀਦਿਆ ਗਿਆ ਅਤੇ ਚਾਰ ਸਾਲ ਪਹਿਲਾਂ ਦੀ ਖਰੀਦ ਵਿਚ ਘਪਲਾ ਓਦੋਂ ਜ਼ਾਹਰ ਹੋਇਆ, ਜਦੋਂ ਕੰਪਨੀ ਨੂੰ ਅਦਾਇਗੀ ਲਈ ਦਿੱਤੇ ਚੈੱਕ ਉੱਤੇਇਸ ਕਮੇਟੀ ਦੇ ਇੱਕ ਮੈਂਬਰ ਰਘੁਜੀਤ ਸਿੰਘ ਵਿਰਕ ਦੇ ਦਸਖਤ ਨਾ ਹੋਣ ਕਰ ਕੇ ਚਾਰਟਰਡ ਅਕਾਊਂਟੈਂਟ ਵਲੋਂ ਇਤਰਾਜ਼ ਲਾਉਣ ਨਾਲ ਅਦਾਇਗੀ ਨੂੰ ਮਨਜ਼ੂਰੀ ਦੇਣ ਲਈ ਇਹ ਮਸਲਾ ਕਾਰਜਕਾਰੀ ਕਮੇਟੀ ਵਿਚ ਲਿਆਂਦਾ ਗਿਆ। ਅੱਗੋਂ ਕਾਰਜਕਾਰੀ ਕਮੇਟੀ ਵਿੱਚ ਸ਼੍ਰੋਮਣੀ ਕਮੇਟੀ ਦੇ ਮੈਂਬਰਮਿੱਠੂ ਸਿੰਘ ਕਾਹਨੇਕੇ ਅਤੇ ਹੋਰ ਮੈਂਬਰਾਂ ਨੇ ਵਿਰੋਧ ਜਤਾਉਂਦੇ ਹੋਏ ਮਨਜ਼ੂਰੀ ਨਹੀਂ ਹੋਣ ਦਿੱਤੀ।

ਪਰਮਿੰਦਰ ਸਿੰਘ ਢੀਂਡਸਾ ਨੇ ਇਹ ਵੀ ਦੋਸ਼ ਲਾਇਆ ਕਿ ਗੁਰਦੁਆਰਾ ਬਾਬਾ ਗਾਂਧਾ ਸਿੰਘ ਬਰਨਾਲਾ ਦੇ ਮੈਨੇਜਰ ਨੇ ਵੱਡੇ ਪੱਧਰ ਉੱਤੇ ਜਾਅਲੀ ਬਿੱਲ ਪਾਸ ਕੀਤੇ ਤੇ ਸ਼੍ਰੋਮਣੀ ਕਮੇਟੀ ਦੀਆਂ ਦੁਕਾਨਾਂ ਦੇ ਕਿਰਾਏ ਦਾ ਵੀ ਘਪਲਾ ਚੱਲ ਰਿਹਾ ਹੈ। ਉਨ੍ਹਾਂ ਕਿਹਾ: ਘਪਲਾ ਜ਼ਾਹਰ ਹੋਣ ਉੱਤੇਮੈਨੇਜਰਬਦਲ ਦਿੱਤਾ, ਪਰ ਪਿੱਛੋਂ ਉਸ ਨੂੰ ਨਾ ਸਿਰਫ਼ ਤਰੱਕੀ ਦੇ ਕੇ ਖਰੀਦ ਇੰਸਪੈਕਟਰ ਬਣਾ ਦਿੱਤਾ, ਸਗੋਂ ਸੁਖਬੀਰ ਸਿੰਘ ਬਾਦਲ ਦੇ ਕਹੇ ਉੱਤੇ ਘਪਲੇ ਦੀ ਜਾਂਚ ਵੀ ਠੱਪ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀਵਿਚ ਅਜਿਹੇ ਅਨੇਕ ਘਪਲੇ ਚੱਲ ਰਹੇ ਹਨ ਅਤੇ ਇਸ ਦੀ ਸਿੱਧੀ ਜ਼ਿਮੇਵਾਰੀ ਸੁਖਬੀਰ ਸਿੰਘ ਬਾਦਲ ਦੀ ਬਣਦੀ ਹੈ, ਕਿਉਂਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਪਰਚੀ ਹਰ ਵਾਰੀ ਸਿਰਫ ਉਨ੍ਹਾਂ ਦੀ ਜੇਬ ਵਿਚੋਂ ਨਿਕਲਦੀ ਹੈ।

## ਰੂਸੀ ਸਮਾਚਾਰ ਏਜੰਸੀ ਦਾ ਦਾਅਵਾ: ਪਿਛਲੇ ਸਾਲ ਗਲਵਾਨ ਘਾਟੀ ਝੜਪ ਵਿੱਚ ਚੀਨ ਦੇ 45 ਫੌਜੀ ਵੀ ਮਾਰੇ ਗਏ ਸਨ

ਮਾਸਕੋ, 11 ਫਰਵਰੀ, (ਪੋਸਟ ਬਿਊਰੋ)-ਪੂਰਬੀ ਲੱਦਾਖ ਦੀ ਗਲਵਾਨ ਘਾਟੀ ਵਿਚ ਪਿਛਲੇ ਸਾਲ 15 ਜੂਨ ਦੀ ਝੜਪ ਵਿਚ ਮਾਰੇ ਗਏ ਚੀਨੀ ਫੌਜੀਆਂ ਬਾਰੇਰੂਸੀ ਸਮਾਚਾਰ ਏਜੰਸੀ ਤਾਸ ਨੇ ਖੁਲਾਸਾ ਕੀਤਾ ਹੈ ਕਿ ਇਸ ਝੜਪ ਵਿਚ ਘੱਟੋ-ਘੱਟ 45 ਚੀਨੀ ਫੌਜੀ ਅਤੇ 20 ਭਾਰਤੀ ਜਵਾਨ ਮਾਰੇ ਗਏ ਸਨ। ਚੀਨ ਨੇ ਹਾਲੇ ਤੱਕ ਇਹ ਗੱਲ ਨਹੀਂ ਦੱਸੀ ਕਿ ਉਸ ਦੇ ਕਿੰਨੇ ਸੈਨਿਕ ਮਾਰੇ ਗਏ ਸਨ। ਰੂਸੀ ਸਮਾਚਾਰ ਏਜੰਸੀ ਨੇ ਇਹ ਖੁਲਾਸਾ ਓਦੋਂ ਕੀਤਾ ਹੈ, ਜਦੋਂ ਦੋਵੇਂ ਦੇਸ਼ ਆਪਣੀ ਸੈਨਾ ਨੂੰ ਪੈਂਗੋਂਗ ਝੀਲ ਤੋਂ ਹਟਾਉਣ ਉੱਤੇ ਸਹਿਮਤ ਹੋ ਗਏ ਹਨ।

ਵਰਨਣ ਯੋਗ ਹੈ ਕਿ ਲੱਦਾਖ ਵਿਚ ਚੱਲਦੇ ਤਣਾਅ ਨੂੰ ਦੇਖ ਕੇ ਦੋਵਾਂ ਦੇਸ਼ਾਂ ਨੇ ਕਰੀਬ 50-50 ਹਜ਼ਾਰ ਸੈਨਿਕਾਂ ਨੂੰ ਇਸ ਖੇਤਰ ਵਿੱਚ ਤਾਇਨਾਤ ਕੀਤਾ ਹੋਇਆ ਹੈ। ਚੀਨ ਨੇ ਭਾਰਤ ਨਾਲ ਬੈਠਕ ਵਿਚ ਦੱਸਿਆ ਸੀ ਕਿ ਗਲਵਾਨ ਘਾਟੀ ਦੀ ਝੜਪ ਵਿਚ ਉਸ ਦੇ 5 ਫੌਜੀ ਮਾਰੇ ਗਏ ਸਨ, ਜਿਨ੍ਹਾਂ ਵਿਚ ਚੀਨੀ ਫੌਜ ਦਾ ਇਕ ਕਮਾਂਡਿੰਗ ਅਫਸਰ ਸ਼ਾਮਲ ਸੀ। ਹਾਲੇ ਵੀ ਚੀਨ ਆਪਣੇ 5 ਸੈਨਿਕ ਮਾਰੇ ਜਾਣ ਦੀ ਗੱਲ ਕਰਦਾ ਹੈ, ਪਰ ਅਮਰੀਕੀ ਅਤੇ ਭਾਰਤੀ ਏਜੰਸੀਆਂ ਦਾ ਅੰਦਾਜ਼ਾ ਹੈ ਕਿ ਘੱਟੋ-ਘੱਟ 40 ਚੀਨੀ ਫੌਜੀ ਇਸ ਝੜਪ ਵਿਚ ਮਾਰੇ ਗਏ ਸਨ।ਇਸ ਸਮੇਂ ਪੂਰਬੀ ਲੱਦਾਖ ਦੇ ਦੇਵਸਾਂਗ, ਪੈਂਗੋਂਗ ਝੀਲ ਦੇ ਨਾਰਥ ਅਤੇ ਸਾਊਥ ਬੈਂਕ, ਪੈਟਰੋਲਿੰਗ ਪੁਆਇੰਟ 17ਏ, ਰੇਜਾਂਗ ਲਾ ਅਤੇ ਰੇਚਿਨ ਲਾ ਵਿਚ ਦੋਹਾਂ ਦੇਸ਼ਾਂ ਦੀਆਂ ਸੈਨਾਵਾਂ ਆਹਮੋ ਸਾਹਮਣੇ ਹਨ। ਗਲਵਾਨ ਘਾਟੀ ਦੀ ਹਿੰਸਾ ਤੋਂ ਸਬਕ ਲੈਂਦੇ ਹੋਏ ਭਾਰਤ ਨੇ ਚੀਨ ਨੂੰ ਸਾਫ ਕਹਿ ਦਿੱਤਾ ਹੈ ਕਿ ਸਾਡੇ ਫੌਜੀ ਆਪਣੀ ਸੁਰੱਖਿਆ ਅਤੇ ਪੂਰਬੀ ਲੱਦਾਖ ਵਿਚ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ।

## ਰਾਹੁਲ ਗਾਂਧੀ ਨੇ ਪਾਰਲੀਮੈਂਟ ਵਿੱਚ ਪ੍ਰਧਾਨ ਮੰਤਰੀ ਮੋਦੀ ਉੱਤੇ ਨਿਸ਼ਾਨਾ ਸਾਧਿਆ



ਨਵੀਂ ਦਿੱਲੀ, 11 ਫਰਵਰੀ, (ਪੋਸਟ ਬਿਊਰੋ)-ਕਾਂਗਰਸ ਪਾਰਟੀ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਅੱਜ ਲੋਕ ਸਭਾ ਵਿੱਚ ਬੋਲਦੇ ਵਕਤ ਨਰਿੰਦਰ ਮੋਦੀ ਸਰਕਾਰ ਉੱਤੇ ਤਿੱਖਾ ਨਿਸ਼ਾਨਾ ਸਾਧਿਆ ਅਤੇ ਤਿੰਨਾਂ ਕਾਨੂੰਨਾਂ ਵਿੱਚ ਕਿਸਾਨਾਂ ਦੇ ਨਾਲ ਮੰਡੀਆਂ ਅਤੇ ਆਮ ਲੋਕਾਂ ਵਿਰੁੱਧ ਚੱਲਣ ਵਾਲੀਆਂ ਚਾਲਾਂ ਦਾ ਜ਼ਿਕਰ ਕੀਤਾ।

ਰਾਹੁਲ ਗਾਂਧੀ ਨੇ ਕਿਹਾ ਕਿ ਪਹਿਲੇ ਖੇਤੀਬਾੜੀ ਕਾਨੂੰਨ ਨਾਲ ਮੰਡੀਆਂ ਨੂੰ ਖ਼ਤਮ ਕੀਤਾ ਜਾਣਾ ਹੈ, ਜਦ ਕਿ ਦੂਸਰੇ ਕਾਨੂੰਨ ਮੁਤਾਬਕ ਕੋਈ ਵੀ ਸੇਠ ਜਿੰਨਾ ਚਾਹੇ ਅਨਾਜ,ਫਲ ਤੇ ਸਬਜ਼ੀਆਂ ਸਟੋਰ ਕਰ ਸਕਦਾ ਹੈ। ਇਸ ਕਾਨੂੰਨ ਦਾ ਟੀਚਾ ਜਮ੍ਹਾਂਖੋਰੀ ਨੂੰ ਉਤਸ਼ਾਹਤ ਕਰਨਾ ਹੈ। ਉਨ੍ਹਾਂ ਕਿਹਾ ਕਿ ਤੀਸਰੇ ਕਾਨੂੰਨ ਦੀ ਸਮੱਗਰੀ ਹੈ ਕਿ ਜਦੋਂ ਕੋਈ ਕਿਸਾਨ ਭਾਰਤ ਦੇ ਸਭ ਤੋਂ ਵੱਡੇ ਉਦਯੋਗਪਤੀਆਂ ਕੋਲੋਂ ਸਬਜ਼ੀਆਂ-ਅਨਾਜਾਂ ਦਾ ਸਹੀ ਭਾਅ ਮੰਗਦਾ ਹੈ,ਤਾਂ ਉਸਨੂੰ ਅਦਾਲਤ ਵਿੱਚ ਜਾਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਰਾਹੁਲ ਗਾਂਧੀ ਦੇ ਭਾਸ਼ਣ ਦੌਰਾਨ ਭਾਜਪਾ ਦੇ ਮੈਂਬਰ ਹੰਗਾਮਾ ਕਰਦੇ ਰਹੇ।

ਵਰਨਣ ਯੋਗ ਹੈ ਕਿ ਇਸ ਤੋਂ ਇੱਕ ਦਿਨ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਦਨ ਵਿੱਚ ਕਿਹਾ ਸੀ ਕਿ ਇਨ੍ਹਾਂ ਤਿੰਨ ਖੇਤੀਬਾੜੀ ਕਾਨੂੰਨਾਂ ਦੀ ਵਿਸ਼ਾ-ਵਸਤੂ ਅਤੇ ਇਰਾਦੇ ਬਾਰੇ ਅਗੇਤੇ ਵਿਚਾਰ ਵਟਾਂਦਰੇ ਹੋਏ ਸਨ ਅਤੇ ਇਸ ਤੋਂ ਪਹਿਲਾਂ ਕਾਂਗਰਸ ਪਾਰਟੀ ਦੀ ਅਗਵਾਈ ਵਾਲੀ ਮਨਮੋਹਨ ਸਿੰਘ ਸਰਕਾਰ ਵੀ ਇਹ ਕੁਝ ਕਰਨ ਲੱਗੀ ਸੀ। ਇਸ ਬਿਆਨ ਉੱਤੇ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਮੋਦੀ ਉੱਤੇ ਨਿਸ਼ਾਨਾ ਸਾਧਿਆਅਤੇ ਕਿਹਾ ਕਿ ਕਈ ਸਾਲ ਪਹਿਲਾਂ ਭਾਰਤ ਵਿੱਚ ਪਰਿਵਾਰ ਯੋਜਨਾਬੰਦੀ ਦਾ ਨਾਅਰਾ ਸੀ ‘ਹਮ ਦੋ, ਹਮਾਰੇ ਦੋ’ ਅਤੇ ਅੱਜ ਕੀ ਹੋ ਰਿਹਾ ਹੈ? ਇਹ ਨਾਅਰਾ ਨਵੇਂ ਰੂਪ ਵਿਚ ਆਇਆ ਹੈ। ਅੱਜ ਇਸ ਦੇਸ਼ ਨੂੰ ਚਾਰ ਲੋਕ ਚਲਾਉਂਦੇ ਹਨ ਅਤੇ ਇਸ ਸਰਕਾਰ ਦਾ ਨਾਅਰਾ ਹੈ ‘ਹਮ ਦੋ-ਹਮਾਰੇ ਦੋ।’

ਰਾਹੁਲ ਗਾਂਧੀ ਨੇ ਕਿਹਾ ਕਿ ਮੋਦੀ ਸਰਕਾਰ ਦੇ ਦੋਵਾਂ ਦੋਸਤਾਂ ਵਿਚੋਂ ਇਕ ਜਣੇ ਨੂੰ ਫਲ ਅਤੇ ਸਬਜ਼ੀਆਂ ਵੇਚਣ ਦਾ ਅਧਿਕਾਰ ਦਿੱਤਾ ਗਿਆ ਹੈ, ਜਿਸ ਨਾਲ ਰੇੜ੍ਹੀ ਵਾਲਿਆਂ ਦਾ ਨੁਕਸਾਨ ਹੋਏਗਾ, ਛੋਟੇ ਕਾਰੋਬਾਰੀ ਦਾ ਨੁਕਸਾਨ ਹੋਵੇਗਾ ਅਤੇ ਬਾਜ਼ਾਰ ਵਿਚ ਕੰਮ ਕਰਦੇ ਲੋਕਾਂ ਦਾ ਨੁਕਸਾਨ ਹੋਵੇਗਾ। ਦੂਸਰੇ ਦੋਸਤ ਨੇ ਪੂਰੇ ਦੇਸ਼ ਵਿਚ ਅਨਾਜ,ਫਲ ਅਤੇ ਸਬਜ਼ੀਆਂ ਸਟੋਰ ਕਰਨੀਆਂ ਹਨ। ਰਾਹੁਲ ਗਾਂਧੀ ਨੇ ਕਿਹਾ ਜਦੋਂ ਇਹ ਕਾਨੂੰਨ ਲਾਗੂ ਹੋਣਗੇ ਤਾਂ ਇਸ ਦੇਸ਼ ਦੇ ਕਿਸਾਨਾਂ ਅਤੇ ਮਜ਼ਦੂਰਾਂ ਦਾ ਰੁਜ਼ਗਾਰ ਠੱਪ ਹੋ ਜਾਵੇਗਾ। ਕਿਸਾਨਾਂ ਦਾ ਖੇਤ ਚੱਲੇਗਾ, ਪਰ ਉਨ੍ਹਾਂ ਨੂੰ ਸਹੀ ਕੀਮਤ ਨਹੀਂ ਮਿਲੇਗੀ ਅਤੇ ਸਿਰਫ ‘ਅਸੀਂ ਦੋ ਅਤੇ ਸਾਡੇ ਦੋ’ ਲੋਕ ਇਸਨੂੰ ਚਲਾਉਣਗੇ, ਜਿਸ ਕਾਰਨ ਕਈ ਸਾਲਾਂ ਪਿੱਛੋਂ ਭਾਰਤ ਦੇ ਲੋਕਾਂ ਨੂੰ ਫਿਰ ਭੁੱਖ ਨਾਲ ਮਰਨਾ ਪਏਗਾ ਅਤੇ ਪੇਂਡੂ ਆਰਥਿਕਤਾ ਤਬਾਹ ਹੋ ਜਾਵੇਗੀ। ਸਰਕਾਰ ਦੀ ਇਹ ਪਹਿਲੀ ਕੋਸ਼ਿਸ਼ ਹੈ।

ਪ੍ਰਧਾਨ ਮੰਤਰੀ ਉੱਤੇ ਹਮਲਾ ਜਾਰੀ ਰੱਖਦੇ ਹੋਏ ਰਾਹੁਲ ਗਾਂਧੀ ਨੇ ਕਿਹਾ: ਇਸ ਸਰਕਾਰ ਵੱਲੋਂ ਮਾਰੀ ਪਹਿਲੀ ਸੱਟ ਨੋਟਬੰਦੀ ਸੀ। ਇਸ ਦਾ ਮਕਸਦ ਕਿਸਾਨਾਂ ਤੇ ਗਰੀਬਾਂ ਤੋਂ ਪੈਸੇ ਲੈ ਕੇ ਉਦਯੋਗਪਤੀਆਂ ਦੀ ਜੇਬ ਵਿੱਚ ਪਾਉਣਾ ਸੀ। ਇਸ ਤੋਂ ਪਿੱਛੋਂ ਜੀਐਸਟੀ ਲਿਆ ਕੇ ਕਿਸਾਨ ਅਤੇ ਮਜ਼ਦੂਰਾਂ ਦੀ ਆਰਥਿਕਤਾ ਉੱਤੇ ਹਮਲਾ ਕੀਤਾ ਗਿਆ। ਰਾਹੁਲ ਗਾਂਧੀ ਨੇ ਕਿਹਾ,ਫਿਰ ਕੋਰੋਨਾ ਆ ਗਿਆ, ਜਿਸ ਦੇ ਸਮੇਂ ਮਜ਼ਦੂਰ ਕਹਿੰਦੇ ਸਨ ਕਿ ਬੱਸ ਘਰਾਂ ਵੱਲ ਜਾਣ ਲਈ ਇੱਕ ਟਿਕਟ ਦਿਓ, ਸਰਕਾਰ ਕਹਿੰਦੀ ਸੀ ਕਿ ਨਹੀਂ ਮਿਲੇਗੀ, ਪਰ ਸਰਕਾਰ ਨੇ ਉਦਯੋਗਪਤੀ ਮਿੱਤਰਾਂ ਦਾ ਕਰਜ਼ਾ ਮਾਫ ਕਰ ਦਿੱਤਾ। ਰਾਹੁਲ ਗਾਂਧੀ ਨੇ ਕਿਹਾ, “ਇਸ ਵਕਤ ਦੇਸ਼ ਵਿੱਚ ਚੱਲਦਾ ਕਿਸਾਨ ਸੰਘਰਸ਼ ਅਸਲ ਵਿੱਚਸਾਰੇ ਦੇਸ਼ ਦੇ ਲੋਕਾਂ ਦੀ ਲਹਿਰ ਹੈ,ਨਾ ਕਿ ਕਿਸਾਨਾਂ ਦੀ, ਕਿਸਾਨ ਸਿਰਫਰਾਹ ਦਿਖਾ ਰਿਹਾ ਹੈ, ਪੂਰਾ ਦੇਸ਼ ਇਕੋ ਆਵਾਜ਼ ਨਾਲ ‘ਹਮ ਦੋ,ਹਮਰੇ ਦੋ’ ਦੇ ਖਿਲਾਫ ਆਵਾਜ਼ ਬੁਲੰਦ ਕਰਨ ਜਾ ਰਿਹਾ ਹੈ। ਕਿਸਾਨ ਇਕ ਇੰਚ ਵੀ ਪਿੱਛੇ ਨਹੀਂ ਹਟੇਗਾ। ਕਿਸਾਨ ਅਤੇ ਮਜ਼ਦੂਰ ਤੁਹਾਨੂੰ ਹਟਾ ਦੇਣਗੇ।ਨਰਿੰਦਰ ਮੋਦੀ ਸਰਕਾਰ ਨੂੰ ਇਹ ਕਾਨੂੰਨ ਵਾਪਸ ਲੈਣੇ ਹੀਪੈਣਗੇ।”

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



Grand Upholstery Ltd
Sofa Company Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ




Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

ukttc UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training

Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training
Forklift $79 Recertification




ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਸੰਪਾਦਕੀ

## ਕਿਉਂ ਅਸੰਭਵ ਜਾਪਦਾ ਹੈ ਦਰਬਾਰੀਆਂ ਤੋਂ ਪਾਰਲੀਮੈਂਟੇਰੀਅਨ ਬਣਨਾ?

ਪੁਰਾਣੇ ਜ਼ਮਾਨੇ ਵਿੱਚ ਬਦਾਸ਼ਾਹਾਂ ਦੇ ਦਰਬਾਰੀਆਂ ਦਾ ਇੱਕ ਰੋਲ ਬਾਦਸ਼ਾਹ ਨੂੰ ਹਰ ਹਾਲਤ ਵਿੱਚ ਖੁਸ਼ ਰੱਖਣਾ ਹੁੰਦਾ ਸੀ। ਜਦੋਂ ਕਦੇ ਬਾਦਾਸ਼ਾਹ ਦਾ ਮੂਡ ਖਰਾਬ ਹੁੰਦਾ ਤਾਂ ਬਾਦਸ਼ਾਹ ਨੂੰ ਖੁਸ਼ ਕਰਨ ਲਈ ਮਸਖ਼ਰਿਆਂ ਨੂੰ ਪੇਸ਼ ਕੀਤਾ ਜਾਂਦਾ। ਬਾਦਸ਼ਾਹ ਦਾ ਮੂਡ ਥਾਂ ਸਿਰ ਕਰਨ ਬਦਲੇ ਅੱਛੀ ਖਾਸੀ ਬਖ਼ਸੀਸ਼ ਮਿਲਦੀ, ਕਈ ਵਾਰ ਜਾਗੀਰਾਂ ਤੱਕ ਅਲਾਟ ਕਰ ਦਿੱਤੀਆਂ ਜਾਂਦੀਆਂ। 21ਵੀਂ ਸਦੀ ਦੇ ਕੈਨੇਡੀਅਨ ਪਾਰਲੀਮਾਨੀ ਸਿਸਟਮ ਵਿੱਚ ਇਹ ਸੋਚਣਾ ਵੀ ਗੁਨਾਹ ਜਾਪੇਗਾ ਕਿ ਬਾਦਸ਼ਾਹ ਨੂੰ ਖੁਸ਼ ਕਰਨ ਲਈ ਦਰਬਾਰੀ ਰੱਖੇ ਜਾਣ। ਪਰ ਹਕੀਕਤ ਵਿੱਚ ਹਾਲਾਤ ਇਸ ਸਥਿਤੀ ਤੋਂ ਕਈ ਬਹੁਤੇ ਵੱਖਰੇ ਨਹੀਂ ਹਨ। ਫ਼ਰਕ ਸਿਰਫ਼ ਐਨਾ ਹੈ ਕਿ ਅੱਜ ਬਾਦਸ਼ਾਹ ਦੀ ਥਾਂ ਪਾਰਟੀ ਸਿਸਟਮ ਹੈ ਜੋ ਪਾਰਲੀਮੈਂਟ ਵਿੱਚ ਉਹੋ ਕੁੱਝ ਹੀ ਬੋਲਣ ਸੁਣਨ ਦੀ ਆਗਿਆ ਦੇਂਦਾ ਹੈ ਜੋ ਬਾਦਸ਼ਾਹ ਦੇ ਮਨ ਨੂੰ ਭਾਉਂਦੀ ਹੈ। ਬਾਦਸ਼ਾਹ ਨੂੰ ਖੁਸ਼ ਰੱਖਣ ਲਈ ਐਮ ਪੀਆਂ ਨੂੰ ਕਿਸ ਹੱਦ ਤੱਕ ਕੰਟਰੋਲ ਕੀਤਾ ਜਾਂਦਾ ਹੈ, ਇਸ ਬਾਰੇ ਗੱਲ ਸੱਤਾਧਾਰੀ ਦੇ ਇੱਕ ਐਮ ਪੀ ਵੱਲੋਂ ਪਾਰਲੀਮੈਂਟ ਵਿੱਚ ਪੁੱਛੇ ਗਏ ਸੁਆਲ ਦੀ ਮਿਸਾਲ ਰਾਹੀਂ ਕਰਦੇ ਹਾਂ।

ਪਹਿਲੀ ਵਾਰ 2004 ਵਿੱਚ ਐਮ ਪੀ ਚੁਣੇ ਜਾਣ ਤੋਂ ਬਾਅਦ 2006, 2008, 2011, 2015 ਅਤੇ 2019 ਵਿੱਚ ਚੋਣਾਂ ਜਿੱਤਣ ਵਾਲੇ ਲਿਬਰਲ ਐਮ ਪੀ ਫਰਾਂਸਿਸ ਸਕਾਰਪਾਲੇਜੀਆ (Francis Scarpaleggia) ਦੇ ਮਨ ਵਿੱਚ ਪਿਛਲੇ ਸਾਲ ਇੱਕ ਅਜੀਬ ਖਿਆਲ ਆ ਗਿਆ। ਅਣਲਿਖੇ ਨੇਮਾਂ ਮੁਤਾਬਕ ਸੱਤਾਧਾਰੀ ਐਮ ਪੀ ਨੂੰ ਖਿਆਲ ਨਹੀਂ ਸੀ ਆਉਣਾ ਚਾਹੀਦਾ ਪਰ ਇਹ ਅਣਹੋਣੀ ਹੋ ਗਈ। ਉਸਦਾ ਖਿਆਲ ਸੀ ਕਿ ਪਾਰਲੀਮੈਂਟ ਵਿੱਚ ਸਿਹਤ ਮੰਤਰੀ ਪੈਟੀ ਹਾਜਦੂ ਤੋਂ (Patty Hajdu) ਤੋਂ COVID-19 pandemic ਬਾਰੇ ਇੱਕ ਦੋਸਤਾਨਾ ਸੁਆਲ (friendly question) ਪੁੱਛਿਆ ਜਾਵੇ।

ਸੱਤਾਧਾਰੀ ਪਾਰਟੀ ਦੇ ਐਮ ਪੀਆਂ ਦੇ ਸੁਆਲਾਂ ਨੂੰ ਦੋਸਤਾਨਾ ਇਸ ਲਈ ਆਖਿਆ ਜਾਂਦਾ ਹੈ ਕਿਉਂਕਿ ਸੁਆਲ ਜਵਾਬ ਪਾਰਟੀ ਐਮ ਪੀਆਂ ਦੀ ਆਪਸੀ 'ਖਿੱਦੋ ਖੂੰਡੀ' ਹੀ ਹੁੰਦੀ ਹੈ। ਇਸ ਵਿੱਚ ਖਿਆਲ ਰੱਖਿਆ ਜਾਂਦਾ ਹੈ ਕਿ ਭੁੱਲ ਕੇ ਵੀ ਖੂੰਡੀ ਸਾਹਮਣੇ ਵਾਲੇ ਦੇ ਹੱਡ ਗੋਡੇ ਨਾ ਵੱਜ ਜਾਵੇ। ਆਮ ਭੋਲਾ ਭਾਲਾ ਕੈਨੇਡੀਅਨ ਨਾਗਰਿਕ ਇਹ ਆਸ ਰੱਖਦਾ ਹੈ ਕਿ 16 ਸਾਲ ਦਾ ਅਨੁਭਵ ਅਤੇ ਲਿਬਰਲ ਫੈਡਰਲ ਕਾਕਸ ਦਾ ਚੇਅਰਮੈਨ ਦਾ ਰੁਤਬਾ ਰੱਖਣ ਵਾਲੇ ਐਮ ਪੀ ਫਰਾਂਸਿਸ ਨੂੰ ਕੋਈ ਵੀ ਸੁਆਲ ਪੁੱਛਣ ਦੀ ਖੁੱਲ ਹੋਵੇਗੀ। ਜਾਂ ਫੇਰ ਪਾਰਟੀ ਨੂੰ ਭਰੋਸਾ ਹੋਵੇਗਾ ਕਿ ਉਸ ਨੂੰ 16 ਸਾਲ ਦੇ ਅਨੁਭਵ ਤੋਂ ਬਾਅਦ ਐਨੀ ਕੁ ਅਕਲ ਆ ਚੁੱਕੀ ਹੈ ਕਿ ਉਹ ਪਾਰਟੀ ਦੇ ਸਨਮਾਨ ਅਤੇ ਸਰਕਾਰੀ ਧਿਰ ਦੀ ਜ਼ੁੰਮੇਵਾਰੀ ਦੇ ਦਾਇਰੇ ਵਿੱਚ ਰਹਿ ਕੇ ਸੁਆਲ ਪੁੱਛਣ ਦੇ ਯੋਗ ਹੈ। ਪਰ ਉਸ ਲਈ ਵੀ ਪਾਰਲੀਮੈਂਟ ਵਿੱਚ ਸੁਆਲ ਪੁੱਛਣ ਤੋਂ ਪਹਿਲਾਂ ਇਜ਼ਾਜਤ ਲੈਣੀ ਲਾਜ਼ਮੀ ਸੀ। ਹਫਿੰਗਟਨ ਪੋਸਟ (Huffington Post) ਮੁਤਾਬਕ ਫਰਾਂਸਿਸ ਦਾ ਸੁਆਲ ਪ੍ਰਧਾਨ ਮੰਤਰੀ ਦਫ਼ਤਰ ਦੇ ਅਹਿਲਕਾਰਾਂ, ਦੋ ਮੰਤਰੀਆਂ ਦੇ ਸਟਾਫ਼ ਅਤੇ ਕਈ ਹੋਰ ਸੀਨੀਅਰਾਂ ਦੀ ਆਗਿਆ ਦਾ ਮੁਹਤਾਜ਼ ਬਣਿਆ। ਇਸ ਮੁਹਤਾਜ਼ੀ ਵਿੱਚੋਂ ਗੁਜ਼ਰਦਿਆਂ 2 ਉਸ ਗਰੀਬ ਸੁਆਲ ਦਾ ਮੂਲ ਸਰੂਪ ਐਨਾ ਬਦਲ ਗਿਆ ਕਿ ਫਰਾਂਸਿਸ ਲਈ ਵੀ ਇਹ ਪਹਿਚਾਨਣਾ ਮੁਸ਼ਕਲ ਹੋਇਆ ਹੋਵੇਗਾ ਕਿ ਕੀ ਇਹ ਉਸਦਾ ਹੀ ਸੁਆਲ ਸੀ?

ਸੁਆਲ ਇਸ ਗੱਲ ਬਾਰੇ ਨਹੀਂ ਕਿ ਫਰਾਂਸਿਸ ਦੇ ਸੁਆਲ ਦਾ ਸਰੂਪ ਬੇਪਛਾਣ ਕਿਉਂ ਕੀਤਾ ਗਿਆ। ਸੁਆਲ ਇਹ ਹੈ ਕਿ ਜੇ ਛੇ ਵਾਰ ਚੋਣਾਂ ਜਿੱਤਣ ਵਾਲੇ ਐਮ ਪੀ ਨੂੰ ਵੀ ਉਹੀ ਸੁਆਲ ਪੁੱਛਣ ਦੀ ਆਗਿਆ ਮਿਲਦੀ ਹੈ ਜਿਸ ਨਾਲ ਬਾਦਸ਼ਾਹ ਖੁਸ਼ ਹੋਵੇ ਤਾਂ ਆਮ ਐਮ ਪੀ ਦੀ ਕੀ ਜ਼ੁਰੱਅਤ ਕਿ ਉਹ ਪਬਲਿਕ ਦੀਆਂ ਮੰਗਾਂ ਨੂੰ ਪਾਰਲੀਮੈਂਟ ਵਿੱਚ ਉਠਾ ਸਕੇ! ਬਰੈਂਪਟਨ ਦੇ ਐਮ ਪੀ ਰਮੇਸ਼ ਸੰਘਾ ਨੂੰ ਕੁੱਝ ਦਿਨ ਪਹਿਲਾਂ ਲਿਬਰਲ ਕਾਕਸ ਵਿੱਚੋਂ ਕੱਢ ਦਿੱਤਾ ਗਿਆ ਜਿਸਤੋਂ ਬਾਅਦ ਉਸਦਾ ਬਿਆਨ ਸੀ ਕਿ ਸਾਡੀ ਐਮ ਪੀਆਂ ਦੀ ਆਵਾਜ਼ ਨੂੰ ਬੰਦ ਕਰ ਦਿੱਤਾ ਜਾਂਦਾ ਹੈ। ਰਮੇਸ਼ ਸੰਘਾ ਦੇ ਪਾਰਟੀ ਅੰਦਰ ਅਤੇ ਬਾਹਰ ਵਤੀਰੇ ਬਾਰੇ ਵੱਖਰੀ ਚਰਚਾ ਹੋ ਸਕਦੀ ਹੈ ਪਰ ਕੀ ਪਾਰਟੀ ਅਨੁਸ਼ਾਸ਼ਨ ਦੇ ਨਾਮ ਉੱਤੇ ਗਲਾ ਘੁੱਟਣ ਦੀ ਗੱਲ ਨੂੰ ਮੰਨਣਾ ਔਖੀ ਗੱਲ ਹੈ? ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਸ ਹਫ਼ਤੇ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਫੋਨ ਕਾਲ ਕੀਤੀ। ਇਸ ਕਾਲ ਦੌਰਾਨ ਕੋਵਿਡ ਵੈਕਸੀਨ ਬਾਰੇ ਗੱਲ ਤੋਂ ਇਲਾਵਾ ਕਿਰਸਾਣਾਂ ਸਮੇਤ ਹੋਰ ਮਸਲੇ ਸੰਭਵਤਾ ਵਿਚਾਰੇ ਹੋਣਗੇ ਜਾਂ ਫੇਰ ਨਹੀਂ ਵਿਚਾਰੇ ਗਏ ਹੋਣੇ। ਸੁਆਲ ਇਹ ਹੈ ਕਿ ਟਰੂਡੋ-ਮੋਦੀ ਗੱਲਬਾਤ ਦੇ ਸੰਦਰਭ ਵਿੱਚ ਐਮ ਪੀ ਰੂਬੀ ਸਹੋਤਾ ਵੱਲੋਂ ਪਾਈ ਫੇਸਬੁੱਕ ਟਿੱਪਣੀ ਦੇ ਕੁੱਝ ਮਿੰਟ ਬਾਅਦ ਹੀ ਗਾਇਬ ਹੋ ਜਾਣ ਨੂੰ ਕਿਸੇ ਸੁਆਲ ਦਾ ਜਵਾਬ ਮੰਨਿਆ ਜਾਵੇ ਜਾਂ ਉਪਰਲੇ ਆਕਾਵਾਂ ਤੋਂ ਪੁੱਛੇ ਜਾਣ ਵਾਲੇ ਕਿਸੇ ਸੁਆਲ ਦਾ ਡਰ?

ਕੈਨੇਡੀਅਨ ਸਿਟੀਜ਼ਨਸ਼ਿੱਪ ਦਾ ਪਹਿਲਾ ਸੂਤਰ ਬੋਲਣ ਅਤੇ ਖਿਆਲਾਂ ਦੀ ਸੁਤੰਤਰਤਾ ਹੈ ਜੋ ਸਾਨੂੰ ਪਾਰਲੀਮੈਂਟ ਵੱਲੋਂ ਬਣਾਏ ਗਏ ਕਾਨੂੰਨ ਵਿੱਚੋਂ ਪ੍ਰਾਪਤ ਹੁੰਦੀ ਹੈ। ਸੁਆਲ ਹੈ ਕਿ ਜੇ ਕਾਨੂੰਨ ਬਣਾਉਣ ਦੀ ਸਮਰੱਥਾ ਰੱਖਣ ਵਾਲੇ ਸਾਡੇ ਐਮ ਪੀਆਂ ਕੋਲ ਬੋਲਣ ਦੀ ਅਜ਼ਾਦੀ ਨਹੀਂ ਤਾਂ ਫੇਰ ਆਮ ਨਾਗਰਿਕ ਦੀ ਅਜ਼ਾਦੀ ਬਾਰੇ ਕੀ ਕਿਹਾ ਜਾ ਸਕਦਾ ਹੈ?

ਯੂਨੀਵਰਸਿਟੀ ਆਫ ਰੈਜਾਈਨਾ ਦੀ ਇੱਕ ਸਟੱਡੀ ਮੁਤਾਬਕ ਪਾਰਲੀਮੈਂਟ ਵਿੱਚ ਸੁਆਲ ਪੁੱਛਣਾ ਇੱਕ ਰੀਹਰਸਲ ਕੀਤੀ ਡਰਿੱਲ ਤੋਂ ਵੱਧ ਕੁੱਝ ਨਹੀਂ ਹੁੰਦਾ। ਇਸ ਸਟੱਡੀ ਵਿੱਚ ਹਿੱਸਾ ਲੈਣ ਵਾਲੇ ਐਮ ਪੀ ਪੀਟਰ ਮਿੱਲੀਕੇਨ ਮੁਤਾਬਕ 'ਸਾਰਾ ਵਰਤਾਰਾ ਡਰਾਮੇ ਵਾਂਗੂੰ ਅਗਾਉਂ ਵਿੱਚ ਰੀਹਰਸਲ ਕੀਤਾ ਜਾਂਦਾ ਹੈ। ਕਿਸੇ ਐਮ ਪੀ ਕੋਲ ਮੌਕੇ ਉੱਤੇ ਮਨ ਵਿੱਚ ਆਏ ਸੁਆਲ ਪੁੱਛਣ ਦੀ ਕੋਈ ਗੁੰਜ਼ਾਇਸ਼ ਨਹੀਂ ਹੁੰਦੀ। ਐਮ ਪੀਆਂ ਨੂੰ ਸੁਆਲ ਵੀ ਘੜ ਕੇ ਦਿੱਤੇ ਜਾਂਦੇ ਹਨ ਅਤੇ ਮੰਤਰੀਆਂ ਦੇ ਹੱਥਾਂ ਵਿੱਚ ਜਵਾਬ ਵੀ ਲਿਖ ਕੇ ਫੜਾਏ ਜਾਂਦੇ ਹਨ। ਇਹ ਗੱਲ ਸਿਰਫ਼ ਲਿਬਰਲ ਪਾਰਟੀ ਉੱਤੇ ਹੀ ਨਹੀਂ ਸਗੋਂ ਕੰਜ਼ਰਵੇਟਿਵ ਅਤੇ ਹੋਰ ਪਾਰਟੀਆਂ ਉੱਤੇ ਪੂਰਾ ਸਹੀ ਢੁੱਕਦੀ ਹੈ।

ਫਰੇਜ਼ਰ ਇਨਸਟੀਚਿਊਟ ਮੁਤਾ-ਬਕ ਇਹ ਨਹੀਂ ਕਿਹਾ ਜਾ ਸਕਦਾ ਕਿ ਕੈਨੇਡੀਅਨ ਪਾਰਲੀਮੈਂਟ ਆਮ ਪਬਲਿਕ ਦੀ ਨੁਮਾਇੰਦਗੀ ਕਰਦੀ ਹੈ। ਕਾਰਣ ਇਹ ਕਿ ਜਿਹਨਾਂ ਭੱਦਰ ਪੁਰਸ਼ਾਂ ਨੇ ਉੱਥੇ ਖੜੇ ਹੋ ਕੇ ਸੁਆਲ ਪੁੱਛਣੇ ਹਨ, ਉਹਨਾਂ ਕੋਲ ਸੋਚਣ ਸ਼ਕਤੀ ਹੀ ਨਹੀਂ ਛੱਡੀ ਗਈ। ਐਮ ਪੀ ਦਾ ਰੋਲ ਸਿਰਫ਼ ਗਿਣਤੀ ਦਾ ਮੋਹਰਾ ਬਣ ਕੇ ਰਹਿ ਗਿਆ ਹੈ। ਸੱਤਾਧਾਰੀ ਮੈਂਬਰਾਂ ਕੋਲ ਥੋੜੀ ਬਹੁਤ ਪੇਤਲੇ ਪੱਧਰ ਦੀ ਅੰਦਰੂਨੀ ਜਾਣਕਾਰੀ ਹੋ ਸਕਦੀ ਹੈ ਅਤੇ ਵਿਰੋਧੀ ਧਿਰਾਂ ਕੋਲ ਰੌਲਾ ਰੱਪਾ ਪਾਉਣ ਦਾ ਹੱਕ। ਖੁੱਲ ਮਿਲਾ ਕੇ ਐਮ ਪੀਆਂ ਦਾ ਪ੍ਰਭਾਵ ਨਾਮਾਤਰ ਹੀ ਹੁੰਦਾ ਹੈ।

ਲੋਕਤੰਤਰ ਦੇ ਨਾਮ ਉੱਤੇ ਰਬੜ ਸਟੈਂਪ ਬਣਾਏ ਜਾ ਚੁੱਕੇ ਐਮ ਪੀਆਂ ਦੀ ਸਥਿਤੀ ਨੂੰ ਵੇਖਦੇ ਹੋਏ ਪੰਜਾਬ ਵਿੱਚ ਰੋਪੜ ਜ਼ਿਲੇ ਦੇ ਕਵੀ ਭੂਸ਼ਣ ਧਿਆਨਪੁਰੀ ਦਾ ਸੱਤਰਾਂ ਕਿੰਨੀਆਂ ਸਹੀ ਜਾਪਦੀਆਂ ਹਨ-

'ਕੋਸ਼ਿਸ਼ ਕਰੀਂ ਕਿ ਪੁਸਤਕ ਤੇਰੀ
ਸਿਲੇਬਸ ਦੇ ਵਿੱਚ ਲੱਗੇ ਨਾ

ਰੂਹ ਤੇਰੀ ਤੋਂ ਸਹਿ ਨਹੀਂ ਹੋਣਾ, ਹਾਲ
ਜੋ ਉਸਤਾਦ ਕਰਨਗੇ'।

ਇੱਥੇ ਪੁਸਤਕ ਤੋਂ ਭਾਵ ਮਨੁੱਖ ਦੀ ਸੋਚ, ਸਿਲੇਬਸ ਦਾ ਅਰਥ ਪਾਰਟੀ ਸਿਸਟਮ ਲਿਆ ਜਾ ਸਕਦਾ ਹੈ ਜਦੋਂ ਕਿ ਉਸਤਾਦ ਸਿਆਸੀ ਪਾਰਟੀਆਂ ਦੇ ਕਾਰਕੁਨ ਹਨ ਜੋ ਓਟਵਾ ਬੈਠ ਕੇ ਸਿਸਟਮ ਚਲਾਉਂਦੇ ਹਨ।

## ਸ਼ੋਕ ਸਮਾਚਾਰ: ਜਰਨੈਲ ਸਿੰਘ ਰਤਨ ਨਹੀਂ ਰਹੇ



ਐਚ ਐਮ ਟੀ ਪਿੰਜੌਰ ਦੇ ਅਨੇਕਾਂ ਪ੍ਰੀਵਰ ਨਾਰਥ ਅਮਰੀਕਾ ਵਿਚ ਵਸੇ ਹੋਏ ਹਨ। ਕਨੇਡਾ ਵਿਚ ਵਸੇ ਪ੍ਰੀਵਾਰਾਂ ਦੀ ਬ੍ਰੈਪਟਨ ਵਿਚ ਇਕ ਸੰਸਥਾ ਵੀ ਚਲ ਰਹੀ ਹੈ ਜਿਸ ਦਾ ਨਾਮ 'ਐਚਐਮਟੀ ਫਰੈਂਡਸ਼ਿਪ ਸਰਕਲ' ਹੈ। ਉਹ ਹਰ ਸਾਲ ਇਕ ਪਾਰਟੀ ਕਰਦੇ ਹਨ ਅਤੇ ਇਕ ਦੂਸਰੇ ਨਾਲ ਪੁਰਾਣੀਆਂ ਯਾਦਾਂ ਤਾਜ਼ੀਆ ਕਰਦੇ ਹਨ। ਬੜੇ ਦੁਖਦ ਹਿਰਦੇ ਨਾਲ ਖਬਰ ਦੇ ਰਹੇ ਹਾਂ ਕਿ ਸਾਡਾ ਬਹੁਤ ਹੀ ਪਿਆਰਾ ਮਿਤਰ ਜਰਨੈਲ ਸਿੰਘ ਰਤਨ 3 ਫਰਵਰੀ, 2021 ਨੂੰ 78 ਸਾਲ ਦੀ ਉਮਰ ਭੋਗਕੇ ਚਲਾਣਾ ਕਰ ਗਿਆ ਹੈ। ਐਚ ਐਮ ਟੀ ਵਿਚ ਉਹ ਮਕੈਨੀਕਲ ਐਨਜੀਨੀਅਰ ਸਨ ਅਤੇ ਬਾਅਦ ਵਿਚ ਹੀਰੋ ਸਾਈਕਲ ਵਿਚ ਪ੍ਰੋਡਕਸ਼ਨ ਮੈਨੇਜਰਦੇ ਤੌਰ ਤੇ ਵੀ ਤਾਇਨਾਤ ਰਹੇ। ਉਸਦਾ ਤਕਰੀਬਨ ਸਾਰਾ ਪ੍ਰੀਵਾਰ ਨਾਰਥ ਅਮਰੀਕਾ ਵਿਚ ਸੈਟਲ ਹੈ। ਇਕੋ ਇਕ ਲੜਕਾ ਜੋ ਅਮਰੀਕਾ (ਟੈਕਸਜ਼) ਵਿਚ ਡਾਕਟਰ ਹੈ, ਉਸੇ ਕੋਲ ਉਹ ਰਹਿ ਰਹੇ ਸਨ। ਪ੍ਰੀਵਾਰ ਵਿਚ ਪਤਨੀ, 4 ਲੜਕੀਆ ਅਤੇ ਇਕ ਲੜਕਾ ਉਹ ਪਿਛੇ ਛਡ ਗਏ ਹਨ। ਸਭ ਬਚੇ ਜ਼ਿੰਦਗੀ ਵਿਚ ਵਧੀਆ ਵਿਵਾਹਤ ਜੀਵਨ ਬਤੀਤ ਕਰ ਰਹੇ ਹਨ।

ਅਸੀਂ ਸਭ ਦੋਸਤ ਰਤਨ ਪ੍ਰੀਵਾਰ ਦੇ ਦੁਖ ਵਿਚ ਸ਼ਾਮਲ ਹਾਂ ਅਤੇ ਅਰਦਾਸ ਕਰਦੇ ਹਾਂ ਕਿ ਵਿਛੜੀ ਰੂਹ ਨੂੰ ਪ੍ਰਮਾਤਮਾ ਆਪਣੇ ਚਰਨਾ ਵਿਚ ਨਿਵਾਸ ਦੇਵੇ ਅਤੇ ਪ੍ਰੀਵਾਰ ਨੂੰ ਸਦਮਾ ਸਹਿਣ ਦੀ ਤਾਕਤ ਬਖਸ਼ੇ।ਫਿਊਨਰਲ ਅਤੇ ਅੰਤਮ ਅਰਦਾਸ 22 ਫਰਵਰੀ 2021 ਨੂੰ ਹੋਵੇਗੀ। ਉਨਾ ਦੇ ਪ੍ਰੀਵਾਰ ਨਾਲ ਕੌਂਟੈਕਟ ਲਈ ਫੋਨ ਹੈ: ਡਾਕਟਰਜਸਵਿੰਦਰ ਸਿੰਘ ਰਤਨ ਜਾਂ ਮਿਸਜ਼ ਜੁਗਿੰਦਰ ਕੌਰ ਰਤਨਫੋਨ:1 515 631 2011ਵਧੇਰੇ ਜਾਣਕਾਰੀ ਲਈ ਤੁਸੀਂ ਬ੍ਰੈਪਟਨ ਵਿਚ ਅਜੀਤ ਸਿੰਘ ਰੱਖੜਾ ਨਾਲ ਵੀ ਸੰਪਰਕ ਕਰ ਸਕਦੇ ਹੋ 905 794 7882




## ਚਿੰਗੁਆਕਸੀ ਵੈੱਲਨੈੱਸ ਸੈਂਟਰ ਦੀ ਮੁਰੰਮਤ ਲਈ ਫੈਡਰਲ ਤੇ ਓਨਟਾਰੀਓ ਸਰਕਾਰਾਂ ਕਰਨਗੀਆਂ ਨਿਵੇਸ਼



ਬਰੈਂਪਟਨ, 11 ਫਰਵਰੀ (ਪੋਸਟ ਬਿਊਰੋ) : ਅੱਜ ਮੇਅਰ ਪੈਟ੍ਰਿਕ ਬ੍ਰਾਊਨ, ਬਰੈਂਪਟਨ ਨੌਰਥ ਤੋਂ ਮੈਂਬਰ ਪਾਰਲੀਆਮੈਂਟ ਰੂਬੀ ਸਹੋਤਾ ਨੇ ਇਨਫਰਾਸਟ੍ਰਕਚਰ ਐਂਡ ਕਮਿਊਨਿਟੀਜ਼ ਮੰਤਰੀ ਕੈਥਰੀਨ ਮੈਕੇਨਾ, ਬਰੈਂਪਟਨ ਈਸਟ ਤੋਂ ਮੈਂਬਰ ਪਾਰਲੀਆਮੈਂਟ ਮਨਿੰਦਰ ਸਿੱਧੂ, ਸਮਾਲ ਬਿਜ਼ਨਸ ਐਂਡ ਰੈੱਡ ਟੇਪ ਰਿਡਕਸ਼ਨ ਦੇ ਐਸੋਸਿਏਟ ਮੰਤਰੀ ਅਤੇ ਬਰੈਂਪਟਨ ਸਾਊਥ ਤੋਂ ਐਮਪੀ ਪ੍ਰਭਮੀਤ ਸਰਕਾਰੀਆ, ਇਨਫਰਾਸਟ੍ਰਕਚਰ ਮੰਤਰੀ ਲੌਰੀ ਸਕੌਟ, ਬਰੈਂਪਟਨ ਵੈਸਟ ਤੋਂ ਮੈਂਬਰ ਪਾਰਲੀਆਮੈਂਟ ਅਮਰਜੋਤ ਸੰਧੂ ਨੇ ਚਿੰਗੁਆਕਸੀ ਵੈੱਲਨੈੱਸ ਸੈਂਟਰ ਦੀ ਮੁਰੰਮਤ ਲਈ ਫੰਡਾਂ ਦਾ ਐਲਾਨ ਕੀਤਾ।

ਕੈਨੇਡਾ ਸਰਕਾਰ ਕੈਨੇਡਾ ਵਿੱਚ ਨਿਵੇਸ਼ ਦੀ ਯੋਜਨਾ ਦੀ ਕਮਿਊਨਿਟੀ, ਕਲਚਰ ਐਂਡ ਰੀਕ੍ਰੀਏਸ਼ਨ ਇਨਫਰਾਸਟ੍ਰਕਚਰ ਸਟਰੀਮ (ਸੀਸੀਆਰਆਈਐਸ) ਰਾਹੀਂ ਇਸ ਪ੍ਰੋਜੈਕਟ ਵਿੱਚ 572,000 ਡਾਲਰ ਨਿਵੇਸ਼ ਕਰ ਰਹੀ ਹੈ। ਓਨਟਾਰੀਓ ਸਰਕਾਰ ਵੱਲੋਂ ਇਸ ਲਈ 476,619 ਡਾਲਰ ਤੇ ਸਿਟੀ ਆਫ ਬਰੈਂਪਟਨ ਵੱਲੋਂ 381,381 ਡਾਲਰ ਮੁਹੱਈਆ ਕਰਵ-ਾਇਆ ਜਾਵੇਗਾ।

ਇਸ ਪ੍ਰੋਜੈਕਟ ਤਹਿਤ ਮਨੋਰੰਜਨ ਸੈਂਟਰ ਦੀ ਅੰਦਰੂਨੀ ਤੇ ਬਾਹਰੀ ਮੁਰੰਮਤ ਕੀਤੀ ਜਾਵੇਗੀ। ਅੰਦਰੂਨੀ ਅਪਗ੍ਰੇਡਜ਼ ਵਿੱਚ ਨਵੇਂ ਵਾਸ਼ਰੂਮ, ਚੇਂਜ ਰੂਮਜ਼, ਸੌਨਾ, ਲੌਕਰ ਐਮਨਿਟੀਜ਼ ਤੇ ਸ਼ਾਵਰ ਫੈਸਿਲਿਟੀ ਦੀ ਮੁਰੰਮਤ ਕੀਤੀ ਜਾਵੇਗੀ। ਸਾਰੇ ਏਰੀਆਜ਼ ਦੀ ਫਲੋਰ ਡਰੇਨੇਜ, ਹੌਟ ਟੱਬ ਏਰੀਆ ਦੀਆਂ ਟਾਈਲਾਂ ਨੂੰ ਮੁੜ ਲਾਉਣ ਨਾਲ ਫੈਸਿਲਿਟੀ ਦੀ ਸੇਫਟੀ ਵਿੱਚ ਵੀ ਵਾਧਾ ਹੋਵੇਗਾ। ਇਮਾਰਤ ਦੀ ਬਾਹਰੀ ਮੁਰੰਮਤ ਵਿੱਚ ਵਾਕਵੇਅਜ਼ ਦੀ ਮੁਰੰਮਤ ਤੇ ਕੈਚ ਬੇਸਿਨ ਉੱਤਰੀ ਹਿੱਸੇ ਦੀ ਡਰੇਨੇਜ ਵਿੱਚ ਸੁਧਾਰ ਕਰੇਗਾ। ਪਾਰਕਿੰਗ ਲੌਟ ਵਿੱਚ ਬਿਜਲੀ ਦੇ ਪ੍ਰਬੰਧ ਨੂੰ ਅਪਗ੍ਰੇਡ ਕਰਨ ਨਾਲ ਹੋਰ ਜ਼ਿਆਦਾ ਰੋਸ਼ਨੀ ਹੋ ਸਕੇਗੀ।

ਪ੍ਰੋਵਿੰਸ ਵਿੱਚ ਚੱਲ ਰਹੇ ਸ਼ੱਟ ਡਾਊਨ ਕਾਰਨ ਚਿੰਗੁਆਕਸੀ ਵੈੱਲਨੈੱਸ ਸੈਂਟਰ ਨੂੰ ਬੰਦ ਹੀ ਰੱਖਿਆ ਜਾਵੇਗਾ। ਮੁਰੰਮਤ ਦਾ ਕੰਮ 2021 ਦੀ ਬਸੰਤ ਵਿੱਚ ਸ਼ੁਰੂ ਹੋਣ ਦੀ ਸੰਭਾਵਨਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, Angrez Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਓਨਟਾਰੀਓ ਦੇ ਬਹੁਤੇ ਹਿੱਸਿਆਂ ਵਿੱਚ ਸਟੇਅ ਐਟ ਹੋਮ ਆਰਡਰ ਰਹਿਣਗੇ ਲਾਗੂ

### ਹੌਲੀ ਹੌਲੀ ਅਰਥਚਾਰੇ ਨੂੰ ਲੀਹ ਉੱਤੇ ਲਿਆਉਣ ਲਈ ਕਲਰ ਕੋਡਿੰਗ ਦਾ ਲਿਆ ਜਾਵੇਗਾ ਸਹਾਰਾ

ਟੋਰਾਂਟੋ, 11 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਪ੍ਰੋਵਿੰਸ ਦੇ ਬਹੁਤੇ ਹਿੱਸਿਆਂ ਲਈ ਸਟੇਅ ਐਟ ਹੋਮ ਆਰਡਰਜ਼ ਵਿੱਚ ਵੀ ਵਾਧਾ ਕੀਤਾ ਗਿਆ ਹੈ। ਪਰ ਹੌਲੀ ਹੌਲੀ ਅਰਥਚਾਰੇ ਨੂੰ ਮੁੜ ਖੋਲ੍ਹਣ ਲਈ ਅਜੇ ਵੀ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਰੀਜਨਲ ਪਹੁੰਚ ਤੇ ਰੰਗਾਂ ਦੀ ਕੋਡਿੰਗ ਦਾ ਸਹਾਰਾ ਹੀ ਲਿਆ ਜਾ ਰਿਹਾ ਹੈ।

ਪ੍ਰੀਮੀਅਰ ਡੱਗ ਫੋਰਡ ਨੇ ਸੋਮਵਾਰ ਨੂੰ ਕੁਈਨਜ਼ ਪਾਰਕ ਵਿੱਚ ਆਖਿਆ ਕਿ ਭਾਵੇਂ ਸਟੇਟ ਆਫ ਐਮਰਜੰਸੀ ਮੰਗਲਵਾਰ ਰਾਤ ਨੂੰ ਖ਼ਤਮ ਹੋਣ ਜਾ ਰਹੀ ਹੈ ਪਰ ਟੋਰਾਂਟੋ, ਪੀਲ ਰੀਜਨ ਤੇ ਯੌਰਕ ਰੀਜਨ ਵਿੱਚ 22 ਫਰਵਰੀ ਤੱਕ ਸਟੇਅ ਐਟ ਹੋਮ ਦੇ ਆਰਡਰ ਹੀ ਪ੍ਰਭਾਵੀ ਰਹਿਣਗੇ। ਇਸ ਤੋਂ ਇਲਾਵਾ ਕਿੰਗਸਟਨ, ਫੌਨਟੈਨੈਕ ਐਂਡ ਲੈਨੋਕਸ ਐਂਡ ਐਡਿੰਗਟਨ ਪਬਲਿਕ ਹੈਲਥ, ਹੇਸਟਿੰਗ ਪ੍ਰਿੰਸ ਐਡਵਰਡ ਪਬਲਿਕ ਹੈਲਥ ਐਂਡ ਰੈਨਫਰਿਊ ਕਾਊਂਟੀ ਐਂਡ ਡਿਸਟ੍ਰਿਕਟ ਹੈਲਥ ਯੂਨਿਟ ਨੂੰ ਛੱਡ ਕੇ ਸਾਰੇ ਰੀਜਨਜ਼ ਵਿੱਚ ਸਟੇਅ ਐਟ ਹੋਮ ਆਰਡਰ 16 ਫਰਵਰੀ ਤੱਕ ਪ੍ਰਭਾਵੀ ਰਹਿਣਗੇ।

ਉਨ੍ਹਾਂ ਤਿੰਨ ਰੀਜਨਜ਼ ਵਿੱਚ 10 ਫਰਵਰੀ ਨੂੰ ਸਟੇਅ ਐਟ ਹੋਮ ਆਰਡਰ ਐਕਸਪਾਇਅਰ ਹੋਣਗੇ ਤੇ ਕਲਰ ਕੋਡ ਦੇ ਹਿਸਾਬ ਨਾਲ ਇੱਥੇ ਗ੍ਰੀਨ ਲੈਵਲ ਸ਼ੁਰੂ ਹੋ ਜਾਵੇਗਾ। ਜਿਸ ਤੋਂ ਭਾਵ ਹੈ ਇੱਥੇ ਇੰਡੋਰ ਡਾਈਨਿੰਗ, ਬਾਰਜ਼ ਤੇ ਮਾਲਜ਼ ਖੁੱਲ੍ਹ ਸਕਣਗੇ। ਪ੍ਰੋਵਿੰਸ ਵਿੱਚ 26 ਦਸੰਬਰ ਨੂੰ ਮੁਕੰਮਲ ਲਾਕਡਾਊਨ ਤੋਂ ਪਹਿਲਾਂ ਵੀ ਕਲਰ ਕੋਡ ਲਾਗੂ ਸੀ। ਹਰੇ, ਪੀਲੇ, ਸੰਤਰੀ, ਲਾਲ, ਕਾਲੇ ਤੇ ਗ੍ਰੇਅ ਲੈਵਲ ਵਿੱਚ ਵੱਖ ਵੱਖ ਤਰ੍ਹਾਂ ਦੀਆਂ ਪਾਬੰਦੀਆਂ ਲਾਈਆਂ ਗਈਆਂ ਸਨ।



ਸਰਕਾਰ ਨੇ ਆਖਿਆ ਕਿ ਸਟੇਅ ਐਟ ਹੋਮ ਆਰਡਰਜ਼ ਨੂੰ ਸੁਰੱਖਿਅਤ ਢੰਗ ਨਾਲ ਹਟਾਇਆ ਜਾ ਸਕਦਾ ਹੈ ਜਾਂ ਨਹੀਂ ਇਸ ਬਾਰੇ ਫਾਈਨਲ ਫੈਸਲਾ 16 ਫਰਵਰੀ ਤੇ 22 ਫਰਵਰੀ ਤੋਂ ਪਹਿਲਾਂ ਲਿਆ ਜਾਵੇਗਾ। ਫੋਰਡ ਨੇ ਇਸ ਮੌਕੇ ਆਖਿਆ ਕਿ ਹੁਣ ਆਸ ਦੀ ਕਿਰਨ ਨਜ਼ਰ ਆਉਣ ਲੱਗੀ ਹੈ ਤੇ ਘਰਾਂ ਵਿੱਚ ਰਹਿਣ ਨਾਲ ਲੋਕਾਂ ਦੀ ਜਾਨ ਬਚਾਈ ਜਾ ਸਕ ਰਹੀ ਹੈ। ਪਰ ਫੋਰਡ ਨੇ ਇਹ ਵੀ ਆਖਿਆ ਕਿ ਅਜੇ ਓਨਟਾਰੀਓ ਖ਼ਤਰੇ ਤੋਂ ਬਾਹਰ ਨਹੀਂ ਆਇਆ ਹੈ। ਹੁਣ ਮਿਲ ਰਹੇ ਕੋਵਿਡ-19 ਵੇਰੀਐਂਟਸ ਅਜੇ ਵੀ ਚਿੰਤਾ ਦਾ ਵੱਡਾ ਕਾਰਨ ਹਨ, ਅਸੀਂ ਆਪਣੇ ਸੁਰੱਖਿਆ ਗਾਰਡ ਹੇਠਾਂ ਨਹੀਂ ਕਰ ਸਕਦੇ।

ਗ੍ਰੇਅ ਜ਼ੋਨ ਵਾਲੇ ਇਲਾਕਿਆਂ ਵਿੱਚ ਵਿਅਕਤੀਗਤ ਤੌਰ ਉੱਤੇ ਸ਼ਾਪਿੰਗ ਕੀਤੀ ਜਾ ਸਕਦੀ ਹੈ। ਪਰ ਗ੍ਰੇਅ ਜ਼ੋਨ ਵਿੱਚ ਵੀ ਪਰਸਨਲ ਕੇਅਰ ਸੇਵਾਵਾਂ ਬੰਦ ਰਹਿਣਗੀਆਂ। ਇਸ ਪੱਧਰ ਉੱਤੇ 10 ਲੋਕਾਂ ਨੂੰ ਆਊਟਡੋਰ ਇੱਕਠੇ ਹੋਣ ਦੀ ਇਜਾਜ਼ਤ ਹੋਵੇਗੀ ਪਰ ਫਿਜ਼ੀਕਲ ਡਿਸਟੈਂਸਿੰਗ ਵੀ ਬਰਕਰਾਰ ਰੱਖਣੀ ਹੋਵੇਗੀ। ਇਸ ਮੌਕੇ ਫੋਰਡ ਨੇ ਆਖਿਆ ਕਿ ਸਾਡੀ ਨੰਬਰ ਵੰਨ ਤਰਜੀਹ ਸਥਾਨਕ ਵਾਸੀਆਂ ਦੀ ਸਿਹਤ ਤੇ ਸੇਫਟੀ ਬਣਾਈ ਰੱਖਣਾ ਹੈ। ਪਰ ਸਾਨੂੰ ਇਹ ਵੀ ਚੇਤੇ ਰੱਖਣਾ ਚਾਹੀਦਾ ਹੈ ਕਿ ਕੋਵਿਡ-19 ਦਾ ਸਾਡੇ ਕਾਰੋਬਾਰਾਂ ਉੱਤੇ ਕੀ ਅਸਰ ਪੈ ਰਿਹਾ ਹੈ। ਇਸ ਲਈ ਸਾਨੂੰ ਕਾਰੋਬਾਰੀਆਂ ਦੀ ਗੱਲ ਵੀ ਸੁਣਨੀ ਹੋਵੇਗੀ ਤੇ ਇਸੇ ਲਈ ਅਸੀਂ ਹੌਲੀ ਹੌਲੀ ਪੜਾਅ ਦਰ ਪੜਾਅ ਅਰਥਚਾਰੇ ਨੂੰ ਖੋਲ੍ਹਣ ਦਾ ਫੈਸਲਾ ਕੀਤਾ ਹੈ ਤਾਂ ਕਿ ਲੋਕ ਵੀ ਕੰਮ ਉੱਤੇ ਵਾਪਿਸ ਆ ਸਕਣ।

# ਲਾਜ਼ਮੀ ਹੋਟਲ ਕੁਆਰਨਟੀਨ ਨਾਲ ਘੱਟ ਆਮਦਨ ਵਾਲੇ ਕੈਨੇਡੀਅਨਾਂ ਨੂੰ ਹੋ ਸਕਦਾ ਹੈ ਨੁਕਸਾਨ : ਵਕੀਲ



ਓਟਵਾ, 11 ਫਰਵਰੀ (ਪੋਸਟ ਬਿਊਰੋ) : ਕੈਨੇਡੀਅਨ ਸਿਵਲ ਲਿਬਰਟੀਜ਼ ਐਸੋਸਿਏਸ਼ਨ ਵੱਲੋਂ ਕੌਮਾਂਤਰੀ ਟਰੈਵਲਰਜ਼ ਨੂੰ ਹੋਟਲ ਵਿੱਚ ਕੁਆਰਨਟੀਨ ਕਰਕੇ ਰੱਖਣ ਦੇ ਫੈਸਲੇ ਉੱਤੇ ਇਤਰਾਜ਼ ਪ੍ਰਗਟਾਇਆ ਜਾ ਰਿਹਾ ਹੈ। ਐਸੋਸਿਏਸ਼ਨ ਦਾ ਕਹਿਣਾ ਹੈ ਕਿ ਇਸ ਨਾਲ ਘੱਟ ਆਮਦਨ ਵਾਲੇ ਕੈਨੇਡੀਅਨਾਂ ਨੂੰ ਨੁਕਸਾਨ ਪਹੁੰਚ ਸਕਦਾ ਹੈ ਤੇ ਨਾਗਰਿਕਾਂ ਦੇ ਗਤੀਸ਼ੀਲਤਾ ਦੇ ਅਧਿਕਾਰ ਦੀ ਉਲੰਘਣਾ ਵੀ ਹੁੰਦੀ ਹੈ।

ਆਰਗੇਨਾਈਜ਼ੇਸ਼ਨ ਦੇ ਫੰਡਾਮੈਂਟਲ ਫਰੀਡਮਜ਼ ਪ੍ਰੋਗਰਾਮ ਦੀ ਮੁੱਖ ਵਕੀਲ ਕਾਰਾ ਜਵਾਇਬਲ ਵੱਲੋਂ ਫੈਡਰਲ ਸਰਕਾਰ ਤੋਂ ਇਹ ਮੰਗ ਕੀਤੀ ਜਾ ਰਹੀ ਹੈ ਉਹ ਅਜਿਹਾ ਸਬੂਤ ਪੇਸ਼ ਕਰਨ ਜਿਸ ਤੋਂ ਇਹ ਸਿੱਧ ਹੋ ਸਕੇ ਕਿ ਕੈਨੇਡਾ ਪਰਤ ਰਹੇ ਪੈਸੈਂਜਰਜ਼ ਘਰ ਵਿੱਚ ਸੈਲਫ ਆਈਸੋਲੇਟ ਕਰਨ ਦੀ ਸ਼ਰਤ ਦੀ ਉਲੰਘਣਾ ਕਰ ਰਹੇ ਹਨ। ਕਾਰਾ ਨੇ ਇਹ ਵੀ ਆਖਿਆ ਕਿ ਇਸ ਆਧਾਰ ਉੱਤੇ ਹੀ ਸਰਕਾਰ ਨਿਯਮਾਂ ਨੂੰ ਸਖ਼ਤ ਕਰ ਸਕਦੀ ਹੈ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਦੋ ਹਫਤੇ ਪਹਿਲਾਂ ਕੀਤੇ ਗਏ ਐਲਾਨ ਵਿੱਚ ਆਖਿਆ ਗਿਆ ਸੀ ਕਿ ਵਿਦੇਸ਼ ਤੋਂ ਆਉਣ ਵਾਲੇ ਟਰੈਵਲਰਜ਼ ਨੂੰ ਆਪਣੇ ਖਰਚੇ ਉੱਤੇ ਫੈਡਰਲ ਸਰਕਾਰ ਵੱਲੋਂ ਦੱਸੇ ਹੋਟਲ ਵਿੱਚ ਤਿੰਨ ਦਿਨਾਂ ਲਈ ਰਹਿਣਾ ਹੋਵੇਗਾ।ਜਵਾਇਬਲ ਨੇ ਆਖਿਆ ਕਿ ਸਰਕਾਰ ਅਨੁਸਾਰ ਤੈਅ ਦਿਨਾਂ ਲਈ ਹੋਟਲ ਵਿੱਚ ਠਹਿਰਣ ਦੀ ਕੀਮਤ 2000 ਡਾਲਰ ਜਾਂ ਜ਼ਿਆਦਾ ਬਣਦੀ ਹੈ, ਜਿਸ ਵਿੱਚ ਘੱਟ ਆਮਦਨ ਵਾਲੇ ਕੈਨੇਡੀਅਨਾਂ ਨੂੰ ਛੋਟ ਦੇਣ ਦੀ ਤਜਵੀਜ਼ ਦਿੱਤੀ ਗਈ ਹੈ, ਜਿਨ੍ਹਾਂ ਨੂੰ ਆਪਣੇ ਬਿਮਾਰ ਰਿਸ਼ਤੇਦਾਰਾਂ ਦੀ ਸਾਂਭ ਸੰਭਾਲ ਕਰਨੀ ਪੈਂਦੀ ਹੈ ਜਾਂ ਫਿਰ ਵਿਦੇਸ਼ ਤੋਂ ਇਲਾਜ ਕਰਵਾਉਣਾ ਪੈਂਦਾ ਹੈ।

ਉਨ੍ਹਾਂ ਆਖਿਆ ਕਿ ਹੋਟਲ ਵਿੱਚ ਆਈਸੋਲੇਟ ਕੀਤੇ ਜਾਣ ਦੇ ਮਾਮਲੇ ਵਿੱਚ ਜਿਨ੍ਹਾਂ ਸਿਹਤ ਸਬੰਧੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਉਹ ਵੱਖਰਾ। ਕੈਨੇਡਾ ਦੇ ਟਰਾਂਸਪੋਰਟ ਮੰਤਰੀ ਤੇ ਅਟਾਰਨੀ ਜਨਰਲ ਨੂੰ ਲਿਖੇ ਇੱਕ ਪੱਤਰ ਵਿੱਚ ਸਿਵਲ ਲਿਬਰਟੀਜ਼ ਐਸੋਸਿਏਸ਼ਨ ਵੱਲੋਂ ਇਹ ਮੰਗ ਕੀਤੀ ਜਾ ਰਹੀ ਹੈ ਕਿ ਫੈਡਰਲ ਸਰਕਾਰ ਉਨ੍ਹਾਂ ਕੈਨੇਡੀਅਨਾਂ ਨੂੰ ਇਨ੍ਹਾਂ ਪਾਬੰਦੀਆਂ ਤੋਂ ਛੋਟ ਦਿੱਤੀ ਜਾਵੇ ਜਿਹੜੇ ਆਪਣੇ ਨਜ਼ਦੀਕੀਆਂ ਦੀ ਸਾਂਭ ਸੰਭਾਲ ਕਰਨ ਜਾਂ ਵਿਦੇਸ਼ ਤੋਂ ਇਲਾਜ ਕਰਵਾਉਣ ਆਉਂਦੇ ਜਾਂਦੇ ਹਨ।ਜਵਾਇਬਲ ਨੇ ਆਖਿਆ ਕਿ ਅਜਿਹੇ ਵਿਅਕਤੀਆਂ ਲਈ ਟਰੈਵਲ ਕੋਈ ਐਸ਼ੋ ਆਰਾਮ ਨਹੀਂ ਹੈ।

ਜ਼ਿਕਰਯੋਗ ਹੈ ਕਿ ਫੈਡਰਲ ਸਰਕਾਰ ਨੇ ਇਹ ਐਲਾਨ ਨਹੀਂ ਕੀਤਾ ਕਿ ਹੋਟਲ ਕੁਆਰਨਟੀਨ ਕਦੋਂ ਤੋਂ ਲਾਗੂ ਹੋਣਗੀਆਂ।












# ਵੱਡਾ ਘਲੂਘਾਰਾ : ...ਅਤੇ 30 ਹਜ਼ਾਰ ਸਿੱਖ ਸ਼ਹੀਦ ਹੋ ਗਏ?



ਜਸਵੰਤ ਸਿੰਘ 'ਅਜੀਤ'

ਅਹਿਮਦਸ਼ਾਹ ਅਬਦਾਲੀ ਹਿੰਦੁਸਤਾਨ ਪੁਰ ਪੰਜ ਹਮਲੇ ਕਰ ਚੁਕਾ ਸੀ ਅਤੇ ਛੇਵੇਂ ਹਮਲੇ ਦੀ ਤਿਆਰੀ ਉਹ ਬਹੁਤ ਹੀ ਜ਼ੋਰ-ਸ਼ੋਰ ਨਾਲ ਕਰ ਰਿਹਾ ਸੀ। ਇਤਿਹਾਸਕਾਰ ਮੰਨਦੇ ਹਨ ਕਿ ਭਾਵੇਂ ਉਸ ਵਲੋਂ ਕੀਤੇ ਜਾਣ ਵਾਲੇ ਇਸ ਹਮਲੇ ਦਾ ਉਦੇਸ਼ ਵੀ ਉਸਦੇ ਪਹਿਲੇ ਹਮਲਿਆਂ ਵਾਂਗ ਹੀ ਹਿੰਦੁਸਤਾਨ ਨੂੰ ਲੁਟਣਾ ਅਤੇ ਉਸਦੀ ਅਸਮਤ, ਉਸਦੀਆਂ ਧੀਆਂ-ਭੈਣਾਂ ਨੂੰ ਬੰਦੀ ਬਣਾ ਲਿਜਾ, ਗਜ਼ਨੀ ਦੇ ਬਜ਼ਾਰਾਂ ਵਿੱਚ ਵੇਚਣਾ ਹੀ ਪ੍ਰਚਾਰਿਆ ਜਾ ਰਿਹਾ ਸੀ, ਫਿਰ ਵੀ ਉਸਦੇ ਇਸ ਹਮਲੇ ਦਾ ਮੁੱਖ ਉਦੇਸ਼, ਉਸ ਸਿੱਖ ਸ਼ਕਤੀ ਨੂੰ ਮੂਲੋਂ ਹੀ ਕੁਚਲ ਦੇਣਾ ਸੀ, ਜੋ ਉਸਦੇ ਹਰ ਹਮਲੇ ਦੌਰਾਨ ਉਸ ਵਲੋਂ ਲੁਟੀ ਦੌਲਤ ਵਿਚੋਂ ਹਿੱਸਾ ਵੰਡਾਂਦੀ ਅਤੇ ਭਾਰਤੀ ਅਸਮਤ ਨੂੰ ਉਸਦੀ ਕੈਦ ਵਿਚੋਂ ਛੁਡਾ ਲਿਜਾਣਾ ਚਲੀ ਆ ਰਹੀ ਸੀ। ਪਿਛਲੀ ਵਾਰ ਤਾਂ ਉਸ ਸ਼ਕਤੀ ਦੇ ਮਾਲਕ, ਸਿੱਖਾਂ ਨੇ ਹਦ ਹੀ ਮੁੱਕਾ ਦਿੱਤੀ, ਜਦੋਂ ਉਹ ਉਸ ਵਲੋਂ ਦਿੱਲੀ ਤੋਂ ਬੰਦੀ ਬਣਾ ਫੌਜ ਦੇ ਭਾਰੀ ਘੇਰੈ ਵਿੱਚ ਲਿਜਾਈਆਂ ਜਾ ਰਹੀਆਂ ਹਿੰਦੁਸਤਾਨ ਦੀਆਂ 2200 ਧੀਆਂ-ਭੈਣਾਂ ਅੱਖ ਦੇ ਫੋਰ ਵਿੱਚ ਆਜ਼ਾਦ ਕਰਵਾ ਹਰਨ ਹੋ ਗਏ ਅਤੇ ਸਤਿਕਾਰ ਨਾਲ ਉਨ੍ਹਾਂ ਨੂੰ ਉਨ੍ਹਾਂ ਦੇ ਘਰੋ ਘਰੀ ਪਹੁੰਚਾ ਆਏ।

ਅਬਦਾਲੀ ਨੂੰ ਹੈਰਾਨੀ ਇਸ ਗਲ ਦੀ ਸੀ ਕਿ ਮਰਹੱਟਿਆਂ ਵਰਗੀ ਤਾਕਤ ਤਾਂ ਉਸਦੀਆਂ ਜੁਝਾਰੂ ਫੌਜਾਂ ਸਾਹਮਣੇ ਬਹੁਤੀ ਦੇਰ ਟਿੱਕ ਨਹੀਂ ਸੀ ਸਕੀ, ਪਰ ਇਹ ਸਿੱਖ, ਪਤਾ ਨਹੀਂ ਕਿਸ ਮਿੱਟੀ ਦੇ ਬਣੇ ਹੋਏ ਹਨ, ਜਦੋਂ ਵੀ ਉਹ ਹਿੰਦੁਸਤਾਨ ਵਿੱਚ ਦਾਖਿਲ ਹੁੰਦਾ ਹੈ, ਕੋਈ ਵੀ ਉਸਨੂੰ ਰੋਕਣ ਦਾ ਹੀਆ ਨਹੀਂ ਕਰਦਾ, ਪਰ ਜਦੋਂ ਉਹ ਲੁਟ-ਮਾਰ ਕਰ ਵਾਪਸ ਮੁੜਦਿਆਂ ਪੰਜਾਬ ਦੀ ਧਰਤੀ ਤੇ ਪੈਰ ਰਖਦਾ ਹੀ ਹੈ ਤਾਂ, ਸਿੱਖਾਂ ਵਲੋਂ ਉਸਦੀ ਲੁਟ ਵਿਚੋਂ ਹਿੱਸਾ ਵੰਡਾਇਆ ਜਾਣਾ ਸ਼ੁਰੂ ਹੋ ਜਾਂਦਾ ਹੈ। ਉਨ੍ਹਾਂ ਨੂੰ ਨਾ ਤਾਂ ਉਸਦੀ ਤਾਕਤ ਦਾ ਭੈ ਹੈ ਅਤੇ ਨਾ ਹੀ ਆਪਣੀ ਮੌਤ ਦਾ ਡਰ।

ਇਸ ਵਾਰ ਅਹਿਮਦਸ਼ਾਹ ਅਬਦਾਲੀ ਨੇ ਹਿੰਦੁਸਤਾਨ ਪੁਰ ਹਮਲਾ ਕਰਨ ਤੋਂ ਪਹਿਲਾਂ ਹੀ ਠਾਣ ਲਿਆ ਸੀ ਕਿ ਉਹ ਇਸ ਵਾਰ ਸਿੱਖਾਂ ਦੀ ਸ਼ਕਤੀ ਨੂੰ ਇਤਨੀ ਬੁਰੀ ਤਰ੍ਹਾਂ ਕੁਚਲ ਕੇ ਮੁੜੇਗਾ, ਕਿ ਉਹ ਮੁੜ ਕਦੀ ਵੀ ਸਿਰ ਚੁਕਣ ਦੀ ਹਿੰਮਤ ਨਾ ਕਰ ਸਕਣ।

ਪਿਛਲੀ ਵਾਰ ਵਾਪਸ ਮੁੜਦੇ ਅਬਦਾਲੀ ਪਾਸੋਂ, ਉਸ ਵਲੋਂ ਲੁਟ ਕੇ ਲਿਜਾਂਦੇ ਜਾ ਰਹੇ ਮਾਲ ਵਿਚੋਂ ਇੱਕ ਵੱਡਾ ਹਿਸਾ ਵੰਡਾ ਲੈਣ ਅਤੇ ਉਸਦੇ ਕਬਜ਼ੇ ਵਿਚੋਂ ਹਿੰਦੁਸਤਾਨ ਦੀ ਅਜ਼ਮਤ, 2200 ਧੀਆਂ-ਭੈਣਾਂ ਨੂੰ ਛੁਡਾ, ਸਤਿਕਾਰ ਸਹਿਤ ਉਨ੍ਹਾਂ ਦੇ ਘਰੋ-ਘਰੀਂ ਪਹੁੰਚਾ ਦੇਣ ਨਾਲ ਜਿਥੇ ਸਿੱਖਾਂ ਨੂੰ ਜੱਸ ਮਿਲਿਆ, ਉਥੇ ਹੀ ਉਨ੍ਹਾਂ ਦੀ ਸ਼ਕਤੀ ਦਾ ਲੋਹਾ ਵੀ ਮੰਨਿਆ ਜਾਣ ਲਗਾ। ਪਰ ਇਹ ਗਲ ਉਨ੍ਹਾਂ ਈਰਖਾਲੂਆਂ ਤੇ ਸਿੱਖਾਂ ਦੇ ਵੈਰੀਆਂ ਲਈ ਅਸਹਿ ਬਣਦੀ ਜਾ ਰਹੀ ਸੀ। ਜੋ ਕਿ ਪੀੜੀਆਂ ਤੋਂ ਸਿੱਖਾਂ ਨਾਲ ਵੈਰ ਕਮਾਂਦੇ ਚਲੇ ਆ ਰਹੇ ਸਨ। ਅਜਿਹੇ ਹੀ ਵੈਰੀ ਨਿਰੰਜਨੀਆਂ ਦੀ ਪੀੜੀ ਵਿਚਲਾ ਅਕਾਲ ਦਾਸ ਅਬਦਾਲੀ ਨੂੰ ਬਾਰ-ਬਾਰ ਚਿੱਠੀਆਂ ਲਿਖ ਸਿੱਖ ਸ਼ਕਤੀ ਨੂੰ ਕੁਚਲਣ ਲਈ ਹਿੰਦੁਸਤਾਨ ਆਉਣ ਦਾ ਸੱਦਾ ਦਿੰਦਾ ਚਲਿਆ ਆ ਰਿਹਾ ਸੀ।

ਅਬਦਾਲੀ ਤਾਂ ਪਹਿਲਾਂ ਹੀ ਧਾਰੀ ਬੈਠਾ ਸੀ ਕਿ ਉਸਨੇ ਇਸ ਵਾਰ ਹਿੰਦੁਸਤਾਨ ਪੁਰ ਕੀਤੇ ਜਾਣ ਵਾਲੇ ਆਪਣੇ ਹਮਲੇ ਵਿੱਚ ਸਭ ਤੋਂ ਪਹਿਲਾਂ ਉਨ੍ਹਾਂ ਸਿੱਖਾਂ ਦੀ ਸ਼ਕਤੀ ਨੂੰ ਕੁਚਲਣਾ ਹੈ, ਜੋ ਹਰ ਵਾਰ ਉਸਦੇ ਲਈ ਚੁਨੌਤੀ ਬਣਦੇ ਚਲੇ ਆ ਰਹੇ ਹਨ। ਇਸਦੇ ਨਾਲ ਹੀ ਅਕਾਲ ਦਾਸ ਵਲੋਂ ਬਾਰ-ਬਾਰ ਦਿੱਤੇ ਜਾ ਰਹੇ ਸੱਦੇ ਵੀ ਉਸਦੇ ਇਸ ਵਿਸ਼ਵਾਸ ਨੂੰ ਦ੍ਰਿੜ੍ਹ ਕਰ ਰਹੇ ਸਨ ਕਿ ਇਸ ਵਾਰ ਤਾਂ ਉਸਨੂੰ ਸਿੱਖਾਂ ਦੀ ਸ਼ਕਤੀ ਨੂੰ ਕੁਚਲਣ ਵਿੱਚ ਪੰਜਾਬ ਵਿਚੋਂ ਵੀ ਭਾਰੀ ਮਦੱਦ ਮਿਲੇਗੀ। ਇਸੇ ਵਿਸ਼ਵਾਸ ਨਾਲ ਭਰੇ ਅਹਿਮਦਸ਼ਾਹ ਅਬਦਾਲੀ ਨੇ ਛੇਵਾਂ ਹਮਲਾ ਕਰਨ ਲਈ ਭਾਰੀ ਫੌਜ ਲੈ ਹਿੰਦੁਸਤਾਨ ਵਲ ਕੂਚ ਕਰ ਦਿੱਤਾ। ਇਸ ਵਾਰ ਉਹ ਸਾਰਾ ਪੈਂਡਾ ਜਲਦੀ ਤੋਂ ਜਲਦੀ ਮੁੱਕਾ, ਸਿੱਖਾਂ ਪੁਰ ਇਸਤਰ੍ਹਾਂ ਅਚਾਨਕ ਹਮਲਾ ਕਰਨਾ ਚਾਹੁੰਦਾ ਸੀ ਕਿ ਉਨ੍ਹਾਂ ਨੂੰ ਸੰਭਲਣ ਤੱਕ ਦਾ ਮੌਕਾ ਤੱਕ ਵੀ ਨਾ ਮਿਲ ਸਕੇ।

ਅਕਾਲ ਦਾਸ, ਉਸਦੀ ਮਨਸ਼ਾ ਨੂੰ ਪੂਰਿਆਂ ਕਰਨ ਦੇ ਉਦੇਸ਼ ਨਾਲ ਸਿੱਖਾਂ ਦੀਆਂ ਸਰਗਰਮੀਆਂ ਅਤੇ ਟਿਕਾਣਿਆਂ ਬਾਰੇ ਉਸਨੂੰ ਲਗਾਤਾਰ ਜਾਣਕਾਰੀ ਭੇਜ ਰਿਹਾ ਸੀ। ਉਧਰ ਅਬਦਾਲੀ ਸਿੱਖ ਸ਼ਕਤੀ ਨੂੰ ਕੁਚਲਣ ਲਈ ਇਤਨਾ ਕਾਹਲਾ ਸੀ ਕਿ ਬਿਨਾਂ ਕਿਧਰੇ ਪੜਾਅ ਕੀਤੇ ਦਿਨ-ਰਾਤ ਸਫਰ ਕਰ ਵਾਹੋ-ਦਾਹੀ ਹਿੰਦੁਸਤਾਨ ਵਲ ਵਧਦਾ ਚਲਿਆ ਆ ਰਿਹਾ ਸੀ।

ਭਾਵੇਂ ਸਿੱਖਾਂ ਨੂੰ ਅਬਦਾਲੀ ਦੇ ਮੁੜ ਹਿੰਦੁਸਤਾਨ ਤੇ ਹਮਲਾ ਕਰਨ ਲਈ ਕੂਚ ਕਰ ਦੇਣ ਦੀਆਂ ਖਬਰਾਂ ਮਿਲ ਗਈਆਂ ਸਨ, ਪਰ ਉਨ੍ਹਾਂ ਨੂੰ ਇਸ ਗਲ ਦਾ ਅਹਿਸਾਸ ਤਕ ਨਹੀਂ ਸੀ ਕਿ ਉਹ ਇਤਨੀ ਜਲਦੀ ਆ ਉਨ੍ਹਾਂ ਦੇ ਸਿਰ ਤੇ ਮੰਡਰਾਣ ਲਗ ਪਏਗਾ।

ਸਿੱਖ ਅਜੇ ਆਪਣੇ ਪਰਿਵਾਰਾਂ ਨੂੰ ਸੁਰਖਿਅਤ ਠਿਕਾਣਿਆਂ ਤੇ ਪਹੁੰਚਾਣ ਦੀਆਂ ਵਿਉਂਤਾਂ ਹੀ ਬਣਾ ਰਹੇ ਸਨ ਕਿ ਅਬਦਾਲੀ ਉਨ੍ਹਾਂ ਦੇ ਸਿਰ ਤੇ ਆ ਧਮਕਿਆ ਤੇ ਆਉਂਦਿਆਂ ਹੀ ਉਸਨੇ ਕੱਟ-ਵੱਢ ਸ਼ੁਰੂ ਕਰ ਦਿੱਤੀ। ਪੰਥ ਪ੍ਰਕਾਸ਼ ਦੇ ਕਰਤਾ ਗਿਆਨੀ ਗਿਆਨ ਸਿੰਘ ਦੇ ਸ਼ਬਦਾਂ ਵਿੱਚ : 'ਨਹਿ ਤਾੜੇ ਸੁਚੇਤੇ ਸਜੇ ਦਸਤਾਰੇ। ਆਨ ਕਵੇਲੇ ਪਰੈ ਤਿਤੇ ਤਬ ਸਿੰਘ ਕਹੇ ਗਿਲਜੇ ਗੁਰਮਾਰੇ'। ਅਰਥਾਤ ਸਿੱਖ ਅਜੇ ਦਸਤਾਰਾਂ ਹੀ ਸਜਾ ਰਹੇ ਸਨ ਕਿ ਅਬਾਦਲੀ ਦੀਆਂ ਫੌਜਾਂ ਨੇ ਆ ਉਨ੍ਹਾਂ ਦੁਆਲੇ ਘੇਰਾ ਪਾ ਲਿਆ ਤੇ ਕੱਟ-ਵੱਢ ਸ਼ੁਰੂ ਕਰ ਦਿੱਤੀ। ਇਸ ਅਚਨਚੇਤ ਹੋਏ ਹਮਲੇ ਵਿੱਚ ਵੱਡੀ ਗਿਣਤੀ ਵਿਚ ਸਿੱਖ ਸ਼ਹੀਦ ਹੋ ਗਏ। ਫਿਰ ਵੀ ਉਨ੍ਹਾਂ ਹੌਂਸਲਾ ਨਾ ਹਾਰਿਆ ਤੇ ਝਟ ਤਲਵਾਰਾਂ ਸੂਤ ਦੁਸ਼ਮਣ ਦੀਆਂ ਫੌਜਾਂ ਸਾਹਮਣਾ ਕਰਨ ਲਗੇ।

ਉਨ੍ਹਾਂ ਦੇ ਸਾਹਮਣੇ ਜਿਥੇ ਇੱਕ ਪਾਸੇ ਦੁਸ਼ਮਣ ਨਾਲ ਦੋ-ਦੋ ਹੱਥ ਕਰਨ ਦੀ ਸਥਿਤੀ ਬਣੀ ਹੋਈ ਸੀ, ਉਥੇ ਹੀ ਦੂਜੇ ਪਾਸੇ ਉਨ੍ਹਾਂ ਸਾਹਮਣੇ ਆਪਣੇ ਪਰਿਵਾਰਾਂ ਦੀ ਵਹੀਰ ਨੂੰ ਸੁਰਖਿਅਤ ਠਿਕਾਣਿਆ ਪੁਰ ਪਹੁੰਚਾਣ ਦੀ ਵੀ ਸਮੱਸਿਆ ਸੀ। ਇਸ ਕਰਕੇ ਉਨ੍ਹਾਂ ਆਪਣੇ ਪਰਿਵਾਰਾਂ ਦੀ ਵਹੀਰ ਦੁਆਲੇ ਘੇਰਾ ਪਾ, ਉਨ੍ਹਾਂ ਦਾ ਬਚਾਅ ਕਰਦਿਆਂ, ਅਬਦਾਲੀ ਦੀਆਂ ਫੌਜਾਂ ਦਾ ਸਾਹਮਣਾ ਕਰਨਾ ਜਾਰੀ ਰਖਿਆ। ਇਸ ਹਾਲਤ ਵਿੱਚ ਹਾਲਾਂਕਿ ਸਿੱਖਾਂ ਦਾ ਭਾਰੀ ਨੁਕਸਾਨ ਹੋ ਰਿਹਾ ਸੀ, ਇਸਦੇ ਬਾਵਜੂਦ ਸਿੱਖਾਂ ਵਲੋਂ ਹਮਲੇ ਦਾ ਦਿੱਤਾ ਜਾ ਰਿਹਾ ਡਟਵਾਂ ਜਵਾਬ ਅਬਦਾਲੀ ਦੀਆਂ ਫੌਜਾਂ ਨੂੰ 'ਅੱਲਾ' ਨੂੰ ਯਾਦ ਕਰਨ ਤੇ ਮਜਬੂਰ ਕਰ ਰਿਹਾ ਸੀ : 'ਸਿੰਘਾਂ ਵਟ ਕਸੀਸ ਦਈ। ਤਬ ਯਾਦ ਕਰਾ ਦਯੋ ਅਲ੍ਹਾ'।

ਇਨ੍ਹਾਂ ਹਾਲਾਤ ਵਿੱਚ ਸਿੱਖ ਜਿਸਤਰ੍ਹਾਂ ਜਾਨਾਂ ਹੂਲ ਕੇ ਆਪਣੇ ਪਰਿਵਾਰਾਂ ਦੀ ਵਹੀਰ ਦੀ ਰਖਿਆ ਕਰ ਰਹੇ ਸਨ, ਉਸਦਾ ਵਰਨਣ ਭਾਈ ਰਤਨ ਸਿੰਘ ਭੰਗੂ ਨੇ ਇਨ੍ਹਾਂ ਸ਼ਬਦਾਂ ਵਿੱਚ ਕੀਤਾ ਹੈ : 'ਜਿਮ ਕਰ ਕੁਕੜੀ ਬਚਿਅਨ ਛਪਾਵੇ, ਫਲਾਇ ਪੰਖ ਦੁਇ ਤਰਫ ਰਖਾਵੈ। ਇਮ ਖਾਲਸੇਨ ਬਹੀਰ ਛਪਾਯੋ'। ਸਿੱਖਾਂ ਦੀ ਇਸ ਦਲੇਰੀ ਨੂੰ ਵੇਖ ਅਹਿਮਦਸ਼ਾਹ ਤੇ ਉਸਦੇ ਜਰਨੈਲ ਤਕ ਹੈਰਾਨ ਹੋਣ ਲਗੇ। ਅਹਿਮਦਸ਼ਾਹ ਨੇ ਜੈਨ ਖਾਨ ਨੂੰ ਕਿਹਾ ਕਿ ਜੇ ਉਹ ਅਗੋਂ ਰੋਕ ਪਾ ਦੇਵੇ ਤਾਂ ਉਹ ਸਿੱਖਾਂ ਦਾ ਇੱਕ ਪਲ ਵਿੱਚ ਸਫਾਇਆ ਕਰ ਦੇਵੇਗਾ। ਇਹ ਸੁਣ ਜੈਨ ਖਾਨ ਨੇ ਕਿਹਾ ਕਿ ਇਹ ਗਲ ਅਸੰਭਵ ਹੈ, ਜੋ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਹੋ ਸਕਦੀ : 'ਹਮ ਤੈ ਕਬੀ ਨਾ ਮਰੈ ਹੈ ਯਾਹਿ। ਪਹਿਲੇ ਮੁਗਲੋਂ ਨੇ ਬਹੁ ਮਾਰੇ, ਪੁਨ ਹਮਨੇ ਮਾਰੇ ਬਹੁ ਬਾਰੈ। ਕਸਰ ਮੁਕਾਵਨ ਪੈ ਨਹਿ ਛੋਡੀ, ਫਿਰ ਇਹੁ ਬਢਤੇ ਜੈਹੈ ਹੋਡੀ'।

ਆਖਿਰ ਅਹਿਮਦਸ਼ਾਹ ਨੇ ਆਪਣੇ ਸਿਪਾਹਸਾਲਾਰਾਂ, ਵਲੀ ਖਾਨ, ਭੀਖਨ ਖਾਨ ਮਲੇਰ ਕੋਟਲਾ ਅਤੇ ਜੈਨ ਖਾਨ ਨੂੰ ਫੌਜ ਦੀ ਕਮਾਨ ਸੌਂਪ ਉਨ੍ਹਾਂ ਨੂੰ ਸਿੱਖਾਂ ਪੁਰ ਤਿੰਨਾਂ ਪਾਸਿਆਂ ਤੋਂ ਹਮਲਾ ਕਰਨ ਲਈ ਕਿਹਾ। ਉਧਰ ਸਾਰੇ ਸਿੱਖ ਸਰਦਾਰਾਂ ਨੇ ਇਕਠਿਆਂ ਹੋ ਨਵੀਂ ਰਣਨੀਤੀ ਬਣਾ, ਅਬਦਾਲੀ ਦੇ ਹਮਲੇ ਦਾ ਜਵਾਬ ਦੇਣਾ ਸ਼ੁਰੂ ਕਰ ਦਿੱਤਾ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਸ਼ਾਮ ਸਿੰਘ ਅਤੇ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਆ ਨੇ ਦੁਸ਼ਮਣ ਫੌਜਾਂ ਨੂੰ ਤਕੜੇ ਹੱਥ ਵਿਖਾਏ। ਇਸ ਲੜਾਈ ਵਿੱਚ ਇੱਕ ਮੌਕਾ ਅਜਿਹਾ ਆਇਆ ਕਿ ਸ. ਜੱਸਾ ਸਿੰਘ ਆਹਲੂਵਾਲੀਆ ਦੇ ਸਿਰ ਤੇ ਮੌਤ ਆ ਮੰਡਰਉਣ ਲਗੀ, ਉਸ ਸਮੇਂ ਅਕਾਲ ਪੁਰਖ ਨੇ ਹੀ ਹੱਥ ਦੇ ਕੇ ਉਸਦੀ ਰਖਿਆ ਕੀਤੀ। ਉਸਦੇ ਸਰੀਰ; ਤੇ 22 ਜ਼ਖਮ ਆਏ, ਜਦਕਿ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਆ ਦੇ ਸਰੀਰ ਪੁਰ 19 ਜ਼ਖਮ ਲਗੇ।

ਇਸ ਭਾਰੀ ਲੜਾਈ ਵਿੱਚ ਅਹਿਮਦਸ਼ਾਹ ਦੀ ਫੌਜ ਪਰਿਵਾਰਾਂ ਦੀ ਵਹੀਰ ਨੂੰ ਸਿੱਖ ਯੋਧਿਆਂ ਨਾਲੋਂ ਨਿਖੇੜਨ ਵਿੱਚ ਸਫਲ ਹੋ ਗਈ। ਅਬਦਾਲੀ ਦੀ ਫੌਜ ਨੇ ਵਹੀਰ ਵਿੱਚ ਸ਼ਾਮਲ ਬੱਚਿਆਂ, ਜਵਾਨਾਂ, ਬੁਢਿਆਂ ਅਤੇ ਇਸਤ੍ਰੀਆਂ ਨੂੰ ਬਹਤ ਹੀ ਬੇਦਰਦੀ ਨਾਲ ਕਤਲ ਕਰ ਦਿੱਤਾ। ਗਿਆਨੀ ਗਿਆਨ ਸਿੰਘ ਅਨੁਸਾਰ : 'ਉਥੇ ਖੂਨ ਦੀ ਨਦੀ ਵਹਿ ਤੁਰੀ'।

ਸਿੱਖ ਇਤਿਹਾਸ ਵਿੱਚ ਇਸ ਘਟਨਾ ਨੂੰ ਵੱਡੇ ਘਲੂਘਾਰੇ ਵਜੋਂ ਯਾਦ ਕੀਤਾ ਜਾਂਦਾ ਹੈ। ਭਾਈ ਰਤਨ ਸਿੰਘ ਭੰਗੂ ਅਤੇ ਹੋਰ ਗੈਰ-ਸਿੱਖ ਇਤਿਹਾਸਕਾਰਾਂ ਅਨੁਸਾਰ ਇਸ ਘਲੂਘਾਰੇ ਵਿੱਚ ਲਗਭਗ 30 ਹਜ਼ਾਰ ਸਿੱਖ, ਜੋ ਉਸ ਸਮੇਂ ਦੀ ਸਿੱਖ ਵਸੋਂ ਦਾਂ ਲਗਭਗ ਅੱਧ ਸਨ, ਸ਼ਹੀਦ ਹੋ ਗਏ। ਜਦ ਕਿ ਛੋਟੇ ਘਲੂਘਾਰੇ ਵਿੱਚ ਦਸ ਹਜ਼ਾਰ ਸਿੱਖ ਸ਼ਹੀਦ ਹੋਏ ਸਨ। ਸੰਸਾਰ ਦੇ ਲੋਕਾਂ ਨੇ ਗੈਰ-ਸਿੱਖ ਇਤਿਹਾਸਕਾਰਾਂ ਦੀਆਂ ਉਨ੍ਹਾਂ ਲਿਖਤਾਂ ਨੂੰ ਹੈਰਨੀ ਨਾਲ ਪੜ੍ਹਿਆ ਕਿ ਜਿਨ੍ਹਾਂ ਵਿੱਚ ਇਸ ਲੜਾਈ ਦਾ ਜ਼ਿਕਰ ਕਰਦਿਆਂ ਲਿਖਿਆ ਗਿਆ ਹੋਇਆ ਸੀ ਕਿ ਇਤਨੀ ਭਾਰੀ ਸੱਟ ਲਗਣ ਦੇ ਬਾਵਜੂਦ ਸਿੱਖ ਚੜ੍ਹਦੀ ਕਲਾ ਵਿੱਚ ਰਹੇ। ਇਹ ਗਲੂਘਾਰਾ ਫਰਵਰੀ 1762 ਵਿੱਚ ਵਾਪਰਿਆ, ਇਸਤੋਂ ਤਿੰਨ ਮਹੀਨੇ ਬਾਅਦ, ਅਰਥਾਤ ਇਸੇ ਵਰ੍ਹੇ ਮਈ ਵਿੱਚ ਸਿੱਖਾਂ ਨੇ ਸਰਹੰਦ ਪੁਜ ਨਵਾਬ ਜੈਨ ਖਾਨ ਨੂੰ ਜਾ ਘੇਰਿਆ।

# ਸੜਕਾਂ ਉੱਤੇ ਰੋਲ 'ਤੀ ਜਵਾਨੀ ਵੇ ਜ਼ਾਲਮਾ

-ਰਣਜੀਤ ਲਹਿਰਾ

ਸੱਤ ਜਨਵਰੀ 2012 ਦੀ ਅੱਧੀ ਰਾਤ ਨੂੰ ਸਿਹਤ ਅਚਾਨਕ ਵਿਗੜ ਗਈ। ਇੱਕ ਵਾਰ ਤਾਂ ਜਾਨ ਨਿਕਲਦੀ ਲੱਗੀ, ਪਰ ਕੁਝ ਦੇਰ ਬਾਅਦ ਸੰਭਾਲਾ ਆ ਗਿਆ। ਜਿਵੇਂ ਕਿਵੇਂ ਰਾਤ ਲੰਘ ਗਈ। ਮੌਸਮ ਬਹੁਤ ਖਰਾਬ ਸੀ। ਕਹਿਰਾਂ ਦੀ ਠੰਢ ਤੇ ਸਾਈ ਦੇ ਹਨੇਰੇ ਵਰਗੀ ਧੁੰਦ ਦਿਨ-ਰਾਤ ਪੈ ਰਹੀ ਸੀ। ਘਰੋਂ ਪੈਰ ਪੁਟਦਿਆਂ ਹੋਰ ਬਿਮਾਰ ਹੋਣ ਦਾ ਧੁੜਕੂ ਲੱਗਾ ਸੀ, ਪਰ ਪਟਿਆਲੇ ਦਿਲ ਦੇ ਰੋਗਾਂ ਦੇ ਹਸਪਤਾਲ ਜਾਏ ਬਿਨਾਂ ਖਹਿੜਾ ਛੁੱਟਣ ਵਾਲਾ ਨਹੀਂ ਸੀ। ਦੋ ਦਿਨ ਦੀ ਯੱਕੋ-ਤਕੀ ਤੋਂ ਬਾਅਦ 10 ਜਨਵਰੀ ਨੂੰ ਪਟਿਆਲੇ ਚਾਲੇ ਪਾਉਣੇ ਪੈ ਗਏ। ਗੁਆਂਢੀਆਂ ਦੇ ਕਰਮਜੀਤ ਦੀ ਗੱਡੀ ਵਿੱਚ ਪਿਛਲੀ ਸੀਟ ਅਤੇ ਮੋਟੇ ਕੱਪੜਿਆਂ ਤੋਂ ਬਿਨਾ ਮੇਰੇ ਉਤੇ ਦੋ ਕੰਬਲਾਂ ਦਾ ਝੁੰਬਰ ਮਾਰ ਦਿੱਤਾ ਗਿਆ। ਘੰਟਾ ਡੇਢ ਘੰਟਾ ਮੈਂ ਅੱਖ ਪੁੱਟ ਕੇ ਨਾ ਦੇਖਿਆ। ਉਸ ਦਿਨ ਵੀ ਧੁੰਦ ਕਹੇ; ਮੈਂ ਹੁਣੇ ਪੈਣਾ ਤੇ ਠੰਢ ਕਹੇ, ਮੈਂ ਵੀ ਕੜਿੱਲ ਅੱਜ ਹੀ ਕੱਢਣੇ ਨੇ।

ਖੈਰ! ਘੰਟੇ ਡੇਢ ਘੰਟੇ ਬਾਅਦ ਮੈਂ ਕੰਬਲ ਰਤਾ ਕੁ ਸਰਕਾ ਕੇ ਅੱਖਾਂ ਨੰਗੀਆਂ ਕੀਤੀਆਂ। ਗੱਡੀ ਭਵਾਨੀਗੜ੍ਹ ਟੱਪਦੀ ਨੈਸ਼ਨਲ ਹਾਈਵੇ 'ਤੇ ਜਾ ਰਹੀ ਸੀ। ਗੱਡੀ ਅੱਗੇ ਦਸ ਟਾਇਰਾਂ ਵਾਲਾ ਨਵਾਂ ਨਕੋਰ ਜਿਹਾ ਨੈਸ਼ਨਲ ਪਰਮਿਟ ਟਰੱਕ ਸੜਕ 'ਤੇ ਦੁਹਾਈਆਂ ਪਾਉਂਦਾ ਜਾ ਰਿਹਾ ਸੀ। ਅਚਾਨਕ ਮੇਰੀ ਨਿਗਾਹ ਟਰੱਕ ਦੇ ਪਿੱਛੇ ਲੱਗੀ ਪਲੇਟ 'ਤੇ ਲਿਖੀ ਕਾਵਿਕ ਸਤਰ 'ਤੇ ਪੈ ਗਈ। ਸੋਹਣੇ ਅੱਖਰਾਂ ਵਿੱਚ ਲਿਖਿਆ ਸੀ; ਸੜਕਾਂ 'ਤੇ ਰੋਲਤੀ ਜਵਾਨੀ ਵੇ ਜ਼ਾਲਮਾ।

ਸਤਰ ਪੜ੍ਹਦਿਆਂ ਹੀ ਅੱਖਾਂ ਨਮ ਹੋ ਗਈਆਂ। ਪਲ ਦੀ ਪਲ ਮੈਨੂੰ ਆਪਣੇ ਸਾਰੇ ਦੁੱਖ ਦਰਦ ਭੁੱਲ ਗਏ ਤੇ ਮੇਰੀਆਂ ਅੱਖਾਂ ਅੰਦਰ ਉਸ ਮੁਟਿਆਰ ਦੀ ਮੂਰਤ ਸਾਕਾਰ ਹੋ ਗਈ, ਜਿਸ ਦੇ ਦਿਲ ਦੀ ਹੂਕ ਨੂੰ ਇਹ ਸਤਰ ਬਿਆਨਦੀ ਸੀ। ਮੈਨੂੰ ਉਹ ਕੋਈ ਨਵੀਂ-ਨਵੇਲੀ ਮੁਟਿਆਰ ਜਾਪੀ, ਜਿਹੜੀ ਨਿੱਤ ਸਫਰਾਂ 'ਤੇ ਰਹਿਣ ਵਾਲੇ ਆਪਣੇ ਡਰਾਈਵਰ ਪਤੀ ਨੂੰ ਨਹੋਰੇ ਨਾਲ ਇਹ ਸ਼ਬਦ ਕਹਿ ਰਹੀ ਹੈ। ਇਹ ਸੋਚਦਿਆਂ ਮੈਨੂੰ ਜਾਪਿਆ, ਮੇਰਾ ਦੁੱਖ ਤਾਂ ਕੁਝ ਵੀ ਨਹੀਂ ਉਸ ਮੁਟਿਆਰ ਤੇ ਉਸ ਦੇ ਸਿਰ ਦੇ ਸਾਈਂ ਦੇ ਮੁਕਾਬਲੇ, ਜਿਨ੍ਹਾਂ ਦੀ ਜਵਾਨੀ ਦੇ ਸੁਫਨਿਆਂ ਨੂੰ ਸੜਕਾਂ ਡੀਕ ਲਾ ਕੇ ਪੀ ਗਈਆਂ। ਸ਼ੇਖ ਫਰੀਦ ਜੀ ਦਾ ਸਲੋਕ ਚੇਤੇ ਆਇਆ: 'ਫਰੀਦਾ ਮੈਂ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥ ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥' ਤੰਗੀਆਂ ਤੁਰਸ਼ੀਆਂ ਦੀ ਜ਼ਿੰਦਗੀ ਹੰਢਾਉਣ ਦੇ ਬਾਵਜੂਦ ਮੈਂ ਖੁਦ ਨੂੰ ਉਨ੍ਹਾਂ ਮੁਕਾਬਲੇ ਕਿਤੇ ਬਿਹਤਰ ਹਾਲਤ ਵਿੱਚ ਮਹਿਸੂਸ ਕੀਤਾ। ਮੇਰੇ ਕੋਲ ਤਾਂ ਬੜਾ ਕੁਝ ਹੈ। ਪਰਵਾਰ ਹੈ, ਮਕਾਨ ਹੈ, ਪੱਕੀ ਨੌਕਰੀ ਹੈ, ਨੌਕਰੀ ਘਰ ਦੇ ਬਾਰ ਹੈ। ਸੰਘਰਸ਼ਾਂ ਨਾਲ ਹਾਸਲ ਕੀਤੇ ਪੱਕੇ ਰੁਜ਼ਗਾਰ ਦੀ ਬਦੌਲਤ ਛੁੱਟੀ, ਮੈਡੀਕਲ, ਪੈਨਸ਼ਨ ਕਈ ਕੁਝ ਦੀ ਸਹੂਲਤ ਹੈ। ਬਹੁਤੀ ਨਹੀਂ ਤਾਂ ਥੋੜ੍ਹੀ ਸਮਾਜਕ ਸੁਰੱਖਿਆ ਤਾਂ ਹੈ ਹੀ। ਜਨਮ-ਜਾਤ ਦਿਲ ਦੀ ਗੰਭੀਰ ਬਿਮਾਰੀ ਤੋਂ ਛੁੱਟ ਜ਼ਿੰਦਗੀ ਵਿੱਚ ਸਭ ਠੀਕ-ਠਾਕ ਹੈ, ਪਰ ਉਸ ਮੁਟਿਆਰ ਅਤੇ ਉਹਦੇ ਵਰਗੀਆਂ ਲੱਖ ਹੋਰ ਮੁਟਿਆਰਾਂ ਅਤੇ ਉਨ੍ਹਾਂ ਦੇ ਸਿਰਾਂ ਦੇ ਸਾਈਆਂ ਕੋਲ ਕੀ ਹੈ, ਜਿਨ੍ਹਾਂ ਦੀ ਜਵਾਨੀ ਸੜਕਾਂ ਉੱਤੇ ਰੁਲ ਕੇ ਰਹਿ ਜਾਂਦੀ ਹੈ? ਜਿਨ੍ਹਾਂ ਦੇ ਸੱਜ ਵਿਆਹੇ ਸੁਫਨੇ ਹੌਕੇ ਦੀ ਲਾਟ ਬਣ ਕੇ ਰਹਿ ਜਾਂਦੇ ਹਨ। ਉਨ੍ਹਾਂ ਦੇ ਮਾਹੀਆਂ ਕੋਲ ਨਾ ਪੱਕਾ ਰੁਜ਼ਗਾਰ, ਨਾ ਛੁੱਟੀ, ਨਾ ਮੈਡੀਕਲ, ਨਾ ਜ਼ਿੰਦਗੀ ਦੀ ਸੁਰੱਖਿਆ ਹੈ। ਅੱਜ ਕਿਤੇ, ਕੱਲ੍ਹ ਕਿਤੇ। ਨਾ ਪਤਾ, ਨਾ ਟਿਕਾਣਾ। ਸਮਾਜਕ ਸੁਰੱਖਿਆ ਦਾ ਉਨ੍ਹਾਂ ਕਦੇ ਨਾਂਅ ਵੀ ਨਹੀਂ ਸੁਣਿਆ ਹੋਣਾ।

ਉਂਝ ਭਾਵੇਂ ਸਾਰੇ ਡਰਾਈਵਰਾਂ ਦੀ ਜ਼ਿੰਦਗੀ ਖਤਰਿਆਂ ਭਰੀ ਅਤੇ ਕੰਡਿਆਲੀਆਂ ਰਾਹਾਂ ਦਾ ਸਫਰ ਹੁੰਦੀ ਹੈ, ਪਰ ਟਰੱਕਾਂ, ਟਰਾਲਿਆਂ ਵਾਲਿਆਂ ਦੀ ਜੂਨ ਤਾਂ ਸੱਪਾਂ ਦੀਆਂ ਸਿਰੀਆਂ ਮਿੱਧਣ ਵਾਲੇ ਜੱਟ ਦੀ ਜੂਨ ਤੋਂ ਵੀ ਭੈੜੀ ਹੁੰਦੀ ਹੈ। ਅੱਜ ਬੰਬੇ, ਕੱਲ੍ਹ ਕਲਕੱਤੇ ਤੇ ਪਰਸੋਂ ਪਤਾ ਨਹੀਂ ਕਿਨ੍ਹਾਂ ਲੰਮਿਆਂ ਰੂਟਾਂ 'ਤੇ ਜਾਣਾ ਪੈ ਜਾਵੇ। ਪਰਵਾਰਕ ਜ਼ਿੰਦਗੀ ਅਸਤ ਵਿਅਸਤ ਹੋਈ ਰਹਿੰਦੀ ਹੈ। ਮੋਹ-ਮੁਹੱਬਤ ਦੇ ਰਿਸ਼ਤਿਆਂ ਤੋਂ ਸੱਖਣੀ ਜ਼ਿੰਦਗੀ ਇਨ੍ਹਾਂ ਮਾਂ ਜਾਇਆਂ ਵਿੱਚੋਂ ਅਨੇਕਾਂ ਨੂੰ ਨਸ਼ਿਆਂ ਅਤੇ ਕੋਠਿਆਂ ਦੀ ਦਲਦਲ ਵਿੱਚ ਲਿਜਾ ਸੁੱਟਦੀ ਹੈ। ਘਰੋਂ ਹੱਸਦੇ ਖੇਡਦੇ ਤੁਰਿਆਂ ਨੂੰ ਪਤਾ ਨਹੀਂ ਨਹਿਰ ਦਾ ਕਿਹੜਾ ਪੁਲ ਜਾਂ ਸੜਕ ਦਾ ਮੋੜ ਜ਼ਿੰਦਗੀ ਦਾ ਆਖਰੀ ਪਲ ਬਣ ਕੇ ਖੜ੍ਹ ਜਾਵੇ ਤੇ ਕਿਸੇ ਮੁਟਿਆਰ ਦੇ ਸੁਫਨਿਆਂ ਦੀ ਮਾਲਾ ਬਿਖੇਰ ਜਾਵੇ। ਬੱਚਿਆਂ ਦੇ ਸਿਰੋਂ ਬਾਪ ਦਾ ਸਾਇਆ ਤੇ ਮਾਪਿਆਂ ਹੱਥੋਂ ਬੁਢਾਪੇ ਦੀ ਡੰਗੋਰੀ ਛੁਡਾ ਜਾਵੇ।

ਇੱਕ ਸਿਆਸੀ ਲੀਡਰ ਦੇ ਸ਼ਬਦਾਂ ਵਿੱਚ 'ਹੇਮਾ ਮਾਲਿਨੀ ਦੀਆਂ ਗੱਲ੍ਹਾਂ ਵਰਗੀਆਂ ਸੜਕਾਂ' ਉਤੇ ਦੌੜਦੀਆਂ ਲਿਸ਼ ਲਿਸ਼ ਕਰਦੀਆਂ ਗੱਡੀਆਂ ਦੇ ਡਰਾਈਵਰਾਂ ਦੀ ਜ਼ਿੰਦਗੀ ਅਤੇ ਛਾਈ ਮੱਸਿਆ ਵਰਗੀ ਰਾਤ ਨੂੰ ਜਾਨਣ/ ਸਮਝਣ ਦੀ ਕੋਸ਼ਿਸ਼ ਅਸੀਂ ਲੋਕਾਂ ਨੇ ਕਦੇ ਨਹੀਂ ਕੀਤੀ। ਭਲੇਮਾਣਸ ਦੀ ਨਜ਼ਰ ਨਾਲ ਅਸੀਂ ਕਦੇ ਉਨ੍ਹਾਂ ਨੂੰ ਦੇਖਿਆ ਹੀ ਨਹੀਂ, ਅਕਸਰ ਅਸੀਂ ਉਨ੍ਹਾਂ ਨੂੰ ਦਾਰੂ ਪੀਣੇ ਤੇ ਬੱਕਰੇ ਬੁਲਾਉਣ ਵਾਲੇ ਤਸੱਵੁਰ ਕੀਤਾ ਹੈ। ਸਮਾਜ ਦੇ ਅਜਿਹੇ ਰਵੱਈਏ ਕਰ ਕੇ ਡਰਾਈਵਰਾਂ ਦੀ ਜਮਾਤ ਅਲਹਿਦਗੀ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹੈ। ਇਹ ਅਲਹਿਦਗੀ ਉਨ੍ਹਾਂ ਨੂੰ ਹੋਰ ਅਲਗਰਜ਼ ਬਣਾਉਣ ਦਾ ਸਬੱਬ ਬਣਦੀ ਹੈ ਤੇ ਡਰਾਈਵਰਾਂ ਖਲਾਸੀਆਂ ਨੂੰ ਗਲਤ ਰਾਹਾਂ 'ਤੇ ਤੋਰਦੀ ਹੈ। ਹੋਰ ਤਾਂ ਹੋਰ ਸਾਡੇ ਲੇਖਕਾਂ, ਕਲਾਕਾਰਾਂ ਨੇ ਵੀ ਸੜਕਾਂ ਦੇ ਇਨ੍ਹਾਂ ਜਾਇਆਂ ਦੇ ਦੁੱਖ ਦਰਦਾਂ ਨੂੰ ਕਦੇ ਬਹੁਤੀ ਥਾਂ ਨਹੀਂ ਦਿੱਤੀ। ਬਹੁਤੇ ਗਾਇਕਾਂ ਨੇ 'ਬਾਰੀ ਵਿੱਚੋਂ ਧੌਣ ਕੱਢ ਕੇ...' ਵਰਗੇ ਗੀਤ ਗਾ ਕੇ ਇਨ੍ਹਾਂ ਦਾ ਹੁਲੀਆ ਵਿਗਾੜਿਆ ਹੈ।

ਮੁਲਕ ਵਿੱਚ ਟਰਾਂਸਪੋਰਟ ਦੇ ਧੰਦੇ ਵਿੱਚ ਛਾਏ ਪੰਜਾਬੀ ਟਰਾਂਸਪੋਰਟਰਾਂ ਤੇ ਡਰਾਈਵਰਾਂ ਖਲਾਸੀਆਂ ਨੇ ਨਾ ਸਿਰਫ ਮੁਲਕ ਤੇ ਪੰਜਾਬ ਦੇ ਵਿਕਾਸ ਵਿੱਚ ਭਰਵਾਂ ਯੋਗਦਾਨ ਪਾਇਆ ਹੈ, ਸਗੋਂ ਆਪਣੇ ਦੁੱਖਾਂ-ਸੁੱਖਾਂ ਨੂੰ ਸ਼ਬਦਾਂ ਵਿੱਚ ਬਦਲ ਕੇ ਵੱਖਰੀ ਤਰ੍ਹਾਂ ਦਾ ਪੰਜਾਬੀ ਸਾਹਿਤ ਵੀ ਰਚਿਆ ਹੈ। ਸੜਕਾਂ ਤੇ ਸਫਰ ਕਰਦੇ ਕਦੇ ਟਰੱਕਾਂ, ਟਰਾਲਿਆਂ ਆਦਿ ਦੇ ਪਿਛਲੇ ਪਾਸੇ ਨਜ਼ਰ ਮਾਰਿਓ, ਪਤਾ ਲੱਗੇਗਾ ਕਿ ਨਿੱਤ ਦੇ ਮੁਸਾਫਰਾਂ ਦੇ ਸੀਨਿਆਂ ਅੰਦਰ ਵੀ ਦਿਲ ਧੜਕਦੇ ਹਨ, ਅੱਧੀ ਤੇਰੀ ਆਂ ਮੁਲਾਹਜ਼ੇਦਾਰਾ, ਅੱਧੀ ਆਂ ਗਰੀਬ ਜੱਟ ਦੀ, ਚੱਲਦੀ ਯਾਰਾਂ ਦੀ, ਖੜ੍ਹੀ ਸਰਦਾਰਾਂ ਦੀ, ਪੈਂਦੇ ਸੱਪ ਦੀ ਸਿਰੀ ਤੋਂ ਨੋਟ ਚੁੱਕਣੇ, ਡਰਾਈਵਰਾਂ ਦੀ ਕਾਹਦੀ ਜ਼ਿੰਦਗੀ। ਮੌਤ ਨੂੰ ਕਲੋਲਾਂ ਕਰਦੇ ਹੋਏ ਵੀ ਡਰਾਈਵਰਾਂ ਦੀਆਂ ਢਾਣੀਆਂ ਢੋਲੇ ਦੀਆਂ ਕਿਵੇਂ ਲਾਉਂਦੀਆਂ ਹਨ, ਇਸ ਬਾਰੇ ਜਾਨਣ ਲਈ ਜੇ ਕਦੇ ਵਕਤ ਮਿਲੇ ਤਾਂ ਮੋਗੇ ਵਾਲੇ ਬਲਦੇਵ ਸਿੰਘ ਦਾ 'ਸੜਕਨਾਮਾ' ਪੜ੍ਹਿਓ। ਪਤਾ ਲੱਗੇਗਾ ਕਿ ਉਹ ਡਰਾਈਵਰ, ਜਿਨ੍ਹਾਂ ਨੂੰ ਅਕਸਰ ਅਸੀਂ ਲੰਡੇ-ਲੁੱਚੇ ਦੇ ਰੂਪ ਵਿੱਚ ਦੇਖਦੇ ਹਾਂ, ਉਹ ਕਿਹੜੇ ਜਫ਼ਰ ਜਾਲ ਕੇ ਖੁਦ ਜਿਊਂਦੇ ਤੇ ਪੇਰਵਾਰਾਂ ਨੂੰ ਪਾਲਦੇ ਹਨ, ਇਹ ਵੀ ਇੱਕ ਡਰਾਈਵਰਾਂ ਦਾ ਮੁਲਕ ਦੇ ਅਰਥਚਾਰੇ ਨੂੰ ਚਲਾਉਣ ਵਿੱਚ ਕਿੱਡਾ ਵੱਡਾ ਯੋਗਦਾਨ ਹੈ। ਵਕਤ ਮਿਲੇ ਤਾਂ ਇਹ ਜਾਨਣ ਦੀ ਕੋਸ਼ਿਸ਼ ਕਰਿਓ ਕਿ ਸੜਕਾਂ 'ਤੇ ਦੌੜਦੀਆਂ ਕਾਰਾਂ, ਜੀਪਾਂ, ਟੈਕਸੀਆਂ, ਕੈਬਜ਼, ਕੈਂਟਰਾਂ, ਛੋਟੇ ਵੱਡੇ ਹਾਥੀਆਂ, ਟਰੱਕਾਂ, ਟਰਾਲਿਆਂ ਨੂੰ ਦਿਨ ਰਾਤ ਦੌੜਾਈ ਫਿਰਨ ਵਾਲੇ ਡਰਾਈਵਰ, ਕਲੀਨਰ ਆਉਂਦੇ ਕਿੱਥੋਂ ਹਨ? ਪਤਾ ਲੱਗੇਗਾ ਕਿ ਇਨ੍ਹਾਂ ਵਿੱਚੋਂ ਬਹੁਗਿਣਤੀ ਪਿੰਡਾਂ ਵਿੱਚੋਂ ਆਉਂਦੇ ਹਨ ਤੇ ਆਉਂਦੇ ਵੀ ਛੋਟੇ ਤੇ ਬੇਜ਼ਮੀਨੇ ਕਿਸਾਨ ਪਰਵਾਰਾਂ ਤੇ ਮਜ਼ਦੂਰਾਂ ਵਿੱਚੋਂ ਹਨ। ਖੇਤੀ ਦੇ 'ਵਿਕਾਸ' ਨੇ ਇਨ੍ਹਾਂ ਨੂੰ ਖੇਤਾਂ ਤੇ ਪਿੰਡਾਂ ਵਿੱਚੋਂ ਵਿਹਲੇ ਕਰ ਦਿੱਤਾ। 'ਦੱਬ ਕੇ ਵਾਹ ਕੇ ਰੱਜ ਕੇ ਖਾਹ' ਦਾ ਨਾਅਰੇ ਨੇ ਇਨ੍ਹਾਂ ਲੋਕਾਂ ਦੇ ਢਿੱਡ ਨਾ ਭਰਿਆ ਤਾਂ ਉਨ੍ਹਾਂ ਨੇ ਸ਼ਹਿਰਾਂ, ਕਸਬਿਆਂ ਨੂੰ ਮੂੰਹ ਕਰ ਲਿਆ, ਤੇ ਜੋ ਵੀ ਕੰਮ ਮਿਲਿਆ, ਉਸੇ ਵਿੱਚ ਫਿੱਟ ਹੋ ਗਏ। ਡਰਾਈਵਰਾਂ ਖਲਾਸੀਆਂ ਦੀ ਜਮਾਤ ਵੀ ਇਨ੍ਹਾਂ ਫਿੱਟ/ਅਣਫਿੱਟ ਲੋਕਾਂ ਵਿੱਚੋਂ ਹੈ। ਜਿਉਂ ਜਿਉਂ ਖੇਤੀ 'ਵਿਕਸਤ' ਹੋ ਰਹੀ ਹੈ, ਤਿਉਂ ਤਿਉਂ ਪਿੰਡ ਉਜੜ ਰਹੇ ਹਨ। ...ਤੇ ਅੱਜ ਪਿੰਡ ਖੁਦ ਨੂੰ ਬਚਾਉਣ ਲਈ ਇਕਮੁੱਠ ਹੋ ਕੇ ਸੜਕਾਂ 'ਤੇ ਆਉਣ ਲੱਗੇ ਹਨ ਤਾਂ ਜੋ ਉਨ੍ਹਾਂ ਦੇ ਬੱਚਿਆਂ ਦੀ ਜੁਆਨੀ ਖੁਆਰ ਨਾ ਹੋਵੇ ਅਤੇ ਧੀਆਂ-ਭੈਣਾਂ ਦੇ ਸੁਫਨੇ ਹੌਕੇ ਦੀ ਲਾਟ ਨਾ ਬਣਨ।


ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਨਣ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | 647-739-4641
satsahibusa@gmail.com | 346-714-0224





KAMAL SANDHU
Sales Representative
647.891.0143



RE/MAX GOLD
realtorkamalsandhu@gmail.com
www.arearealtor.com

Looking For a Nest..? Call the Best




EXCLUSIVE FOR SALE IN WOODSTOCK

CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2455 | 42' |



CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2250 | 36' |

FOR SALE

EXCLUSIVE
JAMES C

KAMAL SANDHU RE/MAX GOLD REALTY INC BROKERAGE

# ਮੁੱਦਾ ਬਾਹਰੀ ਲੋਕਾਂ ਦੀਆਂ ਟਿਪਣੀਆਂ ਦਾ ਜਾਂ ਕਿਸਾਨਾਂ ਤੇ ਆਮ ਲੋਕਾਂ ਦੇ ਢਿੱਡ ਉੱਤੇ ਵੱਜਦੀ ਲੱਤ ਦਾ



ਜਤਿੰਦਰ ਪੰਨੂ

ਸਰਕਾਰਾਂ, ਅਤੇ ਖਾਸ ਤੌਰ ਉੱਤੇ ਚੁਣੀਆਂ ਹੋਈਆਂ ਸਰਕਾਰਾਂ, ਬਾਰੇ ਇਹ ਸਮਝਿਆ ਜਾਂਦਾ ਹੈ ਕਿ ਉਹ ਸਮਾਜ ਦੇ ਇੱਕ ਜਾਂ ਦੂਸਰੇ ਵਰਗ ਅਤੇ ਇੱਕ ਜਾਂ ਦੂਸਰੀ ਧਿਰ ਵੱਲ ਪੱਖ-ਪਾਤੀ ਨਹੀਂ ਹੋਣਗੀਆਂ। ਇਹ ਵੀ ਆਸ ਰੱਖੀ ਜਾਂਦੀ ਹੈ ਕਿ ਉਹ ਕਿਸੇ ਸਟਾਕ ਐਕਸਚੈਂਜ ਵਾਂਗ ਜਿਸ ਕੋਲ ਪੈਸਾ ਹੈ, ਉਸ ਨੂੰ ਸਾਰਾ ਕੁਝ ਖਰੀਦਣ ਦੀ ਖੁੱਲ੍ਹ ਦੇਣ ਵਾਲੀਆਂ ਨਹੀਂ ਹੋਣਗੀਆਂ, ਸਗੋਂ ਉਨ੍ਹਾਂ ਸਿਰ ਇਹ ਜ਼ਿਮੇਵਾਰੀ ਹੁੰਦੀ ਹੈ ਕਿ ਕਿਸੇ ਇਕੱਲੀ ਧਿਰ ਨੂੰ ਏਨੀ ਧੜਵੈਲ ਨਹੀਂ ਹੋਣ ਦੇਣਗੀਆਂ ਕਿ ਉਹ ਬਾਕੀ ਸਾਰੀਆਂ ਧਿਰਾਂ ਤੇ ਖਾਸ ਕਰ ਕੇ ਕਮਜ਼ੋਰ ਧਿਰਾਂ ਨੂੰ ਹੜੱਪਣ ਤੁਰ ਪਵੇ। ਏਸੇ ਸੋਚ ਅਧੀਨ ਭਾਰਤ ਸਰਕਾਰ ਨੇ ਸਾਲ 1969 ਵਿੱਚ 'ਮਨਾਪਲੀਜ਼ ਐਂਡ ਰਿਸਟ੍ਰਿਕਟਿਡ ਪ੍ਰੈਕਟਿਸਿਜ਼ ਐਕਟ' ਬਣਾਇਆ ਸੀ, ਜਿਸ ਦਾ ਮਕਸਦ ਕਿਸੇ ਵੀ ਖਾਸ ਖੇਤਰ ਵਿੱਚ ਕਿਸੇ ਇੱਕ ਧਿਰ ਦੀ ਅਜਾਰੇਦਾਰੀ ਕਾਇਮ ਹੋਣ ਤੋਂ ਰੋਕਣਾ ਸੀ। ਇਸ ਐਕਟ ਪਿੱਛੇ ਧਾਰਨਾ ਇਹ ਸੀ ਕਿ ਭਾਰਤ ਵਰਗੇ ਦੇਸ਼ ਵਿੱਚ ਕਿਸੇ ਧਿਰ ਜਾਂ ਕਿਸੇ ਵਿਅਕਤੀ ਜਾਂ ਕਿਸੇ ਇਕੱਲੇ ਘਰਾਣੇ ਕੋਲ ਦੌਲਤ ਇਕੱਠੀ ਹੋਣ ਤੋਂ ਰੋਕੀ ਜਾਵੇ, ਤਾਂ ਕਿ ਉਹ ਬਾਕੀ ਸਭ ਲੋਕਾਂ ਨੂੰ ਕੀੜੇ-ਮਕੌੜੇ ਨਾ ਮੰਨਣ ਲੱਗ ਜਾਵੇ। ਭਾਜਪਾ ਦੀ ਸੋਚ ਹਮੇਸ਼ਾ ਤੋਂ ਇਸ ਦੇ ਉਲਟ ਚੱਲਣ ਵਾਲੀ ਰਹੀ ਹੋਣ ਕਰ ਕੇ ਅਟਲ ਬਿਹਾਰੀ ਵਾਜਪਾਈ ਸਰਕਾਰ ਦੇ ਵਕਤ ਇਸ ਪਾਰਟੀ ਨੇ ਪਹਿਲਾ ਐਕਟ ਲਾਂਭੇ ਧੱਕ ਕੇ ਨਵਾਂ ਕਾਨੂੰਨ, ਕੰਪੀਟੀਸ਼ਨ ਐਕਟ-2002 ਬਣਾ ਕੇ ਕਿਹਾ ਸੀ ਕਿ ਇਹ ਕਾਨੂੰਨ ਮੁਕਾਬਲੇਬਾਜ਼ੀ ਰੋਕਣ ਦਾ ਵਿਰੋਧ ਕਰੇਗਾ, ਪਰ ਅਸਲ ਵਿੱਚ ਇਹ ਮੁਕਾਬਲੇ ਖਤਮ ਕਰਨ ਦੇ ਬਾਨ੍ਹਣੂੰ ਬੰਨ੍ਹਣ ਦਾ ਯਤਨ ਸੀ। ਇਸ ਦੇ ਬਾਅਦ ਜਦੋਂ ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਬਣੀ ਤਾਂ 2007 ਵਿੱਚ ਇਸ ਵਿੱਚ ਸੋਧ ਕੀਤੀ ਗਈ, ਤਾਂ ਕਿ ਕਿਸੇ ਇੱਕੋ ਵੱਡੀ ਧਿਰ ਨੂੰ ਕਾਨੂੰਨ ਦੀ ਦੁਰਵਰਤੋਂ ਕਰਨ ਅਤੇ ਸਮੁੱਚੀ ਮੰਡੀ ਉੱਤੇ ਪੂਰਾ ਕਬਜ਼ਾ ਕਰਨ ਤੋਂ ਰੋਕਿਆ ਜਾ ਸਕੇ। ਇਸ ਕਾਨੂੰਨ ਨਾਲ ਕਿਸੇ ਵੱਡੀ ਧਿਰ ਵੱਲੋਂ ਛੋਟੀਆਂ ਕੰਪਨੀਆਂ ਖਰੀਦਦੇ ਜਾਣ ਤੇ ਇਸ ਤਰ੍ਹਾਂ ਭਾਰਤ ਦੇ ਆਰਥਿਕ ਪ੍ਰਬੰਧ ਵਿੱਚ ਦੇਸ਼ ਦੇ ਲੋਕਾਂ ਨੂੰ ਰਗੜਨ ਵਾਲੀ ਕਿਸੇ ਵੀ ਵੱਡੀ ਧਿਰ ਦੀ ਚੁਣੌਤੀ ਰਹਿਤ ਸਰਦਾਰੀ ਰੋਕਣ ਦਾ ਯਤਨ ਕੀਤਾ ਗਿਆ ਸੀ।

ਇਸ ਵਕਤ ਕੀ ਹੋ ਰਿਹਾ ਹੈ? ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਆਸ਼ੀਰਵਾਦ ਨਾਲ ਦੋ ਵੱਡੇ ਕਾਰਪੋਰੇਟ ਘਰਾਣੇ ਸਾਰੇ ਭਾਰਤ ਦੀ ਜਨਤਾ ਨੂੰ ਰਗੜ ਦੇਣ ਦੀ ਨੀਤ ਨਾਲ ਮੰਡੀਆਂ ਤੇ ਚੋਣਵੇਂ ਖੇਤਰਾਂ ਉੱਤੇ ਕਬਜ਼ੇ ਕਰਨ ਲਈ ਸਾਰਾ ਤਾਣ ਲਾਈ ਜਾਂਦੇ ਹਨ। ਨਵੇਂ ਬਣਾਏ ਤਿੰਨ ਖੇਤੀ ਕਾਨੂੰਨਾਂ ਵਿੱਚੋਂ ਇੱਕ ਨਾਲ ਉਨ੍ਹਾਂ ਨੂੰ ਪਹਿਲੀਆਂ ਸਭ ਮੰਡੀਆਂ ਲਾਂਭੇ ਕਰਨ ਤੇ ਬਾਹਰ ਦੀ ਬਾਹਰ ਮਨ-ਮਰਜ਼ੀ ਮੁਤਾਬਕ ਕਿਸਾਨਾਂ ਦੀ ਫਸਲ ਖਰੀਦਣ ਦੀ ਖੁੱਲ੍ਹ ਮਿਲਣ ਲੱਗੀ ਹੈ। ਦੂਸਰੇ ਕਾਨੂੰਨ ਨਾਲ ਕਿਸਾਨਾਂ ਨੂੰ ਏਦਾਂ ਦੇ ਸਮਝੌਤੇ ਹੇਠ ਖੇਤੀ ਕਰਨ ਨੂੰ ਮਜਬੂਰ ਕੀਤਾ ਜਾ ਸਕਦਾ ਹੈ, ਜਿਸ ਨਾਲ ਕਿਸਾਨ ਆਪਣੇ ਖੇਤਾਂ ਦੀ ਮਾਲਕੀ ਵੀ ਕੁਝ ਸਮਾਂ ਪਾ ਕੇ ਗੁਆ ਲੈਣਗੇ। ਤੀਸਰਾ ਕਾਨੂੰਨ ਆਮ ਲੋਕਾਂ ਦੀ ਲੋੜ ਦੀਆਂ ਵਸਤਾਂ ਗੋਦਾਮਾਂ ਵਿੱਚ ਲੁਕਾਉਣ ਦੀ ਪੂਰੀ ਖੁੱਲ੍ਹ ਦੇਣ ਵਾਲਾ ਹੈ, ਜਿਸ ਦਾ ਲਾਭ ਉਠਾ ਕੇ ਆਪਣੀ ਮਰਜ਼ੀ ਦੇ ਮੁੱਲ ਮੁਤਾਬਕ ਖਪਤਕਾਰਾਂ ਨੂੰ ਵੇਚਣਗੇ, ਜਿਸ ਨਾਲ ਕਿਸਾਨ ਅਤੇ ਖਪਤਕਾਰ ਦੋਵਾਂ ਦੀ ਜਾਨ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿੱਚ ਹੋਵੇਗੀ। ਭਾਰਤ ਦੀ ਮੋਦੀ ਸਰਕਾਰ ਇਨ੍ਹਾਂ ਦੋ ਘਰਾਣਿਆਂ ਦੇ ਪੱਖ ਵਿੱਚ ਇਸ ਹੱਦ ਤੱਕ ਉਲਾਰ ਹੈ ਕਿ ਟੈਲੀਕਾਮ ਦਾ 5-ਜੀ ਸਿਸਟਮ ਵੀ



ਬਣਾਇਆ ਗਿਆ ਤਾਂ ਸਰਕਾਰੀ ਮਾਲਕੀ ਵਾਲੀ ਟੈਲੀਕਾਮ ਕੰਪਨੀ ਨੂੰ ਨਹੀਂ ਸੀ ਦਿੱਤਾ ਤੇ ਇੱਕੋ ਕਾਰਪੋਰੇਟ ਘਰਾਣੇ ਦੀ ਜੇਬ ਵਿੱਚ ਪਾ ਦਿੱਤਾ ਸੀ ਅਤੇ ਦੇਸ਼ ਦੇ ਅੱਧੇ ਤੋਂ ਵੱਧ ਏਅਰਪੋਰਟ ਦੂਸਰੇ ਕਾਰਪੋਰੇਟ ਘਰਾਣੇ ਨੂੰ ਦੇ ਦਿੱਤੇ ਹਨ। ਇਸ ਤਰ੍ਹਾਂ ਜਿਹੜੀ ਨੀਤ ਨਾਲ ਨਰਿੰਦਰ ਮੋਦੀ ਸਰਕਾਰ ਚੱਲ ਰਹੀ ਹੈ, ਉਸ ਵਿੱਚ ਸਿਰਫ ਵੱਡੇ ਘਰਾਣੇ ਬਚਣਗੇ, ਆਮ ਲੋਕ ਰਗੜੇ ਜਾਣਗੇ।

ਭਾਰਤ ਦੇਸ਼ ਦਾ ਕਿਸਾਨ ਇਸ ਵੇਲੇ ਜਿਹੜੀ ਜੰਗ ਲੜਦਾ ਪਿਆ ਹੈ, ਉਹ ਸਿਰਫ ਉਸ ਦੀ ਨਹੀਂ, ਦੇਸ਼ ਦੇ ਕਰੋੜਾਂ ਉਨ੍ਹਾਂ ਲੋਕਾਂ ਵਾਸਤੇ ਵੀ ਹੈ, ਜਿਨ੍ਹਾਂ ਨੇ ਕਿਸਾਨੀ ਫਸਲਾਂ ਖਰੀਦਣੀਆਂ ਹਨ ਤੇ ਕਾਰਪੋਰਟ ਘਰਾਣੇ ਕਾਬਜ਼ ਹੋ ਗਏ ਤਾਂ ਲੋਕਾਂ ਦੇ ਢਿੱਡ ਉੱਤੇ ਵੀ ਲੱਤ ਵੱਜਣੀ ਹੈ। ਇਨ੍ਹਾਂ ਕਾਨੂੰਨਾਂ ਦਾ ਵਿਰੋਧ ਭਾਰਤ ਵਿੱਚ ਵੀ ਹੋ ਰਿਹਾ ਹੈ ਅਤੇ ਵਿਰੋਧ ਦੀ ਹਮਾਇਤ ਵਿੱਚ ਵਿਦੇਸ਼ਾਂ ਤੋਂ ਵੀ ਆਵਾਜ਼ਾਂ ਉੱਠ ਪਈਆਂ ਹਨ। ਭਾਜਪਾ ਤੇ ਇਸ ਨਾਲ ਜੁੜੇ ਲੋਕ ਸੰਸਾਰ ਦੇ ਕਿਸੇ ਵੀ ਦੇਸ਼ ਜਾਂ ਕਿਸੇ ਵੀ ਵਿਅਕਤੀ ਬਾਰੇ ਕੁਝ ਕਹਿਣ ਤੋਂ ਨਹੀਂ ਝਿਜਕਦੇ, ਪਰ ਜਦੋਂ ਕੋਈ ਏਦਾਂ ਦੀ ਗੱਲ ਕਹੇ ਕਿ ਭਾਰਤ ਵਿੱਚ ਭਾਜਪਾ ਰਾਜ ਵਿੱਚ ਆਹ ਗੱਲ ਠੀਕ ਨਹੀਂ ਲੱਗਦੀ ਤਾਂ ਭੂੰਡਾਂ ਦੀ ਖੱਖਰ ਵਾਂਗ ਉਸ ਦੇ ਗਲ਼ ਪੈ ਜਾਂਦੇ ਹਨ ਤੇ ਸਰਕਾਰੀ ਏਜੰਸੀਆਂ ਉਨ੍ਹਾਂ ਦੀ ਸਰਪ੍ਰਸਤੀ ਕਰਦੀਆਂ ਹਨ। ਅਸੀਂ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਜਿਸ ਪੜਾਅ ਵਿੱਚੋਂ ਗੁਜ਼ਰ ਰਹੇ ਹਾਂ, ਉਸ ਵਿੱਚ ਹਰ ਕਿਸੇ ਨੂੰ ਆਪਣੇ ਮਨ ਦੀ ਗੱਲ ਕਹਿਣ ਦਾ ਹੱਕ ਹੈ, ਸਾਨੂੰ ਵੀ ਏਦਾਂ ਦਾ ਹੱਕ ਦੇਸ਼ ਦੇ ਸੰਵਿਧਾਨ ਤੇ ਦੁਨੀਆ ਦੀ ਆਮ ਸਹਿਮਤੀ ਨੇ ਦਿੱਤਾ ਹੋਇਆ ਹੈ, ਪਰ ਇਹ ਸਾਰਾ ਹੱਕ ਸਿਰਫ ਸਾਡੇ ਤੱਕ ਆ ਕੇ ਰੁਕ ਨਹੀਂ ਸਕਦਾ, ਇਹ ਹੱਕ ਹੋਰਨਾਂ ਲੋਕਾਂ ਨੂੰ ਵੀ ਹੈ। ਸੰਸਾਰ ਪ੍ਰਸਿੱਧ ਪੌਪ ਸਿੰਗਰ ਰਿਹੰਨਾ ਜਾਂ ਵਾਤਾਵਰਣ ਬਾਰੇ ਸਮਾਜ ਸੇਵਾ ਲਈ ਜਾਣੀ ਜਾਂਦੀ ਗ੍ਰੇਟਾ ਥਨਬਰਗ ਨੇ ਭਾਰਤ ਵਿੱਚ ਕਿਸਾਨਾਂ ਦੇ ਸੰਘਰਸ਼ ਬਾਰੇ ਜ਼ਰਾ ਕੁ ਟਿਪਣੀ ਕਰ ਦਿਤੀ ਤਾਂ ਇਸ ਦੇ ਨਾਲ ਭਾਰਤ ਦੀ ਹੋਂਦ ਨੂੰ ਖਤਰੇ ਦਾ ਰੌਲਾ ਪਾਇਆ ਜਾਣ ਲੱਗਾ ਹੈ। ਕੰਗਨਾ ਰਣੌਤ ਤੋਂ ਸ਼ੁਰੂ ਹੋ ਕੇ ਜਣੇ-ਖਣੇ ਤੋਂ ਹੁੰਦੀ ਕਹਾਣੀ ਸਚਿਨ ਤੇਂਦੁਲਕਰ ਤੇ ਲਤਾ ਮੰਗੇਸ਼ਕਰ ਦੇ ਇਹ ਕਹਿਣ ਤੱਕ ਜਾ ਪੁੱਜੀ ਹੈ ਕਿ ਬਾਹਰਲੇ ਲੋਕਾਂ ਨੂੰ ਭਾਰਤ ਦੇ ਕਿਸੇ ਤਰ੍ਹਾਂ ਦੇ ਅੰਦਰੂਨੀ ਮਾਮਲੇ ਵਿੱਚ ਦਖਲ ਦੇਣ ਦਾ ਹੱਕ ਨਹੀਂ ਹੈ। ਆਮ ਹਾਲਾਤ ਵਿੱਚ ਸ਼ਾਇਦ ਅਸੀਂ ਵੀ ਇਸ ਦਲੀਲ ਨਾਲ ਸਹਿਮਤ ਹੋ ਜਾਂਦੇ, ਪਰ ਅੱਜ ਏਦਾਂ ਨਹੀਂ ਕਿਹਾ ਜਾ ਸਕਦਾ, ਕਿਉਂਕਿ ਦੂਸਰੇ ਦੇਸ਼ ਵਿੱਚ ਦਖਲ ਨਾ ਦੇਣ ਵਾਲਾ ਅਸੂਲ ਨਰਿੰਦਰ ਮੋਦੀ ਨੇ ਖੁਦ ਹੀ ਤੋੜਿਆ ਹੈ। ਪਿਛਲੇ ਸਾਲ ਜਦੋਂ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਹੋਣੀ ਸੀ, ਉਸ ਤੋਂ ਪਹਿਲਾਂ ਓਥੇ ਜਾ ਕੇ 'ਹਾਊਡੀ ਮੋਦੀ' ਸ਼ੋਅ ਦੌਰਾਨ ਨਰਿੰਦਰ ਮੋਦੀ ਨੇ ਇਹ ਨਾਅਰਾ ਚੁੱਕਿਆ ਸੀ ਕਿ 'ਅਬ ਕੀ ਬਾਰ, ਟਰੰਪ ਸਰਕਾਰ', ਜਿਸ ਦੇ ਨਾਲ ਅਮਰੀਕਾ ਵਿੱਚ ਵੱਸਦੇ ਭਾਰਤੀਆਂ ਨੂੰ ਡੋਨਾਲਡ ਟਰੰਪ ਨੂੰ ਵੋਟਾਂ ਪਾਉਣ ਦਾ ਇਸ਼ਾਰਾ ਕੀਤਾ ਗਿਆ ਸੀ। ਟਰੰਪ ਤਾਂ ਬਹੁਤ ਬੁਰੀ ਤਰ੍ਹਾਂ ਹਾਰਿਆ ਹੀ, ਇਹ ਨਾਅਰਾ ਦੇਣ ਵਾਲੇ ਦੀ ਵੀ ਬੇਇੱਜ਼ਤੀ ਹੋ ਗਈ ਹੈ। ਓਦੋਂ ਭਾਰਤ ਦਾ ਪ੍ਰਧਾਨ ਮੰਤਰੀ ਇਸ ਤਰ੍ਹਾਂ ਦੂਸਰੇ ਦੇਸ਼ ਦੇ ਚੋਣ ਪ੍ਰਬੰਧ ਵਿੱਚ ਦਖਲ ਨਾ ਦੇਂਦਾ ਤਾਂ ਅੱਜ ਦੂਸਰਿਆਂ ਨੂੰ ਕਹਿ ਸਕਦਾ ਸੀ। ਅੱਜ ਭਾਰਤ ਦੇ ਮਾਮਲੇ ਵਿੱਚ ਦੂਸਰੇ ਲੋਕ ਟਿਪਣੀਆਂ ਕਰਦੇ ਹਨ ਤਾਂ ਉਨ੍ਹਾਂ ਨੂੰ ਬੁਰਾ-ਭਲਾ ਕਹਿਣ ਵਾਲੇ ਸਚਿਨ ਤੇਂਦੁਲਕਰ ਜਾਂ ਲਤਾ ਮੰਗੇਸ਼ਕਰ ਨੂੰ ਪੁੱਛਿਆ ਜਾ ਸਕਦਾ ਹੈ ਕਿ ਉਹ ਅਮਰੀਕਾ ਵਿੱਚ ਮੋਦੀ ਦੇ ਇਸ ਦਖਲ ਵੇਲੇ ਕਿਉਂ ਨਹੀਂ ਸਨ ਬੋਲੇ?

ਅਸਲ ਮੁੱਦਾ ਇਹ ਤਾਂ ਹੈ ਹੀ ਨਹੀਂ ਕਿ ਬਾਹਰ ਦੇ ਲੋਕ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਦੇਣ ਜਾਂ ਨਾ ਦੇਣ, ਅਸਲ ਮੁੱਦਾ ਇਹ ਹੈ ਕਿ ਭਾਰਤ ਦੀ ਸਰਕਾਰ ਜਿਵੇਂ ਦੋ ਵੱਡੇ ਘਰਾਣਿਆਂ ਅੱਗੇ ਦੇਸ਼ ਦੇ ਸਾਰੇ ਹਿੱਤ ਢੇਰੀ ਕਰੀ ਜਾ ਰਹੀ ਹੈ, ਉਸ ਦਾ ਰਾਹ ਕਿਵੇਂ ਰੋਕਿਆ ਜਾ ਸਕਦਾ ਹੈ? ਗੱਡੀ ਇੱਕ ਵਾਰੀ ਜਦੋਂ ਨਿਵਾਣ ਵੱਲ ਰਿੜ੍ਹਨ ਲੱਗਦੀ ਹੈ ਤਾਂ ਫਿਰ ਰੁਕਦੀ ਨਹੀਂ ਹੁੰਦੀ। ਭਾਰਤੀ ਆਰਥਿਕਤਾ ਵਿੱਚ ਮੁਕਾਬਲੇਬਾਜ਼ੀ ਅਤੇ ਨਿਯਮਾਂ ਦਾ ਘਾਣ ਵਾਜਪਾਈ ਸਰਕਾਰ ਦੌਰਾਨ ਸ਼ੁਰੂ ਹੋਇਆ ਸੀ, ਮਨਮੋਹਨ ਸਿੰਘ ਦੀ ਇਸ ਨੂੰ ਰੋਕਣ ਦੀ ਦਿਲਚਸਪੀ ਨਹੀਂ ਸੀ ਅਤੇ ਨਰਿੰਦਰ ਮੋਦੀ ਵਾਲੀ ਸਰਕਾਰ ਇਹ ਅਮਲ ਅੱਗੇ ਵਧਾ ਕੇ ਸਿਰਫ ਦੋ ਘਰਾਣਿਆਂ ਕੋਲ ਦੇਸ਼ ਨੂੰ ਗਹਿਣੇ ਪਾਉਣ ਤੁਰ ਪਈ ਹੈ। ਏਸੇ ਲਈ ਇਹ ਨਿਰਾ ਕਿਸਾਨਾਂ ਦੀਆਂ ਫਸਲਾਂ ਤੇ ਖੇਤਾਂ ਦਾ ਮਸਲਾ ਨਾ ਰਹਿ ਕੇ ਭਾਰਤ ਦੇ ਆਮ ਲੋਕਾਂ ਦਾ ਉਹ ਮੁੱਦਾ ਬਣ ਗਿਆ ਹੈ, ਜਿਸ ਤੋਂ ਅਜੇ ਤੱਕ ਆਮ ਲੋਕ ਜਾਣੂ ਨਹੀਂ। ਇਤਹਾਸ ਕਿਸਾਨਾਂ ਦੇ ਇਸ ਸਿਰੜੀ ਸੰਘਰਸ਼ ਦਾ ਮੁੱਲ ਪਾਏ ਬਿਨਾਂ ਨਹੀਂ ਰਹਿ ਸਕੇਗਾ।

# ਮੁਰਦਾ ਬੋਲੂ ਖ਼ੱਫਣ ਪਾੜੂ

ਲਵਲੀਨ ਕੌਰ ਸੰਧੂ



ਮੁਰਦਾ ਬੋਲੂ ਖ਼ੱਫਣ ਪਾੜੂ, ਇਹ ਕਹਾਵਤ ਬਾਲੀਵੁੱਡ ਦੇ ਕੁੱਝ ਅਦਾਕਾਰਾਂ ਨੇ ਸੱਚ ਕਰ ਦਿਖਾਈ ਹੈ। ਜ਼ਿਆਦਾਤਰ ਬਾਲੀਵੁੱਡ ਅਦਾਕਾਰ ਹੁਣ ਤੱਕ ਕਿਸਾਨੀ ਮੋਰਚੇ ਤੇ ਆਪਣੀ ਚੁੱਪੀ ਧਾਰ ਕੇ ਬੈਠੇ ਸੀ । ਪਰ ਕਲ ਜਦ ਅਦਾਕਾਰਾ ਰਿਹਾਨਾ ਸਹਿਤ ਕੁਝ ਹੋਰ ਹਾਲੀਵੁੱਡ ਅਦਾਕਾਰਾ ਨੇ ਕਿਸਾਨਾਂ ਤੇ ਹੋ ਰਹੇ ਜ਼ੁਲਮ ਦੀ ਅਵਾਜ਼ ਚੁੱਕਣ ਲਈ ਕਿਹਾ ਤਾਂਇੰਨੇ ਲੰਮੇ ਸਮੇਂ ਤੋਂ ਕਿਸਾਨੀ ਅੰਦੋਲਨ ਤੋਂ ਕਿਨਾਰਾ ਕਰ ਰਹੇ ਬਾਲੀਵੁੱਡ ਦੇ ਅਦਾਕਾਰਾ ਦੀ ਚੁੱਪੀ ਖੁੱਲ੍ਹ ਗਈ । ਉਨ੍ਹਾਂ ਨੂੰ ਇਸ ਗੱਲ ਦਾ ਗੁੱਸਾ ਸੀ ਕਿ ਦੂਸਰੇ ਮੁਲਕਾਂ ਦੇ ਲੋਕ ਕਿਸਾਨਾਂ ਦਾ ਸਾਥ ਦੇਣ ਦੀ ਗੱਲ ਕਿਉਂ ਕਰ ਰਹੇ ਹਨ । ਹੁਣ ਤੱਕ ਕਿਸਾਨੀ ਵੀਰ ਇਹ ਆਸ ਲਾਈ ਬੈਠੇ ਸਨ ਅੱਜ ਨਹੀਂ ਤੇ ਕੱਲ ਬਾਲੀਵੁੱਡ ਅਦਾਕਾਰ ਕਿਸਾਨਾਂ ਦੇ ਹੱਕ ਵਿੱਚ ਬੋਲਣਗੇ ।ਪਰ ਇਹ ਤਾਂ ਉਲਟਾ ਹੀ ਹੋਇਆ , ਇਹ ਤਾਂ ਕਿਸਾਨਾਂ ਦੇ ਹੱਕ ਵਿੱਚ ਬੋਲਣ ਵਾਲਿਆਂ ਦੇ ਗੱਲ ਹੀ ਪੈ ਗਏ । ਹੁਣ ਤੱਕ ਇਹ ਸਾਰੇਬਾਲੀਵੁੱਡ ਅਦਾਕਾਰ ਸੁੱਤੇ ਸੀ।

ਇਹ ਕਿਸਾਨਾਂ ਦੇ ਹੱਕ ਵਿੱਚ ਬੋਲਣ ਵੀ ਕਿਵੇਂ ਇਹ ਇਨ੍ਹਾਂ ਦੀ ਰੋਟੀ ਦਾ ਮਾਮਲਾ ਥੋੜ੍ਹਾ ਹੈ ਇਹ ਤਾਂ ਸਿਰਫ ਕਿਸਾਨਾਂ ਦੀ ਰੋਟੀ ਦਾ ਮਾਮਲਾ ਹੈ । ਇੰਨੇ ਮਹੀਨਿਆਂ ਤੋਂ ਚੱਲ ਰਹੇ ਕਿਸਾਨੀ ਸੰਘਰਸ਼ ਵਿੱਚ ਇਹਨਾਂ ਨੇ ਆਪਣੀ ਜ਼ੁਬਾਨ ਨਹੀਂ ਖੋਲੀ ਨਹੀਂ , ਜੇਕਰ ਹੁਣ ਖੋਲੀ ਹੈ ਤਾਂ ਜੋ ਕਿਸਾਨਾਂ ਦਾ ਸਾਥ ਦੇ ਰਹੇ ਹਨ ਹੁਣ, ਉਹਨਾਂ ਤੇ ਉਂਗਲ ਚੁੱਕਣ ਲਈ ਖੋਲੀ ਹੈ । ਇਸ ਤੋਂ ਇਹ ਸਪਸ਼ਟ ਹੋ ਗਿਆ ਹੈ ਕੀ ਗੋਦੀ ਮੀਡੀਆ ਵੀ ਮੋਦੀ ਦਾ, ਕਾਨੂੰਨ ਵੀ ਮੋਦੀ ਦਾ,ਬਾਲੀਵੁੱਡ ਵੀ ਮੋਦੀ ਦਾ । ਹੁਣ ਕਿਸਾਨਾਂ ਦੀ ਲੜਾਈ ਕਿਸਾਨਾਂ ਨੇ ਸਿਰਫ ਆਪਣੇ ਸਿਰ ਉੱਤੇ, ਵਾਹਿਗੁਰੂ ਦੇ ਸਿਰ ਉੱਤੇ ਜਾਂ ਬਾਹਰ ਵੱਸ ਰਹੇ ਵੀਰਾਂ ਭੈਣਾਂ ਦੇ ਸਿਰ ਉੱਤੇ ਲੜਨੀ ਹੈ।

## ਕਿਸਾਨੀ ਭਾਈਚਾਰੇ ਦੇ ਮੂੰਹ ਉੱਤੇ ਪੁੱਠੇ ਹੱਥ ਦੀ ਚਪੇੜ

ਜਿਵੇਂ ਕਿ ਅਸੀਂ ਸਾਰੇ ਹੀ ਜਾਣਦੇ ਹਾਂ ਕੀ ਦੀਪ ਸਿੱਧੂ ਪੁਲਿਸ ਦੀ ਹਿਰਾਸਤ ਵਿਚ ਹੈ। ਇਹ ਸਮੁੱਚੀ ਕਿਸਾਨੀ ਭਾਈਚਾਰੇ ਦੇ ਮੂੰਹ ਉੱਤੇ ਪੁੱਠੇ ਹੱਥ ਦੀ ਚਪੇੜ ਹੈ। ਦੀਪ ਸਿੱਧੂ ਦਾ ਕਿਸਾਨੀ ਮੋਰਚੇ ਵਿਚ ਸ਼ੁਰੂ ਤੋਂ ਹੀ ਬਹੁਤ ਵੱਡਾ ਹੱਥ ਰਿਹਾ ਹੈ । ਪਰ ਕੁਝ ਕਿਸਾਨੀ ਜਥੇਦਾਰਾਂ ਨੇ ਜੋ ਵਤੀਰਾ ਦੀਪ ਸਿੱਧੂ ਨਾਲ ਕੀਤਾ ਹੈ । ਉਹ ਉਨ੍ਹਾਂ ਨੂੰ ਸੋਭਦਾ ਨਹੀਂ । ਦੀਪ ਸਿੱਧੂ ਵਰਗੇ ਨੌਜਵਾਨ ਅੱਜ ਦੇ ਪੰਜਾਬ ਨੂੰ ਨਵਾਂ ਰਾਹ ਦਿਖਾਉਣ ਵਾਲੇ ਹਨ। ਇਹੋ ਜਿਹੇ ਨੌਜਵਾਨ ਦੂਜੇ ਲੋਕਾਂ ਨੂੰ ਆਪਣੇ ਹੱਕਾਂ ਲਈ ਲੜਨਾ ਸਿਖਾਉਂਦੇ ਹਨ। ਪਰ ਕੁਝ ਲੋਕ ਇਹੋ ਜਿਹੇ ਨੌਜਵਾਨਾਂ ਦੀ ਚੜ੍ਹਦੀ ਕਲਾ ਨਹੀਂ ਦੇਖ ਸਕਦੇ । ਇਸ ਲਈ ਉਹ ਇਨ੍ਹਾਂ ਦੇ ਰਾਹ ਵਿੱਚ ਰੁਕਾਵਟ ਪਾਉਣ ਲਈ ਕਿਸੇ ਵੀ ਹੱਦ ਤੱਕ ਗਿਰ ਜਾਂਦੇ ਹਨ । ਇਸ ਤਰ੍ਹਾਂ ਦੇ ਹੀ ਕੁਝ ਹਾਲਾਤ 26 ਜਨਵਰੀ ਦੀ ਤਾਰੀਖ ਤੋਂ ਬਾਅਦ ਪਾਏ ਗਏ ਹਨ । ਕੁਝ ਕਿਸਾਨੀ ਆਗੂਆਂ ਨੇ ਦੀਪ ਸਿੱਧੂ ਦਾ ਸਾਥ ਦੇਣ ਦੀ ਬਜਾਏ ਅਤੇ ਛੱਬੀ ਜਨਵਰੀ ਵਾਲੇ ਦਿਨ ਨਿਸ਼ਾਨ ਸਾਹਿਬ ਚੜਾਏ ਜਾਣ ਉੱਤੇ ਦੀਪ ਸਿੱਧੂ ਨੂੰ ਸ਼ਾਬਾਸ਼ ਦੇਣ ਦੀ ਬਜਾਏ ਉਸ ਦੀ ਉਲੰਘਣਾ ਕੀਤੀ। ਸਾਰੇ ਫੈਸਲੇ ਰਲ ਮਿਲ ਕੇ ਹੀ ਕੀਤੇ ਗਏ ਸਨ। ਪਰ ਬਾਅਦ ਵਿੱਚ ਵਿਚ ਕਈ ਕਿਸਾਨ ਆਗੂਆਂ ਨੇ ਸਾਰੀਆਂ ਉਂਗਲਾਂ ਦੀਪ ਸਿੱਧੂ ਵੱਲ ਕਰ ਦਿੱਤੀਆਂ ।ਕੁੱਝ ਕਿਸਾਨ ਜਥੇਦਾਰਾਂ ਵੱਲੋਂ ਦੀਪ ਸਿੱਧੂ ਨਾਲ ਜੋ ਵਤੀਰਾ ਕੀਤਾ ਗਿਆ ਹੈ ਉਹ ਲਾਹਨਤਾਂ ਪਾਉਣ ਯੋਗ ਹੈ । ਜੇ ਕਰ ਦਿੱਲੀ ਵਿਚ ਨਿਸ਼ਾਨ ਸਾਹਿਬ ਲਹਿਰਾਉਣਾ ਇਕ ਗਲਤੀ ਹੈ ਤਾਂ ਪੁਲੀਸ ਨੇ ਕਿਸਾਨਾਂ ਨੂੰ ਨਿਸ਼ਾਨ ਸਾਹਿਬ ਕਿਉਂ ਲਹਿਰਾਉਣ ਦਿੱਤਾ । ਇਹਨਾਂ ਨੇ ਪਹਿਲਾਂ ਤੋਂ ਹੀ ਇੱਕ ਸਾਜਿਸ਼ ਰਚੀ ਹੋਈ ਸੀ । ਦੀਪ ਸਿੱਧੂ ਉਸ ਸਾਜਿਸ਼ ਦੀ ਬਲੀ ਚੜ੍ਹ ਗਿਆ । ਜੇਕਰ ਮੋਦੀ ਲਾਲ ਕਿਲੇ ਨੂੰ ਗਿਰਵੀ ਰੱਖ ਸਕਦਾ ਹੈ ਤਾਂ ਅਸੀਂ ਭਲਾ ਆਪਣਾ ਨਿਸ਼ਾਨ ਸਾਹਿਬ ਵੀ ਨਹੀਂ ਲਹਿਰਾ ਸਕਦੇ ਲਾਲ ਕਿਲੇ ਉੱਤੇ।

ਰੰਗਾਂ ਨੂੰ ਨਾ ਬੇਰੰਗ ਕਰੀਏ,  
ਖੁਦ-ਖੁਸ਼ੀ ਕਰਕੇ ਨਾ ਪੀੜਾਂ ਤੋਂ ਕਿਨਾਰਾ ਕਰੀਏ,  
ਜਾਣ ਅਣਮੁੱਲੀ ਨੂੰ ਨਾ ਬੇਮੁੱਲੀ ਕਰੀਏ,  
ਖੁਦਕੁਸ਼ੀ ਕਰ ਕੇ ਨਾ ਇਸ ਸੰਘਰਸ਼ ਨੂੰ ਕਮਜ਼ੋਰ ਕਰੀਏ,  
ਬੈਠੇ ਨੇ ਸਾਡੇ ਤੇ ਕਈ ਆਸਾਂ ਲਾਕੇ ,  
ਖੁਦਕੁਸ਼ੀ ਕਰ ਕੇ ਨਾਂ ਇਹਨਾਂ ਨੂੰ ਨਿਰਾਸ਼ ਕਰੀਏ,  
ਜਗਦੇ ਚਿਰਾਗਾਂ ਨੂੰ ਬੁਝਾਅ ਕੇ ਨਾ ਹਨੇਰਾ ਕਰੀਏ,  
ਖੁਦ-ਖੁਸ਼ੀ ਕਰਕੇ ਨਾ ਕਿਸਾਨੀ ਜੰਗ ਨੂੰ ਅਧੂਰਾ ਕਰੀਏ,  
ਕਿਸਾਨੀ ਜੰਗ ਦਾ ਅਸੀਂ ਰਲ ਮਿਲ ਕੇ ਸਫਰ ਪੂਰਾ ਕਰੀਏ,  
ਖੁਦ-ਖੁਸ਼ੀ ਕਰਕੇ ਇਸ ਜੰਗ ਦੀ ਫ਼ੌਜ ਨੂੰ ਨਾ ਘੱਟ ਕਰੀਏ,  
ਜਿੱਤ ਕੇ ਹੀ ਜਾਵਾਂਗੇ ਇਸ ਜਜ਼ਬੇ ਨੂੰ ਦਿੱਲ ਚ ਧਰੀਏ,  
ਟਰੈਕਟਰ ਟਰਾਲੀਆਂ ਭਰਕੇ ਆਓ ਸਾਰੇ ਦਿੱਲੀ ਨੂੰ ਚੱਲੀਏ।  
-ਲਵਲੀਨ ਕੌਰ ਸੰਧੂ-

# ਪੰਜਾਬ ਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲਾ ਕੰਵਲ

ਪਹਿਲੀ ਫਰਵਰੀ ਨੂੰ ਨਾਵਲਕਾਰ ਜਸਵੰਤ ਸਿੰਘ ਕੰਵਲ ਦੀ ਪਹਿਲੀ ਬਰਸੀ ਸੀ। ਸੌ ਕਿਤਾਬਾਂ ਲਿਖਣ ਤੇ ਉਮਰ ਦਾ ਸੈਂਕੜਾ ਮਾਰਨ ਵਾਲਾ ਉਹ ਪੰਜਾਬੀ ਦਾ ਪਹਿਲਾ ਲੇਖਕ ਹੈ। ਉਸ ਨੇ ਪੰਜਾਬੀ ਦੇ ਸਭ ਤੋਂ ਵੱਧ ਪਾਠਕ ਪੈਦਾ ਕੀਤੇ ਹਨ। ਉਸ ਦੇ ਕਈ ਨਾਵਲਾਂ ਦੇ ਦਰਜਨ ਤੋਂ ਵੱਧ ਐਡੀਸ਼ਨ ਛਪੇ। ਉਸ ਨੂੰ ਦਸ ਲੱਖ ਤੋਂ ਵੀ ਵੱਧ ਰਾਇਲਟੀ ਮਿਲੀ ਹੋਵੇਗੀ ਤੇ ਉਦੋਂ ਤੋਂ ਮਿਲਣ ਲੱਗੀ, ਜਦੋਂ ਦਸ ਹਜ਼ਾਰ ਦਾ ਕਿੱਲਾ ਆ ਜਾਂਦਾ ਸੀ। ਖੇਤੀਬਾੜੀ ਤੇ ਰਾਇਲਟੀ ਦੀ ਆਮਦਨ ਨਾਲ ਉਸ ਨੇ ਵੱਡਾ ਪਰਵਾਰ ਪਾਲਿਆ, ਚਾਰ ਧੀਆਂ ਹੋਸਟਲਾਂ ਵਿੱਚ ਭੇਜ ਕੇ ਉਸ ਨੇ ਐੱਮ ਐੱਸ ਸੀ ਤੱਕ ਪੜ੍ਹਾਈਆਂ, ਵਿਆਹੀਆਂ ਤੇ ਕੁਝ ਜ਼ਮੀਨ ਵੀ ਖਰੀਦੀ। ਬਣਦਾ ਸਰਦਾ ਦਸਵੰਧ ਸਿੱਖਿਆ, ਸਿਹਤ ਤੇ ਸਾਹਿਤ ਦੇ ਲੇਖੇ ਲਾਇਆ। ਸੌ ਤੋਂ ਵੱਧ ਲੇਖਕਾਂ ਨੂੰ ਬਾਵਾ ਬਲਵੰਤ, ਬਲਰਾਜ ਸਾਹਨੀ ਤੇ ਡਾਕਟਰ ਜਸਵੰਤ ਸਿੰਘ ਗਿੱਲ ਇਨਾਮ ਦਿੱਤੇ। ਦੇਸ਼ ਵਿਦੇਸ਼ ਦੀਆਂ ਸੈਰਾਂ ਕੀਤੀਆਂ। ਭਾਈ ਜੋਧ ਸਿੰਘ ਤੇ ਖੁਸ਼ਵੰਤ ਸਿੰਘ ਸੌਵੇਂ ਸਾਲ ਵਿੱਚ ਪਹੁੰਚ ਗਏ ਸਨ, ਪਰ ਉਹ ਸੈਂਕੜਾ ਨਹੀਂ ਸੀ ਮਾਰ ਸਕੇ। ਸੈਂਕੜੇ ਦੀ ਮਾਲੀ ਕੇਵਲ ਕੰਵਲ ਨੇ ਮਾਰੀ।

ਜਸਵੰਤ ਸਿੰਘ ਕੰਵਲ ਬਾਰੇ ਮੈਂ ਪਹਿਲਾਂ ਹੀ ਕੁਝ ਲੇਖ ਲਿਖ ਚੁੱਕਾ ਹਾਂ, ਸਗੋਂ ਪੂਰੀ ਕਿਤਾਬ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ'। ਇੱਕ ਦਿਨ ਬਾਈ ਵਰਿਆਮ ਸਿੰਘ ਸੰਧੂ ਨਾਲ ਗੱਲ ਚੱਲੀ ਕਿ ਉਨ੍ਹਾਂ ਲੇਖਕਾਂ ਦੀਆਂ ਹੀ ਬਰਸੀਆਂ ਮਨਾਈਆਂ ਜਾਂਦੀਆਂ ਹਨ, ਜਿਨ੍ਹਾਂ ਦੇ ਵਾਰਸ ਜੀਂਦੇ ਜਾਗਦੇ ਹੋਣ। ਸ਼ੁਕਰ ਹੈ ਕੰਵਲ ਦਾ ਪੁੱਤਰ, ਪੂਰਾ ਪਰਵਾਰ, ਖਾਸਕਰ ਉਹਦਾ ਸਾਹਿਤਕ ਵਾਰਸ ਦੋਹਤਾ ਡਾਕਟਰ ਸੁਮੇਲ ਸਿੰਘ ਸਿੱਧੂ, ਸਭ ਜਿਊਂਦੇ ਜਾਗਦੇ ਹਨ, ਜਿਸ ਕਰ ਕੇ ਲੱਗਦਾ ਹੈ ਉਸ ਦੀਆਂ ਬਰਸੀਆਂ ਮਨਾਈਆਂ ਜਾਂਦੀਆਂ ਰਹਿਣਗੀਆਂ।

ਕੰਵਲ ਡੂੰਘੀਆਂ ਜੜ੍ਹਾਂ ਵਾਲਾ ਬਿਰਖ ਸੀ, ਜੋ 100 ਸਾਲ ਸੱਤ ਮਹੀਨੇ ਚਾਰ ਦਿਨ, ਸੱਜੀਆਂ ਖੱਬੀਆਂ 'ਵਾਵਾਂ ਨਾਲ ਝੂਮਦਾ, ਫਲ-ਫੁੱਲ ਤੇ ਛਾਵਾਂ ਦਿੰਦਾ ਰਿਹਾ। ਉਸ ਨੇ ਸੈਂਕੜੇ ਕਲਮਾਂ ਨੂੰ ਲਿਖਣ ਦੀ ਚੇਟਕ ਲਾਈ। ਤੀਹ ਲੇਖਕ ਤਾਂ ਢੁੱਡੀਕੇ ਪਿੰਡ ਦੇ ਹਨ। 27 ਜੂਨ 1919 ਨੂੰ ਉਸ ਨੇ ਢੁੱਡੀਕੇ ਦੀ ਹਵਾ 'ਚ ਪਹਿਲਾ ਸਾਹ ਲਿਆ ਸੀ ਅਤੇ ਢੁੱਡੀਕੇ ਵਿੱਚ ਹੀ ਇੱਕ ਫਰਵਰੀ 2020 ਨੂੰ ਸਵੇਰੇ ਸੱਤ ਵੱਜ ਕੇ ਚਾਲੀ ਮਿੰਟ 'ਤੇ ਆਖਰੀ ਸਾਹ ਲਿਆ। ਉਸੇ ਦਿਨ 3.30 ਵਜੇ ਉਸ ਦੀ ਮ੍ਰਿਤਕ ਦੇਹ ਦਾ 'ਜਸਵੰਤ ਸਿੰਘ ਕੰਵਲ ਅਮਰ ਰਹੇ' ਦੇ ਨਾਅਰਿਆਂ ਨਾਲ ਕਪੂਰਾ ਪੱਤੀ ਦੇ ਸਿਵਿਆਂ ਵਿੱਚ ਸਸਕਾਰ ਕਰ ਦਿੱਤਾ ਗਿਆ। 10 ਫਰਵਰੀ ਨੂੰ ਅੰਤਿਮ ਅਰਦਾਸ ਉਪਰੰਤ ਸ਼ਰਧਾਂਜਲੀ ਸਮਾਗਮ ਹੋਇਆ ਜਿਸ ਵਿੱਚ ਪੰਜਾਬ ਸਰਕਾਰ ਦੇ ਭਾਸ਼ਾ ਮੰਤਰੀ ਦਾ ਸਰਕਾਰੀ ਪੱਤਰ ਪੜ੍ਹ ਕੇ ਸੁਣਾਇਆ ਗਿਆ ਕਿ ਸਰਕਾਰੀ ਕਾਲਜ ਢੁੱਡੀਕੇ ਵਿਖੇ ਬਣੇ ਨਵੇਂ ਆਡੀਟੋਰੀਅਮ ਦਾ ਨਾਂਅ ਜਸਵੰਤ ਸਿੰਘ ਕੰਵਲ ਭਵਨ ਰੱਖਿਆ ਜਾਵੇਗਾ। ਕੁਝ ਦਿਨਾਂ ਬਾਅਦ ਪੰਜਾਹ-ਸੱਠ ਲੇਖਕਾਂ ਪਾਠਕਾਂ ਨੇ ਸਿਮਰਤੀ ਸਮਾਗਮ ਕੀਤਾ ਤੇ ਬੋਰਡ ਲਾ ਕੇ ਜਸਵੰਤ ਸਿੰਘ ਕੰਵਲ ਭਵਨ ਦਾ ਨਾਮਕਰਣ ਕਰ ਦਿੱਤਾ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਜਸਵੰਤ ਕੰਵਲ ਬਾਰੇ ਸਿਮਰਤੀ ਗ੍ਰੰਥ ਛਾਪਣ ਦਾ ਐਲਾਨ ਕੀਤਾ ਗਿਆ, ਜੀਹਦੇ ਪ੍ਰਕਾਸ਼ਨ ਸੰਬੰਧੀ ਯੂਨੀਵਰਸਿਟੀ ਹੀ ਦੱਸ ਸਕਦੀ ਹੈ। ਸੰਗਤ ਦਾ ਧੰਨਵਾਦ ਕੰਵਲ ਦੇ ਪੁੱਤਰ ਸਰਬਜੀਤ ਸਿੰਘ ਤੇ ਦੋਹਤੇ ਸੁਮੇਲ ਸਿੰਘ ਸਿੱਧੂ ਨੇ ਕੀਤਾ।

ਪਰਵਾਰ ਨੇ ਜਸਵੰਤ ਸਿੰਘ ਕੰਵਲ ਦੀ ਯਾਦ ਵਿੱਚ ਉਸ ਦਾ ਪੜ੍ਹਨ ਲਿਖਣ ਵਾਲਾ ਕਮਰਾ, ਮੇਜ਼ ਕੁਰਸੀ ਤੇ ਕਾਗਜ਼ ਕਲਮ ਉਵੇਂ ਹੀ ਸਾਂਭ ਰੱਖੇ ਹਨ। ਕਿਤਾਬਾਂ ਤੇ ਕੁਝ ਹੱਥ ਲਿਖਤਾਂ ਵੀ ਸੰਭਾਲੀਆਂ ਹੋਈਆਂ ਹਨ। ਇਹ ਸੇਵਾ ਕੰਵਲ ਦੇ ਪੋਤੇ ਹਰਮੀਤ ਸਿੰਘ ਨੂੰ ਸੌਂਪੀ ਗਈ ਹੈ। ਮੇਰੀਆਂ ਕੰਵਲ ਨਾਲ ਜੁੜੀਆਂ ਬੇਸ਼ੁਮਾਰ ਯਾਦਾਂ ਹਨ। ਸੱਠ ਸਾਲਾਂ ਦਾ ਸਨੇਹ ਜੁ ਸੀ ਤੇ ਤੀਹ ਸਾਲ ਢੁੱਡੀਕੇ ਕਾਲਜ ਵਿੱਚ ਪੜ੍ਹਾਉਣ ਦਾ ਨੇੜ। ਉਹਦੀ ਸਰਪੰਚੀ ਵੇਲੇ 1956 ਤੋਂ ਹਰ ਸਾਲ ਢੁੱਡੀਕੇ ਦਾ ਲਾਜਪਤ ਰਾਏ ਖੇਡ ਮੇਲਾ ਲੱਗ ਰਿਹਾ ਹੈ। 2019 ਤੱਕ ਇਹ ਮੇਲਾ ਅਸੀਂ 'ਕੱਠੇ ਵੇਖਦੇ ਰਹੇ। ਸੱਠਵਿਆਂ ਸੱਤਰਵਿਆਂ ਵਿੱਚ 'ਕੱਠੇ ਕਬੱਡੀ ਮੈਚ ਖਿਡਾਉਂਦੇ ਤੇ ਮੈਚਾਂ ਦੀ ਕੁਮੈਂਟਰੀ ਕਰਦੇ। ਖੂਬ ਹਾਸਾ ਖੇਡਾ ਹੁੰਦਾ। ਰਉਂ ਹਲਕਾ ਕਰਨ ਲਈ ਦੱਸਦਾਂ। ਇੱਕ ਵਾਰ ਧੱਕੜ ਧਾਵੀ ਉਹਦੇ 'ਚ ਅਜਿਹਾ ਵੱਜਾ ਕਿ ਹੌਲੇ ਫੁੱਲ ਕੰਵਲ ਦੀ ਲੋਟ ਪੋਟਣੀ ਲੱਗ ਗਈ। ਉਹਦੀ ਪੱਗ ਪਾਸੇ ਜਾ ਪਈ, ਗੁਲੂਬੰਦ ਖੁੱਲ੍ਹ ਗਿਆ, ਘੜੀ ਡਿੱਗ ਪਈ, ਪਰ ਅਸ਼ਕੇ ਬਾਈ ਦੇ ਕਿ ਵਿਸਲ ਉਹਦੇ ਮੂੰਹ ਵਿੱਚ ਹੀ ਰਹੀ। ਉਹੀ ਵਿਸਲ ਵਜਾ ਕੇ ਧਾਵੀ ਨੂੰ ਪੁਆਇੰਟ ਦਿੱਤਾ ਅਤੇ ਪੱਗ ਲੱਕ ਦੁਆਲੇ ਲਪੇਟ ਕੇ ਅਗਲੀ ਕੌਡੀ ਪੁਆਉਣ ਲੱਗਾ। ਅਜਿਹੇ ਸਿਰੜ ਕਰ ਕੇ ਹੀ ਉਹ ਉਮਰ ਦਾ ਸੈਂਕੜਾ ਮਾਰ ਸਕਿਆ।

2000 'ਚ ਸੇਵਾਮੁਕਤ ਹੋ ਕੇ ਮੈਂ ਕੈਨੇਡਾ ਵਾਸੀ ਬਣ ਗਿਆ। ਫਿਰ ਵੀ ਹਰ ਸਿਆਲ ਕੰਵਲ ਨੂੰ ਮਿਲਣ ਆ ਜਾਂਦਾ ਤੇ ਅਸੀਂ ਰਲ ਕੇ ਮੇਲਾ ਵੇਖਦੇ। 28 ਜਨਵਰੀ 2019 ਨੂੰ ਮੈਂ ਉਹਨੂੰ ਮੱਲੋਮੱਲੀ ਮੇਲੇ ਲਿਜਾ ਕੇ ਉਹਤੋਂ ਝੰਡੀ ਕਰਵਾ ਆਇਆ ਸਾਂ। ਖੂਬ ਤਾੜੀਆਂ ਵੱਜੀਆਂ। 2020 ਦੇ ਖੇਡ ਮੇਲੇ 'ਤੇ ਲਿਜਾਣ ਲਈ ਮੈਂ ਕੈਨੇਡਾ ਤੋਂ ਢੁੱਡੀਕੇ ਪੁੱਜਾ ਤਾਂ ਉਹ ਬਿਸਤਰੇ 'ਤੇ ਨਿਢਾਲ ਪਿਆ ਸੀ। ਗੱਲਾਂ ਦਾ ਹੁੰਗਾਰਾ ਭਰਦਾ ਰਿਹਾ, ਪਰ ਮੇਲੇ ਜਾਣ ਤੋਂ ਸਿਰ ਫੇਰ ਗਿਆ। 28 ਜਨਵਰੀ ਨੂੰ ਖੇਡ ਮੇਲਾ ਮੁੱਕਿਆ। ਪਹਿਲੀ ਫਰਵਰੀ ਨੂੰ ਉਹ ਜੱਗ ਦਾ ਭਰਿਆ ਮੇਲਾ ਛੱਡ ਗਿਆ। 2021 ਦਾ ਖੇਡ ਮੇਲਾ ਕੋਰੋਨਾ ਤੇ ਕਿਸਾਨ ਅੰਦੋਲਨ ਕਰ ਕੇ ਲੱਗਿਆ ਹੀ ਨਹੀਂ, ਜਿਸ ਕਰ ਕੇ ਮੈਂ ਵੀ ਕੈਨੇਡਾ ਤੋਂ ਢੁੱਡੀਕੇ ਨਹੀਂ ਗਿਆ। ਨਾਲੇ ਹੁਣ ਕਿਹੜਾ ਬਾਘੀਆਂ ਪਾਉਂਦੇ ਕੰਵਲ ਨੇ ਉਡੀਕਦੇ ਹੋਣਾ ਸੀ ਜੀਹਨੂੰ ਮਿਲਣ ਦਾ ਬੜਾ ਚਾਅ ਹੁੰਦਾ ਸੀ। ਬਾਈ ਨੂੰ ਯਾਦ ਕਰਦਿਆਂ ਉਹਦੇ ਮਨਭਾਉਂਦੇ ਕਾਵਿ-ਬੰਦ ਯਾਦ ਆ ਰਹੇ ਨੇ :

ਸਾਡਾ ਜੀਓ ਜਾਮਾ ਜਿਹੜਾ ਆਣ ਮੇਲੇ,  
ਸਿਰ ਸਦਕਾ ਓਸ ਦੇ ਨਾਮ ਦਾ ਈ  
ਭਲਾ ਮੋਏ ਤੇ ਵਿਛੜੇ ਕੌਣ ਮੇਲੇ?  
ਐਵੇਂ ਜਿਊੜਾ ਲੋਕ ਵਲਾਂਵਦਾ ਈ  
ਇੱਕ ਜੱਟ ਦੇ ਖੇਤ ਨੂੰ ਅੱਗ ਲੱਗੀ,  
ਵੇਖਾਂ ਆਣ ਕੇ ਕੌਣ ਬੁਝਾਂਵਦਾ ਈ  
ਦੇਵਾਂ ਚੂਰੀਆਂ ਘਿਓ ਦੇ ਬਾਲ ਦੀਵੇ,  
ਵਾਰਸ ਸ਼ਾਹ ਜੇ ਸੁਣਾਂ ਮੈਂ ਆਂਵਦਾ ਈ...  
ਏਥੇ ਆਇਆਂ ਨੂੰ ਦੁਨੀਆ ਮੋਹ ਲੈਂਦੀ,  
ਦਗੇਬਾਜ਼ ਦਾ ਧਾਰ ਕੇ ਭੇਸ ਮੀਆਂ  
ਸਦਾ ਨਹੀਂ ਜੁਆਨੀ ਤੇ ਐਸ਼ ਮਾਪੇ,  
ਸਦਾ ਨਹੀਂ ਜੇ ਬਾਲ ਵਰੇਸ ਮੀਆਂ  
ਸਦਾ ਨਹੀਂ ਜੇ ਦੌਲਤਾਂ ਫੀਲ ਘੋੜੇ,  
ਸਦਾ ਨਹੀਂ ਜੇ ਰਾਜਿਆਂ ਦੇਸ਼ ਮੀਆਂ  
ਸ਼ਾਹ ਮੁਹੰਮਦਾ ਸਦਾ ਨਾ ਰੂਪ ਦੁਨੀਆ,  
ਸਦਾ ਰਹਿਣ ਨਾ ਕਾਲੜੇ ਕੇਸ ਮੀਆਂ...

ਸੱਚੀ ਗੱਲ ਹੈ, ਸਦਾ ਨਾ ਬਾਗੀਂ ਬੁਲਬੁਲ ਬੋਲੇ, ਸਦਾ ਨਾ ਮੌਜ ਬਹਾਰਾਂ...। ਖਿਆਲ ਆਉਂਦੈ, ਕੰਵਲ ਜੀਂਦਾ ਹੁੰਦਾ ਤਾਂ ਉਸ ਨੇ ਕਿਸਾਨ ਅੰਦੋਲਨ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਹਣੇ ਮਾਰਵੀਂ ਖੁੱਲ੍ਹੀ ਚਿੱਠੀ ਲਿਖਣੀ ਸੀ ਜਿਵੇਂ ਕਦੇ ਇੰਦਰਾ ਗਾਂਧੀ ਤੇ ਰਾਜੀਵ ਗਾਂਧੀ ਨੂੰ ਲਿਖੀਆਂ ਸਨ। ਉਸ ਨੇ ਦੁਹਾਈਆਂ ਪਾਉਣੀਆਂ ਸਨ, ਕਿਸਾਨਾਂ ਦੀ ਮੰਦੀ ਹਾਲਤ ਦੀਆਂ, ਕਿਸਾਨ ਮਾਰੂ ਕਾਲੇ ਕਾਨੂੰਨਾਂ ਦੀਆਂ ਤੇ ਅੰਦੋਲਨ ਵਿੱਚ ਸ਼ਹਾਦਤ ਦੇਣ ਵਾਲੇ ਕਿਰਤੀ ਕਿਸਾਨਾਂ ਦੀਆਂ। ਵੰਗਾਰ ਪਾਉਣੀ ਸੀ ਕਿਸਾਨਾਂ ਦੀਆਂ ਮੰਗਾਂ ਮੰਨਣ ਜਾਂ ਗੱਦੀ ਛੱਡਣ ਦੀ। ਕਿਸਾਨ ਅੰਦੋਲਨ ਬਾਰੇ ਅਖਬਾਰੀ ਲੇਖ ਲਿਖਣੇ ਸਨ 'ਮੁੜ ਜਾਗੇ ਖੇਤਾਂ ਦੇ ਪੁੱਤ' ਤੇ 'ਭਬਕਾਂ ਮਾਰਦਾ ਪੰਜਾਬ।' ਅਤੇ ਕਿਸਾਨ ਜਥੇਬੰਦੀਆਂ ਤੇ ਤੱਤੇ ਨੌਜਵਾਨਾਂ ਨੂੰ ਮੱਤ ਦੇਣੀ ਸੀ, ਸ਼ਾਂਤ ਰਹਿਣ ਦੀ, ਏਕਾ ਰੱਖਣ ਦੀ, ਸਬਰ ਤੇ ਸਿਰੜ ਨਾਲ ਅੱਗੇ ਵਧਣ ਦੀ ਤੇ ਸਿਰਲੇਖ ਰੱਖਣਾ ਸੀ 'ਕਿਸਾਨਾਂ ਦਾ ਏਕਾ ਲੋਹੇ ਦੀ ਦੀਵਾਰ'। ਟੇਬਲ ਟਾਕ 'ਚ ਧੋਖਾ ਖਾਣ ਤੋਂ ਸਾਵਧਾਨ ਕਰਦੇ ਰਹਿਣਾ ਸੀ। ਜੇਰਾ ਰੱਖਣ ਤੇ ਚੜ੍ਹਦੀ ਕਲਾ 'ਚ ਰਹਿਣ ਦੀ ਨਸੀਹਤ ਦੇਣੀ ਸੀ। ਫਿਰ ਕਿਸਾਨਾਂ ਦੀ ਜਿੱਤ ਉਤੇ ਇੱਕ ਹੋਰ 'ਜਿੱਤ-ਨਾਮਾ' ਲਿਖਣਾ ਸੀ। ਉਹ ਕਿਸਾਨੀ, ਪੰਜਾਬ ਤੇ ਪੰਜਾਬੀਅਤ ਨੂੰ ਦਿਲ ਦੀਆਂ ਡੂੰਘਾਈਆਂ 'ਚੋਂ ਪਿਆਰ ਕਰਦਾ ਸੀ। ਪੰਜਾਬ ਦੀ ਰੂਹ ਸੀ, ਕਾਮਰੇਡੀ ਤੇ ਸਿੱਖੀ ਦਾ ਸੁਮੇਲ ਸੀ। ਹੀਰ-ਵੰਨੇ ਪੰਜਾਬੀ ਦਾ ਆਸ਼ਕ ਸੀ, ਜੀਹਦੀਆਂ ਗੱਲਾਂ ਉਹਦਾ ਦੋਹਤਾ ਪ੍ਰੋਫੈਸਰ ਸੁਮੇਲ ਵਾਰ-ਵਾਰ ਕਰਦਾ ਨਹੀਂ ਥੱਕਦਾ। ਕੰਵਲ ਗੁਰਬਾਣੀ ਤੇ ਵਾਰਸ ਦੀ ਹੀਰ ਉਤੇ ਪੂਰਾ ਮਾਇਲ ਸੀ। ਪਿੰਡ ਦੀ ਫਿਰਨੀ 'ਤੇ ਤੁਰਿਆ ਫਿਰਦਾ ਅਖਬਾਰਾਂ ਰਸਾਲੇ ਪੜ੍ਹਦਾ ਸੀ। ਤੁਰਿਆ ਜਾਂਦਾ ਆਪਣੇ ਆਪ ਨਾਲ ਗੱਲਾਂ ਕਰਦਾ, ਹੱਥ ਚੁੱਕਦਾ, ਉਂਗਲਾਂ ਤਾਣਦਾ ਸੀ ਜਿਵੇਂ ਬਹਿਸ ਕਰ ਰਿਹਾ ਹੋਵੇ। ਪ੍ਰੋਫੈਸਰ ਕਿਸ਼ਨ ਸਿੰਘ ਨੂੰ ਉਹ ਅਸਲੀ ਆਲੋਚਕ ਸਮਝਦਾ ਸੀ। ਉਹ ਯਾਰਾਂ ਦਾ ਦਿਲਦਾਰ ਸੀ, ਸ਼ਤਰੰਜ ਦਾ ਸ਼ੌਕੀਨ ਸੀ, ਲੋਕ ਗੀਤਾਂ ਦਾ ਦੀਵਾਨਾ ਸੀ। ਆਪਮੁਹਾਰਾ ਗਾਉਣ ਲੱਗਦਾ ਸੀ ਤੇ ਗਾਉਂਦਾ ਗਾਉਂਦਾ ਮਚਲ ਜਾਂਦਾ ਸੀ। ਜਸਵੰਤ ਗਿੱਲ ਨੂੰ ਅਵੱਲੇ ਨਾਵਾਂ ਭਾਨਿਆਂ, ਸੁਭਾਨੋ, ਜੱਸੋ, ਸੁਰਤੀਏ, ਦੁਲਾਰੀਏ, ਰਾਣੋ, ਰਾਜੋ, ਬਾਘੋ, ਜਿੰਦੋ, ਸੁਰਤੋ, ਰਾਧੋ ਤੇ ਬੱਲੋ-ਬੱਲੋ ਨਾਲ ਪੁਕਾਰਦਾ ਸੀ।



-ਪ੍ਰਿੰ. ਸਰਵਣ ਸਿੰਘ-

2010 ਵਿੱਚ ਛਪੀ ਉਹਦੀ ਕਿਤਾਬ ਦਾ ਨਾਂਅ ਸੀ: ਪੰਜਾਬ! ਤੇਰਾ ਕੀ ਬਣੂ? ਉਹਦੇ ਸਰਵਰਕ ਉੱਤੇ ਛਪੀਆਂ ਸਤਰਾਂ ਨੇ ਓਦੋਂ ਮੇਰਾ ਓਨਾ ਧਿਆਨ ਨਹੀਂ ਸੀ ਖਿਚਿਆ, ਜਿੰਨਾ ਹੁਣ ਖਿਚ ਰਹੀਆਂ ਹਨ।

''ਗੁਰੂ ਦੇ ਲਾਡਲੇ ਪੰਜਾਬ! ਤੂੰ ਹੁਣ ਕਿਵੇਂ ਜੀਵੇਂਗਾ? ਤੇਰਾ ਅੱਗਾ ਪਿੱਛਾ ਦੁਸ਼ਮਣਾਂ ਜੜ੍ਹਾਂ ਤੱਕ ਛਾਂਗ ਸੁੱਟਿਆ! ਤੇਰਾਂ ਲੱਖ ਟਿਊਬਵੈੱਲਾਂ, ਤੇਰੀ ਤਾਂ ਅੱਡੀਆਂ ਤੱਕ ਰੱਤ ਚੂਸ ਲਈ। ਕਾਂਗਰਸੀ ਆਖਦੇ ਸਨ, ਡਾਕੂ ਅੰਗਰੇਜ਼ ਦੇ ਜਾਣ ਪਿੱਛੋਂ ਤੇਰੀਆਂ ਆਨਾਂ ਸ਼ਾਨਾਂ ਨਿਰਾਲੀਆਂ ਹੋਣਗੀਆਂ। ਕਿੱਥੇ ਹੈ ਉਹ ਚੜ੍ਹਦੀ ਕਲਾ? ਪੁੱਤਾਂ ਪੋਤਰਿਆਂ ਵਾਲਾ ਤੂੰ ਤਾਂ ਦੁਨੀਆ ਦੇ ਨਕਸ਼ੇ ਤੋਂ ਲਹਿਣ ਵਾਲਾ ਹੋ ਗਿਆ ਏਂ। ਤੇਰਾ ਅਤਿ ਮੰਦੜਾ ਹਾਲ ਵੇਖ ਮੇਰੀ ਕਲਮ ਦਾ ਸੂਹ ਸੂਤਿਆ ਪਿਆ ਹੈ। ਤੇਰਾ ਹੁਣ ਕੀ ਬਣੂੰ?''

''ਲੁਟੇਰੇ ਤੇ ਅਸਲੋਂ ਵਿਹਲੜ ਸਾਧ ਲਾਣੇ ਵਾਸਤੇ ਕੰਮ ਕਰਨ ਲਈ ਕੋਈ ਨੇਮ ਕਾਨੂੰਨ ਨਹੀਂ, ਕੋਈ ਪਾਬੰਦੀ ਨਹੀਂ। ਕਿਸਾਨ ਤੋਂ ਮੰਡੀ ਤੇ ਬਾਜ਼ਾਰ ਦੀ ਲੁੱਟ ਪਿੱਛੋਂ ਮੰਗਤਿਆਂ ਤੇ ਸਾਧਾਂ ਦੇ ਧਾੜੇ ਵੀ ਹਿੱਸਾ ਭਾਲਦੇ ਐ। ਤਰਤਾਲੀ ਫੀਸਦੀ ਕਾਮੇ ਕੰਮ ਕਰਦੇ ਹਨ, ਉਨ੍ਹਾਂ ਦੀ ਕਮਾਈ ਤੇ ਸਤਵੰਜਾ ਫੀਸਦੀ ਵਿਹਲੜ ਅੱਯਾਸ਼ੀਆਂ ਕਰਦੇ ਹਨ। ਜੇ ਕੋਈ ਰੱਬ, ਸਭ ਦਾ ਰਖਵਾਲਾ ਹੁੰਦਾ, ਦਸਾਂ-ਨਹੁੰਆਂ ਦੀ ਕਮਾਈ ਬਰਬਾਦ ਹੋਣ ਦੇਂਦਾ? ਹਾਲਤ ਇਹ ਹੈ, ਵਿਹਲੜ ਲਾਣਾ ਚਾਂਭੜਾਂ ਪਾਉਂਦਾ ਹੈ ਤੇ ਕਾਮੇ ਪਸ਼ੂਆਂ ਵਾਂਗ ਪੰਜਾਲੀ ਦਿੱਤੇ ਹਉਂਕ ਰਹੇ ਹਨ। ਨਿਆਂਕਾਰ ਰੱਬ ਕਿੱਥੇ ਮਰ ਗਿਆ? ਇਹ ਸਾਧ ਸੰਤ ਲਾਣੇ ਰੱਬ ਦੇ ਨਾਂਅ 'ਤੇ ਸਿੱਧੀਆਂ ਡਕੈਤੀਆਂ ਕਰਦੇ ਹਰਾਮ ਦੀਆਂ ਖਾਂਦੇ ਹਨ। ਇਨ੍ਹਾਂ ਦੀਆਂ ਲੁਕੀਆਂ ਚੋਰੀਆਂ ਯਾਰੀਆਂ, ਤੌਬਾ ਮੇਰੀ! ਜੇਕਰ ਨਿਆਂਕਾਰ ਰੱਬ ਹੁੰਦਾ, ਵਿਹਲੜ ਗੁਨਾਹਗਾਰਾਂ ਨੂੰ ਪੁੱਠੀਆਂ ਫਾਂਸੀਆਂ ਦੇਂਦਾ।''

ਕੰਵਲ ਦੇ ਦਾਦੇ ਦਾ ਨਾਂਅ ਪੰਜਾਬ ਸਿੰਘ ਸੀ, ਜੋ ਉਚੇ ਕੱਦ ਦਾ ਸਿਰੜੀ ਕਿਸਾਨ ਸੀ। ਉਹ ਤੜਕੇ ਉੱਠ ਕੇ ਹਲ ਜੋੜਦਾ, ਦੁਪਹਿਰੇ ਪੱਠਾ ਦੱਥਾ ਕਰਦਾ ਤੇ ਸਾਰਾ ਦਿਨ ਮਿੱਟੀ ਨਾਲ ਮਿੱਟੀ ਹੁੰਦਾ ਰਹਿੰਦਾ। ਖੇਤਾਂ ਦੀ ਵਿਰਾਸਤ, ਕਿਰਤ ਤੇ ਕਿਰਸਾਣੀ ਕੰਵਲ ਨੂੰ ਵਿਰਸੇ ਵਿੱਚ ਮਿਲੀ ਸੀ। ਉਹਦੀਆਂ ਲਿਖਤਾਂ ਵਿੱਚ ਵੀ ਕਿਰਸਾਣੀ ਉਹਦੇ ਹੱਡੀਂ ਰਚੀ ਦਿਸਦੀ ਹੈ। ਉਹਦੀਆਂ ਲਿਖਤਾਂ ਦੇ ਬਹੁਤੇ ਪਾਤਰ ਕਿਸਾਨ ਮਜ਼ਦੂਰ ਹਨ। ਖੇਤਾਂ ਵਾਲੇ ਵੀ ਹਨ ਤੇ ਵਿਹੜਿਆਂ ਵਾਲੇ ਵੀ। ਉਹਦੇ ਸ਼ਾਹਕਾਰ ਨਾਵਲ 'ਪੂਰਨਮਾਸ਼ੀ' ਦੇ ਇੱਕ ਕਾਂਡ ਉੱਤੇ ਲਿਖਿਆ ਹੈ : ਹਲ ਛੱਡ ਕੇ ਚਰ੍ਹੀ ਨੂੰ ਜਾਣਾ, ਜੱਟ ਦੀ ਜੂਨ ਬੁਰੀ।

'ਪੂਰਨਮਾਸ਼ੀ' ਵਿੱਚ ਪੰਜਾਬ ਦੇ ਪੇਂਡੂ ਜੀਵਨ ਦੀਆਂ ਅਨੇਕ ਝਾਕੀਆਂ ਅੱਖਾਂ ਅੱਗੇ ਆਉਂਦੀਆਂ ਹਨ। ਕਿਤੇ ਤੀਆਂ, ਕਿਤੇ ਮੇਲੇ, ਖੇਡ ਮੁਕਾਬਲੇ, ਖਾਣ ਪੀਣ ਦੀਆਂ ਮਹਿਫਲਾਂ, ਸਾਕੇਦਾਰੀ, ਪ੍ਰਾਹੁਣਾਚਾਰੀ, ਸੱਥ ਚਰਚਾ, ਲੋਹੜੀ, ਕਿਤੇ ਡਾਕਾ, ਠਾਣੇ ਦੀ ਹਵਾਲਾਤ, ਅਮਲੀ ਦੇ ਟਾਂਗੇ ਦੀ ਸਵਾਰੀ, ਜੰਞਾਂ ਦਾ ਚੜ੍ਹਨਾ, ਜਾਗੋ ਕੱਢਣੀ, ਵਿਆਹਾਂ ਦੇ ਗੀਤ, ਜੰਞ ਬੰਨ੍ਹਣੀ ਤੇ ਛੁਡਾਉਣੀ, ਗਾਉਣ ਦੇ ਖਾੜੇ, ਗਮੰਤਰੀਆਂ ਦੀਆਂ ਢੱਡ ਸਾਰੰਗੀਆਂ, ਮੇਲਿਆਂ 'ਚ ਲੜਾਈਆਂ ਭਿੜਾਈਆਂ, ਡੱਬਾਂ 'ਚ ਪਿਸਤੌਲ, ਹੱਥਾਂ 'ਚ ਖੂੰਡੇ, ਮੋਢੇ ਦੁਨਾਲੀਆਂ, ਵਗਦੇ ਖੂਹ, ਜੱਟ ਤੇ ਜ਼ਮੀਨ, ਪੰਚਾਂ ਦੇ ਪੱਖਪਾਤੀ ਫੈਸਲੇ, ਸ਼ਰੀਕੇ, ਕਬੀਲੇ, ਰਿਸ਼ਤਿਆਂ ਵਿੱਚ ਭਾਨੀਆਂ, ਹਾਲੀਆਂ ਪਾਲੀਆਂ ਦੀਆਂ ਬੋਲੀਆਂ, ਤ੍ਰਿੰਞਣ ਦੀਆਂ ਸਹੇਲੀਆਂ, ਚੋਹਲ ਮੋਹਲ, ਗਿਆਨੀ ਦਾ ਉਪਦੇਸ਼ ਤੇ ਇਨਕਲਾਬ ਜ਼ਿੰਦਾਬਾਦ ਦੀਆਂ ਗੱਲਾਂ...। ਜੇ ਸੰਤ ਸਿੰਘ ਸੇਖੋਂ ਪੰਜਾਬੀ ਸਾਹਿਤ ਦਾ ਬੋਹੜ ਸੀ ਤਾਂ ਜਸਵੰਤ ਸਿੰਘ ਕੰਵਲ ਸਰੂ ਦਾ ਬੂਟਾ ਸੀ। ਉਹ ਵਗਦੀਆਂ 'ਵਾਵਾਂ ਦੇ ਵੇਗ ਵਿੱਚ ਝੂਮਦਾ ਸੀ। ਕਦੇ ਖੱਬੇ ਲਹਿਰਾਉਂਦਾ ਸੀ, ਕਦੇ ਸੱਜੇ ਤੇ ਕਦੀ ਵਾਵਰੋਲੇ ਵਾਂਗ ਗੋਲਾਈ ਵਿੱਚ ਘੁੰਮਦਾ ਸੀ। ਉਹ ਵੇਗਮੱਤਾ ਲੇਖਕ ਸੀ ਤੇ ਲੋਹੜੇ ਦਾ ਜਜ਼ਬਾਤੀ। ਉਹਦੇ ਰੁਮਾਂਚਿਕ ਰਉਂ ਵਿੱਚ ਲਿਖੇ ਵਾਕ ਸਿੱਧੇ ਦਿਲਾਂ 'ਤੇ ਅਸਰ ਕਰਦੇ ਰਹੇ। ਉਸ ਨੇ ਲਗਭਗ ਪੰਜਾਹ ਲੱਖ ਲਫਜ਼ ਲਿਖੇ ਤੇ ਹਜ਼ਾਰਾਂ ਸੰਵਾਦ ਰਚੇ, ਜੋ ਨੌਜਵਾਨ ਕੁੜੀਆਂ-ਮੁੰਡਿਆਂ ਦੀਆਂ ਡਾਇਰੀਆਂ ਉੱਤੇ ਚੜ੍ਹਦੇ ਰਹੇ। ਉਸ ਦੇ ਨਾਵਲ 'ਰਾਤ ਬਾਕੀ ਹੈ' ਨੇ ਹਜ਼ਾਰਾਂ ਨੌਜਵਾਨ ਕਾਮਰੇਡ ਬਣਾਏ ਜਿਸ ਦੀ ਗਵਾਹੀ ਸੋਹਣ ਸਿੰਘ ਜੋਸ਼ ਸਮੇਤ ਅਨੇਕਾਂ ਕਮਿਊਨਿਸਟ ਆਗੂਆਂ ਨੇ ਭਰੀ। ਉਹਦਾ ਨਾਵਲ 'ਲਹੂ ਦੀ ਲੋਅ' ਚੋਰੀਓਂ ਦੀਵਿਆਂ ਦੀ ਲੋਅ ਵਿੱਚ ਪੜ੍ਹਿਆ ਗਿਆ। ਉਹ ਐਮਰਜੈਂਸੀ ਕਾਰਨ ਮਲੇਸ਼ੀਆ 'ਚ ਛਪਿਆ ਤੇ ਇੰਗਲੈਂਡ ਤੋਂ ਸਮੱਗਲ ਹੋ ਕੇ ਪੰਜਾਬ ਪੁੱਜਾ। ਉਹਦੇ ਕਈ ਵਿਚਾਰਧਾਰਕ ਸ਼ਰੀਕਾਂ ਨੇ 'ਲੋਅ ਦਾ ਲਹੂ' ਕਹਿ ਕੇ ਭੰਡਿਆ। ਕਈਆਂ ਨੇ ਉਸ ਨੂੰ ਅੱਤਵਾਦੀਆਂ ਦਾ ਹਮਾਇਤੀ ਤੇ ਕਈਆਂ ਨੇ ਰੁਮਾਂਸਿਕ ਆਦਰਸ਼ਵਾਦੀ ਕਿਹਾ। 1947 ਵਿੱਚ ਉਸ ਨੇ ਪਿੰਡ ਦੇ ਮੁਸਲਮਾਨ ਬਚਾ ਕੇ ਪਾਕਿਸਤਾਨ ਪਹੁੰਚਾਏ, ਲਾਲਾ ਲਾਜਪਤ ਰਾਏ ਦੇ ਨਾਂਅ 'ਤੇ ਕਾਲਜ ਬਣਵਾਇਆ, ਬਲਰਾਜ ਸਾਹਨੀ ਤੇ ਬਾਵਾ ਬਲਵੰਤ ਦੇ ਨਾਂਅ 'ਤੇ ਸਾਹਿਤਕ ਪੁਰਸਕਾਰ ਸ਼ੁਰੂ ਕੀਤੇ। ਪਾਸ਼ ਦੇ ਸ਼ਰਧਾਂਜਲੀ ਸਮਾਗਮ ਵਿੱਚ ਤਲਵੰਡੀ ਸਲੇਮ ਪਹੁੰਚਾ ਤਾਂ ਉਸ ਨੂੰ ਕਿਸੇ ਨਾ ਗੌਲਿਆ। ਉਹ ਪਾਸ਼ ਲਈ ਬਾਵਾ ਬਲਵੰਤ ਪੁਰਸਕਾਰ ਲੈ ਕੇ ਗਿਆ ਸੀ।

ਕੰਵਲ, ਲਛਮਣ ਸਿੰਘ ਗਿੱਲ ਤੇ ਗਿਆਨੀ ਲਾਲ ਸਿੰਘ, ਗੁਆਂਢੀ ਪਿੰਡਾਂ ਦੇ ਸਨ। ਢੁੱਡੀਕੇ, ਚੂਹੜਚੱਕ ਤੇ ਦੌਧਰ ਦੇ ਉਹ ਤਿੰਨੇ ਜਣੇ ਪੰਜਾਬੀ ਭਾਸ਼ਾ ਦੇ ਵੱਡੇ ਥੰਮ੍ਹ ਬਣੇ। ਲਛਮਣ ਸਿੰਘ ਗਿੱਲ ਨੇ ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਦਿਵ-ਾਇਆ, ਗਿਆਨੀ ਲਾਲ ਸਿੰਘ ਨੇ ਸਰਕਾਰੀ ਦਫਤਰਾਂ ਵਿੱਚ ਪੰਜਾਬੀ ਭਾਸ਼ਾ ਲਾਗੂ ਕਰਨ ਦਾ ਰੋਲ ਨਿਭਾਇਆ ਅਤੇ ਜਸਵੰਤ ਸਿੰਘ ਕੰਵਲ ਨੇ ਪੰਜਾਬੀ ਸਭਾਵਾਂ, ਕਨਵੈਨਸ਼ਨਾਂ ਤੇ ਕਾਨਫਰੰਸਾਂ ਕਰਵਾ ਕੇ ਪੰਜਾਬੀ ਨੂੰ ਹਿੰਦੀ/ ਸੰਸਕ੍ਰਿਤ ਦੀ ਪਿਓਂਦ ਚਾੜ੍ਹਨੋਂ ਬਚਾਇਆ।

ਚੜ੍ਹਦੀ ਜੁਆਨੀ 'ਚ ਉਸ ਨੇ ਮਲਾਇਆ ਵਿੱਚ ਚੌਕੀਦਾਰੇ ਦੀ ਨੌਕਰੀ ਕੀਤੀ। ਮੁੜ ਕੇ ਸ਼੍ਰੋਮਣੀ ਕਮੇਟੀ ਦਾ ਕਲਰਕ ਲੱਗਾ ਤੇ ਲੇਖਕ ਬਣ ਗਿਆ। 1947 ਦੇ ਉਜਾੜੇ ਪਿੱਛੋਂ ਕਿਰਸਾਣੀ ਕਰਦਿਆਂ ਕਿਤਾਬਾਂ ਲਿਖਦਿਆਂ ਦੋ ਵਾਰ ਪਿੰਡ ਦਾ ਸਰਪੰਚ ਬਣਿਆ। ਪਿੰਡ 'ਚ ਸਿੱਖਿਆ ਤੇ ਸਿਹਤ ਦੇ ਉੱਚ ਅਦਾਰੇ ਬਣਵਾ ਕੇ ਪਛੜੇ ਪਿੰਡ ਦਾ ਵਿਕਾਸ ਕੀਤਾ। ਕੇਂਦਰੀ ਪੰਜਾਬੀ ਲੇਖਕ ਸਭਾ ਦਾ ਜਨਰਲ ਸਕੱਤਰ, ਪ੍ਰਧਾਨ ਤੇ ਸਰਪ੍ਰਸਤ ਰਿਹਾ। ਉਹ 1980 ਦੀ ਇੰਗਲੈਂਡ ਵਾਲੀ ਪਹਿਲੀ ਵਿਸ਼ਵ ਪੰਜਾਬੀ ਕਾਨਫਰੰਸ ਵਿੱਚ ਸ਼ਾਮਲ ਹੋਇਆ। ਪੰਜਾਬ ਸਕੂਲ ਸਿੱਖਿਆ ਬੋਰਡ ਦਾ ਮੈਂਬਰ ਰਿਹਾ। ਉਸ ਨੇ ਸ਼੍ਰੋਮਣੀ ਕਮੇਟੀ 'ਚ ਸੇਵਾ ਕਰਦਿਆਂ ਪੋਠੋਹਾਰ ਦੇ ਸਿੱਖਾਂ ਦੀ ਜਾਨ ਹੂਲ ਕੇ ਮਦਦ ਕੀਤੀ।

ਪੰਜ ਜਨਵਰੀ 2019 ਨੂੰ ਮੈਂ ਕੰਵਲ ਨੂੰ ਮਿਲਣ ਆਇਆ ਤਾਂ ਉਹ ਇੱਕੋ ਸ਼ੇਅਰ ਵਾਰ ਵਾਰ ਦੁਹਰਾਈ ਗਿਆ-ਹਮ ਜੋ ਗਏ ਤੋ ਰਾਹ ਗੁਜ਼ਰ ਨਾ ਥੀ, ਤੁਮ ਜੋ ਆਏ ਤੋ ਮੰਜ਼ਲੇਂ ਲਾਏ...। ਰਾਤ ਮੈਂ ਉਹਦੇ ਕੋਲ ਹੀ ਰਹਿ ਪਿਆ। ਸਵੇਰੇ ਉਠੇ ਤਾਂ ਉਹ 'ਹਮ ਜੋ ਗਏ ਤੁਮ ਜੋ ਆਏ' ਵਾਲਾ ਸ਼ੇਅਰ ਭੁੱਲ ਚੁੱਕਾ ਸੀ। ਮੈਂ ਉਹਦੀ ਹੱਥ ਲਿਖਤ ਦੀ ਨਿਸ਼ਾਨੀ ਵਜੋਂ ਇੱਕ ਕਾਗਜ਼ ਮੇਜ਼ ਤੋਂ ਚੁੱਕ ਲਿਆ, ਜੋ ਤਾਜ਼ਾ ਲਿਖਿਆ ਸੀ। ਉਹ ਪੁਰਾਣੇ ਪੈਡ ਦਾ ਅੱਧਾ ਵਰਕਾ ਸੀ। ਮੈਂ ਤਹਿ ਕਰ ਕੇ ਬਟੂਏ ਵਿੱਚ ਪਾ ਲਿਆ, ਜੋ ਅੱਜ ਤੱਕ ਮੇਰੇ ਬਟੂਏ ਵਿੱਚ ਹੈ। ਕਦੇ ਕਦੇ ਨਜ਼ਰ ਮਾਰ ਲੈਂਦਾ ਹਾਂ। ਉਸ ਉੱਤੇ ਲਿਖੀ ਪਹਿਲੀ ਸਤਰ ਹੈ; ਕਾਲੀ ਗਾਨੀ ਮਿੱਤਰਾਂ ਦੀ, ਗਲ ਪਾ ਕੇ ਲੱਖਾਂ ਦੀ ਹੋ ਜਾਹ। ਦੂਜੀ ਸਤਰ ਹੈ; ਛੋਟੀਆਂ ਲੜਾਈਆਂ ਬੰਦ। ਚੜ੍ਹਦੀ ਕਲਾ ਬੁਲੰਦ। ਤੇ ਤੀਜੀ ਸਤਰ; ਸ਼ਕਤੀ ਬੰਦੇ ਨੂੰ ਲਲਕਾਰਦੀ ਹੈ...।

ਬੱਸ ਏਨੀਆਂ ਕੁ ਸਤਰਾਂ ਨਾਲ ਮੈਂ ਆਪਣੇ ਮਹਿਬੂਬ ਲੇਖਕ ਨੂੰ ਅੰਤਾਂ ਦੀ ਸ਼ਿੱਦਤ ਨਾਲ ਯਾਦ ਕਰਦਾ ਹਾਂ।



# ਬਰਗਾੜੀ ਬੇਅਦਬੀ ਕਾਂਡ ਦੀ ਵਿਸ਼ੇਸ਼ ਜਾਂਚ ਟੀਮ ਦੀ ਅਗਵਾਈ ਆਈ ਜੀ ਪਰਮਾਰ ਨੂੰ ਸੌਂਪੀ ਗਈ

### * ਡੀ ਆਈ ਜੀ ਖੱਟੜਾ ਨੂੰ ਜਾਂਚ ਟੀਮ ਦੇ ਮੁਖੀ ਤੋਂ ਹਟਾਇਆ



ਫਰੀਦਕੋਟ, 11 ਫਰਵਰੀ (ਪੋਸਟ ਬਿਊਰੋ)- ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਦੌਰਾਨ ਇਸ ਜ਼ਿਲ੍ਹੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਪੜਤਾਲ ਕਰਨ ਲਈ ਪੰਜਾਬ ਸਰਕਾਰ ਨੇ ਹਾਈ ਕੋਰਟ ਦੇ ਹੁਕਮਾਂ ਉਤੇ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਦੇ ਮੁਖੀ ਡੀ ਆਈ ਜੀ ਰਣਬੀਰ ਸਿੰਘ ਖੱਟੜਾ ਨੂੰ ਹਟਾ ਕੇ ਉਨ੍ਹਾਂ ਦੀ ਥਾਂ ਬਾਰਡਰ ਰੇਂਜ ਦੇ ਆਈ ਜੀ, ਐਸ ਪੀ ਐਸ ਪਰਮਾਰ ਨੂੰ ਜਾਂਚ ਟੀਮ ਦਾ ਮੁਖੀ ਨਿਯੁਕਤ ਕੀਤਾ ਹੈ। ਡੀ ਆਈ ਜੀ ਰਣਬੀਰ ਸਿੰਘ ਖੱਟੜਾ ਇਸ ਟੀਮ ਦੇ ਮੈਂਬਰ ਵਜੋਂ ਆਪਣਾ ਕੰਮ ਕਰਦੇ ਰਹਿਣਗੇ।

ਵਰਨਣ ਯੋਗ ਹੈ ਕਿ ਪਹਿਲੀ ਜੂਨ 2015 ਨੂੰ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇੱਕ ਸਰੂਪ ਚੋਰੀ ਹੋਇਆ ਸੀ ਅਤੇ 24 ਸਤੰਬਰ ਨੂੰ ਪਿੰਡ ਬਰਗਾੜੀ ਵਿੱਚ ਇਤਰਾਜ਼ਯੋਗ ਪੋਸਟਰ ਚਿਪਕਾਏ ਜਾਣ ਦੇ ਬਾਅਦ 12 ਅਕਤੂਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾੜੇ ਹੋਏ ਅੰਗ ਗਲੀਆਂ ਵਿੱਚੋਂ ਮਿਲੇ ਸਨ। ਇਨ੍ਹਾਂ ਘਟਨਾਵਾਂ ਸਬੰਧੀ ਬਾਜਾਖਾਨਾ ਪੁਲਸ ਨੇ ਅਣਪਛਾਤੇ ਵਿਅਕਤੀਆਂ ਦੇ ਖਿਲਾਫ ਤਿੰਨ ਕੇਸ ਦਰਜ ਕੀਤੇ ਸਨ, ਜਿਨ੍ਹਾਂ ਦੀ ਪੜਤਾਲ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਡੀ ਆਈ ਜੀ ਰਣਬੀਰ ਸਿੰਘ ਖੱਟੜਾ ਨੂੰ ਸੌਂਪੀ ਸੀ। ਪਿਛਲੇ ਦਿਨੀਂ ਹਾਈ ਕੋਰਟ ਵੱਲੋਂ ਕੀਤੇ ਹੁਕਮਾਂ ਉੱਤੇ ਅਮਲ ਕਰਦੇ ਹੋਏਪੰਜਾਬ ਸਰਕਾਰ ਨੇ ਇਨ੍ਹਾਂ ਤਿੰਨਾਂਕੇਸਾਂ ਦੀ ਪੜਤਾਲ ਲਈ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਦਾ ਮੁਖੀ ਬਦਲ ਦਿੱਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਚੋਰੀ ਦੇ ਕੇਸ ਵਿੱਚ ਅੱਜ ਤੱਕ ਜਾਂਚ ਟੀਮ ਲਗਭਗ ਪੰਜ ਸਾਲ ਦੀ ਪੜਤਾਲ ਪਿੱਛੋਂ ਇੱਕਰਿਪੋਰਟ ਅਦਾਲਤ ਨੂੰ ਪੇਸ਼ ਕਰ ਚੁੱਕੀ ਹੈ, ਜਿਸ ਨੂੰ ਹਾਈ ਕੋਰਟ ਨੇ ਰੱਦ ਕਰ ਦਿੱਤਾ ਸੀ। ਇਨ੍ਹਾਂ ਤਿੰਨਾਂਕੇਸਾਂ ਦੀ ਜਾਂਚ ਸੀ ਬੀ ਆਈ ਨੇ ਵੀ ਕੀਤੀ ਸੀ, ਪਰ ਉਹ ਕਿਸੇ ਤਸੱਲੀਬਖਸ਼ ਸਿੱਟੇ 'ਤੇ ਨਹੀਂ ਪਹੁੰਚ ਸਕੀ ਸੀ ਅਤੇ ਪੰਜਾਬ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਉੱਤੇ ਸੀ ਬੀ ਆਈ ਨੇ ਕੁਝ ਦਿਨ ਪਹਿਲਾਂ ਸਾਰੀਆਂ ਫਾਈਲਾਂ ਪੰਜਾਬ ਸਰਕਾਰ ਨੂੰ ਸੌਂਪ ਦਿੱਤੀਆਂ ਸਨ, ਜਿਹੜੀਆਂ ਪੰਜਾਬ ਸਰਕਾਰ ਨੇ ਵਿਸ਼ੇਸ਼ ਜਾਂਚ ਟੀਮ ਦੇ ਹਵਾਲੇ ਕਰ ਦਿੱਤੀਆਂ ਹਨ, ਜਿਸ ਨੂੰ ਅੱਗੋਂ ਜਾਂਚ ਟੀਮ ਦਾ ਨਵਾਂ ਮੁਖੀ ਵਿਚਾਰੇਗਾ।

# ਨੌਦੀਪ ਕੌਰ ਕੇਸ ਵਿਚ ਪ੍ਰਤਾਪ ਸਿੰਘ ਬਾਜਵਾ ਵੱਲੋਂ ਪੰਜਾਬ ਹਰਿਆਣਾ ਹਾਈਕੋਰਟ ਦੇ ਮੁੱਖ ਜੱਜ ਨੂੰ ਪੱਤਰ





ਚੰਡੀਗੜ੍ਹ, 11 ਫਰਵਰੀ (ਪੋਸਟ ਬਿਊਰੋ)- ਸੀਨੀਅਰ ਕਾਂਗਰਸ ਆਗੂ ਅਤੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਹਰਿਆਣਾ ਹਾਈਕੋਰਟ ਦੇਚੀਫ਼ ਜਸਟਿਸਰਵੀ ਸ਼ੰਕਰ ਝਾਅ ਨੂੰ ਪੱਤਰ ਲਿਖਿਆ ਹੈ ਕਿ ''ਮਜ਼ਦੂਰ ਅਧਿਕਾਰਾਂ ਦੀ ਕਾਰਕੁੰਨ 23 ਸਾਲਾ ਦਲਿਤ ਲੜਕੀ ਨੌਦੀਪ ਕੌਰ ਦਾ ਕੇਸ ਤੁਰੰਤ ਕਾਰਵਾਈ ਕਰਨ ਲਈ ਮੈਂ ਆਪ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ, ਜਿਸ ਨੂੰ ਹਰਿਆਣਾ ਪੁਲਸ ਨੇ 12 ਜਨਵਰੀ 2021 ਨੂੰ ਗ੍ਰਿਫ਼ਤਾਰ ਕੀਤਾ ਸੀ।''

ਬਾਜਵਾ ਨੇ ਲਿਖਿਆ ਕਿ ਨੌਦੀਪ ਕੌਰ ਸ਼ਾਂਤੀਪੂਰਵਕ ਸਿੰਘੂ ਬਾਰਡਰ 'ਤੇ ਵਿਰੋਧ ਵਾਲੀ ਥਾਂ ਕਿਸਾਨਾਂ ਨਾਲ ਮਿਲ ਕੇ ਭਾਰਤ ਸਰਕਾਰ ਦੇ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੀ ਸੀ। ਉਸ ਦੀ ਆਵਾਜ਼ ਦਬਾਉਣ ਅਤੇ ਹੋਰ ਵਿਰੋਧੀਆਂ ਨੂੰ ਡਰਾਉਣ ਦੇ ਉਦੇਸ਼ ਨਾਲ ਉਸ ਨੂੰ ਝੂਠੇ ਅਤੇ ਮਨਘੜਤ ਦੋਸ਼ਾਂ 'ਤੇ ਹਰਿਆਣਾ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ ਸੀ। ਉਸ ਦੇ ਪਰਵਾਰਕ ਮੈਂਬਰਾਂ ਅਤੇ ਉਸ ਦੇ ਸਾਥੀਆਂ ਨੇ ਦੋਸ਼ ਲਾਏ ਹਨ ਕਿ ਉਸ 'ਤੇ ਪੁਲਸ ਹਿਰਾਸਤ ਵਿੱਚ ਅੱਤਿਆਚਾਰ ਅਤੇ ਜਿਣਸੀ ਹਿੰਸਾ ਕੀਤੀ ਗਈ ਹੈ।ਉਨ੍ਹਾਂ ਲਿਖਿਆ ਕਿ ਇਹ ਵੀ ਦੱਸਿਆ ਜਾ ਰਿਹਾ ਹੈ ਕਿ ਨੌਦੀਪ ਕੌਰ ਇਸ ਸਮੇਂ ਸੋਨੀਪਤ ਜੇਲ੍ਹ ਵਿੱਚ ਨਜ਼ਰਬੰਦ ਹੈ ਅਤੇ ਰਾਜ ਦੀ ਮਸ਼ੀਨਰੀ ਦੇ ਇਸ਼ਾਰੇ 'ਤੇ ਉਸ ਨੂੰ ਆਪਣੀ ਜਾਨ ਦੇ ਖ਼ਤਰੇ ਅਤੇ ਡੂੰਘੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਬਾਰੇ ਹਰਿਆਣਾ ਪੁਲਸ ਸਾਰੀ ਕਾਰਵਾਈ ਗੁਪਤ ਰੱਖ ਰਹੀ ਹੈ ਅਤੇ ਸ਼ਿਕਾਇਤ ਦੀ ਕਾਪੀ ਵੀ ਪੁਲਸ ਦੀ ਵੈਬਸਾਈਟ ਉਤੇ ਅਜੇ ਤੱਕ ਅੱਪਲੋਡ ਨਹੀਂ ਕੀਤੀ ਗਈ। ਇਹ ਹਰਿਆਣਾ ਪੁਲਸ ਦੀ ਮਨਸ਼ਾ 'ਤੇ ਸਵਾਲੀਆਂ ਨਿਸ਼ਾਨ ਖੜ੍ਹੇ ਕਰਦਾ ਹੈ। ਬਾਜਵਾ ਨੇ ਲਿਖਿਆ ਕਿ ਨਿਆਂ ਦੇ ਹਿੱਤ ਵਿੱਚ ਮੈਂ ਆਪ ਨੂੰ ਇਸ ਕੇਸ ਦਾ ਖੁਦ ਨੋਟਿਸ ਲੈਣ ਲਈ ਅਤੇ ਨੌਦੀਪ ਕੌਰ ਨੂੰ ਅਗਲੀ ਪੜਤਾਲ ਦੌਰਾਨ ਜਾਂ ਜਦੋਂ ਤੱਕ ਉਸਦੀ ਜ਼ਮਾਨਤ ਨਹੀਂ ਹੁੰਦੀ, ਪੰਜਾਬ ਦੀ ਕਿਸੇ ਜੇਲ੍ਹ ਵਿੱਚ ਤਬਦੀਲ ਕਰਨ ਲਈ ਬੇਨਤੀ ਕਰਦਾ ਹਾਂ।

# ਜੀਪ ਦੀ ਟੱਕਰ ਨਾਲ ਬਾਈਕ ਸਵਾਰ ਪਤੀ-ਪਤਨੀ ਦੀ ਮੌਤ

ਸ਼ਾਹਕੋਟ, 11 ਫਰਵਰੀ (ਪੋਸਟ ਬਿਊਰੋ)- ਕੱਲ੍ਹ ਦੁਪਹਿਰੇ ਸ਼ਾਹਕੋਟ-ਮੋਗਾ ਮੇਨ ਰੋਡ 'ਤੇ ਮਲਸੀਆਂ ਚੌਕੀ ਅੱਗੇ ਨੈਸ਼ਨਲ ਹਾਈਵੇ ਉੱਤੇ ਮੋਟਰ ਸਾਈਕਲ ਅਤੇ ਜੀਪ ਦੀ ਟੱਕਰ ਵਿੱਚ ਮੋਟਰ ਸਾਈਕਲ ਸਵਾਰ ਜੋੜੇ ਦੀ ਮੌਤ ਹੋ ਗਈ।

ਪਤਾ ਲੱਗਾ ਹੈ ਕਿ ਮੋਟਰ ਸਾਈਕਲ ਨੂੰ ਡਾਕਟਰ ਕ੍ਰਿਸ਼ਨ ਸਿੰਘ ਪੁੱਤਰ ਅਰਜੁਨ ਸਿੰਘ ਪਿੰਡ ਬਾੜਾ ਜਗੀਰ ਚਲਾ ਰਿਹਾ ਸੀ ਤੇ ਉਸ ਦੀ ਪਤਨੀ ਪਰਮਜੀਤ ਕੌਰ ਪਿੱਛੇ ਬੈਠੀ ਸੀ। ਉਹ ਪਿੰਡ ਬਾੜਾ ਜਗੀਰ ਤੋਂ ਸ਼ਾਹਕੋਟ ਜਾ ਰਹੇ ਸਨ। ਜਦ ਉਹ ਪੁਲਸ ਚੌਕੀ ਮਲਸੀਆਂ ਅੱਗੇ ਨੈਸ਼ਨਲ ਹਾਈਵੇ ਕ੍ਰਾਸ ਕਰਨ ਲੱਗੇ ਤਾਂ ਸ਼ਾਹਕੋਟ ਵੱਲੋਂ ਆਈ ਫੋਰਸ ਕੰਪਨੀ ਦੀ ਜੀਪ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ। ਇਸ ਟੱਕਰ ਵਿੱਚ ਪਰਮਜੀਤ ਕੌਰ ਦਾ ਸਿਰ ਤੇ ਬਾਂਹ ਵੱਢੇ ਗਏ, ਜਿਸ ਕਾਰਨ ਉਸ ਦੀ ਮੌਕੇ 'ਤੇ ਮੌਤ ਹੋ ਗਈ। ਕ੍ਰਿਸ਼ਨ ਸਿੰਘ ਨੂੰ ਗੰਭੀਰ ਹਾਲਤ ਹੋਣ ਕਾਰਨ ਸਿਵਲ ਹਸਪਤਾਲ ਜਲੰਧਰ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਥਾਣਾ ਸ਼ਾਹਕੋਟ ਦੇ ਮੁਖੀ ਸੁਰਿੰਦਰ ਕੁਮਾਰ ਨੇ ਤੁਰੰਤ ਘਟਨਾ ਵਾਲੀ ਜਗ੍ਹਾ ਪਹੁੰਚ ਕੇ ਕ੍ਰਿਸ਼ਨ ਸਿੰਘ ਨੂੰ ਸਿਵਲ ਹਸਪਤਾਲ ਜਲੰਧਰ ਪੁਚਾਇਆ। ਉਨ੍ਹਾਂ ਨੇ ਦੱਸਿਆ ਕਿ ਜੀਪ ਨੂੰ ਬਲਵੀਰ ਸਿੰਘ ਵਾਸੀ ਪਿੰਡ ਮਿਠੜਵਾ ਜ਼ਿਲ੍ਹਾ ਹਿਸਾਰ (ਹਰਿਆਣਾ) ਚਲਾ ਰਿਹਾ ਸੀ। ਉਹ ਰਤੀਆ ਤੋਂ ਸ਼ਰਧਾਲੂਆਂ ਨੂੰ ਲੈ ਕੇ ਮਾਤਾ ਵੈਸ਼ਣੋ ਦੇਵੀ ਜਾ ਰਿਹਾ ਸੀ। ਉਨ੍ਹਾਂ ਨੇ ਕਿਹਾ ਕਿ ਜੀਪ ਚਾਲਕ ਫਰਾਰ ਹੈ। ਪੁਲਸ ਵੱਲੋਂ ਮ੍ਰਿਤਕ ਕ੍ਰਿਸ਼ਨ ਸਿੰਘ ਦੇ ਭਰਾ ਮਹਿੰਦਰ ਸਿੰਘ ਦੇ ਬਿਆਨਾਂ 'ਤੇ ਜੀਪ ਚਾਲਕ ਬਲਵੀਰ ਸਿੰਘ ਦੇ ਖਿਲਾਫ ਕੇਸ

# ਪੁੱਤਰ ਦੀ ਮੌਤ ਦੇ ਗ਼ਮ ਵਿੱਚ ਮਾਪਿਆਂ ਨੇ ਖੁਦ ਨੂੰ ਗੋਲੀ ਮਾਰ ਲਈ



ਰਈਆ, 11 ਫਰਵਰੀ (ਪੋਸਟ ਬਿਊਰੋ)- ਕਸਬਾ ਮਹਿਤਾ ਚੌਕ ਵਿੱਚ ਕੱਲ੍ਹ ਇੱਕ ਅੰਮ੍ਰਿਤਧਾਰੀ ਵਿਆਹੁਤਾ ਜੋੜੇ ਨੇ ਆਪਣੇ ਪੁੱਤਰ ਦੀ ਮੌਤ ਦੇ ਗ਼ਮ ਵਿੱਚ ਖੁਦ ਨੂੰ ਰਿਵਾਲਵਰ ਨਾਲ ਗੋਲੀ ਮਾਰ ਲਈ। ਪਤੀ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਪਤਨੀ ਗੰਭੀਰ ਹਾਲਤ ਵਿੱਚ ਗੁਰੂ ਰਾਮਦਾਸ ਹਸਪਤਾਲ, ਵੱਲਾ ਦੇ ਆਈ ਸੀ ਯੂ ਵਿੱਚ ਦਾਖਲ ਹੈ।

ਪਤਾ ਲੱਗਾ ਹੈ ਕਿ ਕੱਲ੍ਹ ਸਵੇਰੇ ਕਰੀਬ 8.15 ਵਜੇ ਘੁਮਾਣ ਰੋਡ 'ਤੇ ਅਮਰਜੀਤ ਫੋਟੋਗਰਾਫਰ ਦੇ ਮਾਲਕ ਸੰਦੀਪ ਸਿੰਘ ਦੇ ਘਰ ਗੋਲੀ ਚੱਲਣ ਦੀ ਆਵਾਜ਼ ਸੁਣ ਕੇ ਜਦੋਂ ਕੁਝ ਗੁਆਂਢੀ ਉਸ ਦੇ ਘਰ ਪਹੁੰਚੇ ਤਾਂ ਸੰਦੀਪ ਸਿੰਘ ਤੇ ਉਸ ਦੀ ਪਤਨੀ ਤਜਿੰਦਰ ਕੌਰ ਖੂਨ ਨਾਲ ਲੱਥਪਥ ਪਏ ਸਨ ਅਤੇ ਰਿਵਾਲਵਰ ਮ੍ਰਿਤਕ ਸੰਦੀਪ ਸਿੰਘ ਦੇ ਹੱਥ ਵਿੱਚ ਫੜਿਆ ਸੀ। ਮ੍ਰਿਤਕ ਦੇ ਵੱਡੇ ਭਰਾ ਨਵਦੀਪ ਸਿੰਘ ਅਤੇ ਕੁਝ ਨਜ਼ਦੀਕੀਆਂ ਨੇ ਐਂਬੂਲੈਂਸ ਸੱਦ ਕੇ ਦੋਵਾਂ ਨੂੰ ਸਿਵਲ ਹਸਪਤਾਲ ਬਾਬਾ ਬਕਾਲਾ ਸਾਹਿਬ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਸੰਦੀਪ ਸਿੰਘ ਨੂੰ ਮ੍ਰਿਤਕ ਐਲਾਨ ਕੇ ਉਸ ਦੀ ਪਤਨੀ ਨੂੰ ਇਲਾਜ ਲਈ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਭੇਜ ਦਿੱਤਾ। ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਵਿੱਚ ਨਿਊਰੋ ਸਰਜਨ ਦੀ ਆਸਾਮੀ ਖਾਲੀ ਹੋਣ ਕਰ ਕੇ ਤਜਿੰਦਰ ਕੌਰ ਨੂੰ ਵੱਲਾ ਦੇ ਗੁਰੂ ਰਾਮਦਾਸ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਗੁਰੂ ਰਾਮਦਾਸ ਹਸਪਤਾਲ ਦੇ ਡਾਕਟਰ ਉਪਲ ਨੇ ਦੱਸਿਆ ਕਿ ਗੋਲੀ ਵੱਜਣ ਨਾਲ ਤਜਿੰਦਰ ਕੌਰ ਦੇ ਸਿਰ ਦੀ ਹੱਡੀ ਬੁਰੀ ਤਰ੍ਹਾਂ ਟੁੱਟ ਗਈ ਅਤੇ ਖੂਨ ਅੰਦਰ ਫੈਲ ਚੁੱਕਾ ਹੈ, ਜਿਸ ਕਾਰਨ ਉਸ ਦੀ ਹਾਲਤ ਗੰਭੀਰ ਬਣੀ ਹੋਈ ਹੈ।

# ਜਾਅਲੀ ਫ਼ਰਮਾਂ ਬਣਾਉਣ ਦੇ ਦੋਸ਼ ਵਿੱਚ ਬਲਵਿੰਦਰ ਸਿੰਘ ਗ੍ਰਿਫ਼ਤਾਰ



ਚੰਡੀਗੜ੍ਹ, 11 ਫਰਵਰੀ (ਪੋਸਟ ਬਿਊਰੋ)- ਪੰਜਾਬ ਸਟੇਟ ਜੀ ਐਸ ਟੀ ਦੇ ਜਾਂਚ ਵਿੰਗ ਦੇ ਅਧਿਕਾਰੀਆਂ ਨੇਬਲਵਿੰਦਰ ਸਿੰਘ ਪੁੱਤਰ ਪਾਰਸ ਰਾਮ ਵਾਸੀ ਮੰਡੀ ਗੋਬਿੰਦਗੜ੍ਹ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਨੂੰ ਕੱਲ੍ਹ ਪੰਜਾਬ, ਦਿੱਲੀ ਅਤੇ ਰਾਜਸਥਾਨ ਸਮੇਤ ਵੱਖ-ਵੱਖ ਰਾਜਾਂ ਵਿੱਚ ਜਾਅਲੀ ਫ਼ਰਮਾਂ ਬਣਾਉਣ ਅਤੇ ਇਨ੍ਹਾਂ ਨੂੰ ਚਲਾਉਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ। ਮੁੱਢਲੀ ਪੜਤਾਲ ਵਿੱਚ ਉਸ ਵੱਲੋਂ ਸਰਕਾਰ ਨਾਲ ਟੈਕਸ ਦੀ ਅਦਾਇਗੀ ਵਿੱਚ 8.95 ਕਰੋੜ ਰੁਪਏ ਦੀ ਧੋਖਾਧੜੀ ਕਰਨ ਦਾ ਮਾਮਲਾ ਸਾਹ-ਮਣੇ ਆਇਆ ਹੈ ਅਤੇ ਅਗਲੀ ਜਾਂਚ ਚੱਲ ਰਹੀ ਹੈ।

ਇਸ ਸਬੰਧ ਵਿੱਚ ਪੰਜਾਬ ਸਰਕਾਰ ਦੇ ਬੁਲਾਰੇ ਨੇ ਦਸਿਆ ਕਿ ਕਮਿਸ਼ਨਰ ਸਟੇਟ ਟੈਕਸ ਨੇ ਜੀ ਐਸ ਟੀ ਐਕਟ ਦੀ ਉਲੰਘਣਾ ਕਰਨ ਦੇ ਦੋਸ਼ ਵਿੱਚ ਬਲਵਿੰਦਰ ਸਿੰਘ ਪੁੱਤਰ ਪਾਰਸ ਰਾਮ ਤੇ ਉਸ ਦੇ ਪੁੱਤਰ ਪ੍ਰਿੰਸ ਧੀਮਾਨ ਦੀ ਗ੍ਰਿਫ਼ਤਾਰੀ ਲਈ ਹੁਕਮ ਜਾਰੀ ਕੀਤੇ ਸਨ। ਬੁਲਾਰੇ ਨੇ ਦੱਸਿਆ ਕਿ ਵਿਭਾਗ ਦੀਆਂ ਟੀਮਾਂ ਨੇਦੋਸ਼ੀ ਦੀ ਰਿਹਾਇਸ਼ ਸਮੇਤ ਕਈ ਥਾਵਾਂ ਉਤੇ ਤਲਾਸ਼ੀ ਅਤੇ ਜ਼ਬਤੀ ਲਈ ਕਾਰਵਾਈਆਂ ਕੀਤੀਆਂ ਸਨ, ਤਾਂ ਜੋ ਪੰਜਾਬ ਅਤੇ ਬਾਹਰੀ ਰਾਜਾਂ ਵਿੱਚ ਲੋਹੇ ਦੇ ਕਬਾੜ ਅਤੇ ਤਿਆਰ ਮਾਲ ਨਾਲ ਸਬੰਧਤ ਫ਼ਰਮਾਂ ਬਣਾਉਣ ਦੀ ਕਾਰਜ ਵਿਧੀ ਅਤੇ ਫਿਰ ਪੰਜਾਬ ਰਾਜ ਦੇ ਵੱਖੋ-ਵੱਖਰੇ ਲਾਭ-ਪਾਤਰੀਆਂ ਨੂੰ ਮਾਲ ਦੇਣ ਤੋਂ ਪਹਿਲਾਂ ਆਪਣੇ ਨਾਂ ਜਾਂ ਹੋਰ ਵਿਅਕਤੀਆਂ ਅਤੇ ਪਰਵਾਰਕ ਮੈਂਬਰਾਂ ਦੇ ਨਾਮ ਹੇਠ ਬਣੀਆਂ ਹੋਰ ਫ਼ਰਮਾਂ ਨੂੰ ਮਾਲ ਦੇਣ ਬਾਰੇ ਬੋਗਸ ਬਿਲਿੰਗ ਦੇ ਸਬੂਤ ਲੱਭੇ ਜਾ ਸਕਣ।ਪਿਉ-ਪੁੱਤ ਦੀ ਜੋੜੀ ਵੱਲੋਂ ਸੰਚਾਲਿਤ ਇਨ੍ਹਾਂ ਫ਼ਰਮਾਂ ਰਾਹੀਂ ਜਾਅਲੀ ਬਿਲਿੰਗ ਦੀ ਰਾਸ਼ੀ 200 ਕਰੋੜ ਤੋਂ ਵੱਧ ਹੋਣ ਦਾਸ਼ੱਕ ਹੈ। ਪੁਲਸ ਨੇ ਦੋਸ਼ੀ ਨੂੰ ਚੀਫ ਜੁਡੀਸ਼ਲ ਮੈਜਿਸਟਰੇਟ ਫ਼ਤਹਿਗੜ੍ਹ ਸਾਹਿਬ ਦੀ ਅਦਾਲਤ ਵਿੱਚ ਪੇਸ਼ ਕੀਤਾ ਤੇ 14 ਦਿਨਾਂ ਦੀ ਜੁਡੀਸ਼ਲ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ। ਵੱਖ-ਵੱਖ ਲਾਭ-ਪਾਤਰੀਆਂ ਵਿਰੁੱਧ ਕਾਰਵਾਈ ਵੀ ਆਰੰਭੀ ਜਾ ਰਹੀ ਹੈ ਤੇ ਦੂਜੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਸਬੰਧੀ ਯਤਨ ਤੇਜ਼ ਹਨ ਅਤੇ ਅਗਲੀ ਜਾਂਚ ਜਾਰੀ ਹੈ।

# ਨਾਮਜ਼ਦਗੀ ਵਾਪਸ ਲੈਣ ਦੇ ਦਬਾਅ ਹੇਠ ਭਾਜਪਾ ਉਮੀਦਵਾਰ ਦੇ ਪਤੀ ਵੱਲੋਂ ਖੁਦਕੁਸ਼ੀ



ਮੋਹਾਲੀ, 11 ਫਰਵਰੀ (ਪੋਸਟ ਬਿਊਰੋ)- ਇੱਥੋਂ ਦੇ ਫ਼ੇਜ਼-1 ਵਿੱਚ ਇੱਕ ਵਿਅਕਤੀ ਨੇ ਕੱਲ੍ਹ ਪੰਜਾਬ ਰਾਜ ਪਾਵਰਕਾਮ (ਪੀ ਐਸ ਪੀ ਸੀ ਐੱਲ) ਦੀ ਇਮਾਰਤ ਅੰਦਰ ਖ਼ੁਦਕੁਸ਼ੀ ਕਰ ਲਈ। ਮ੍ਰਿਤਕ ਸੋਮਪਾਲ (42) ਮੋਹਾਲੀ ਦੇ ਵਾਰਡ ਨੰਬਰ-37 ਤੋਂ ਚੋਣ ਲੜ ਰਹੀ ਭਾਜਪਾ ਉਮੀਦਵਾਰ ਮੁੰਨੀ ਦੇਵੀ ਦਾ ਪਤੀ ਸੀ।

ਮੋਹਾਲੀ ਦੇ ਡਿਪਟੀ ਸੁਪਰਡੈਂਟ (ਸਿਟੀ-2) ਗੁਰਸ਼ੇਰ ਸਿੰਘ ਸੰਧੂ ਨੇ ਦਸਿਆ ਕਿ ਸੋਮਪਾਲ ਨੇ ਕੱਲ੍ਹ ਸਵੇਰੇ ਕਰੀਬ 8.30 ਵਜੇ ਬਿਲਡਿੰਗ ਦੇ ਇੱਕ ਕਮਰੇ 'ਚ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਪੀੜਤ ਦੀ ਪਤਨੀ ਵਾਰਡ ਨੰਬਰ-37 ਤੋਂ ਮੋਹਾਲੀ ਕਾਰਪੋਰੇਸ਼ਨ ਦੀ ਚੋਣ ਲੜ ਰਹੀ ਹੈ। ਮ੍ਰਿਤਕ ਉਤਰ ਪ੍ਰਦੇਸ਼ ਦੇ ਮੁਰਾਦਾਬਾਦ ਦਾਵਸਨੀਕ ਸੀ ਤੇ ਇਸ ਵੇਲੇ ਇੱਥੇ ਮਟੌਰ ਪਿੰਡ ਵਿੱਚ ਆਪਣੀ ਪਤਨੀ ਅਤੇ ਚਾਰ ਬੱਚਿਆਂ ਨਾਲ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਸੀ। ਮ੍ਰਿਤਕ ਦੀ ਪਤਨੀ ਨੇ ਫ਼ੇਜ਼-1 ਥਾਣੇ ਵਿੱਚ ਸ਼ਿਕਾਇਤ ਦਿੱਤੀ ਕਿ ਸੋਮਪਾਲ ਉਤੇ ਮੇਰਾ ਨਾਮਜ਼ਦਗੀ ਫਾਰਮ ਵਾਪਸ ਲੈਣ ਲਈ ਕੁਝ ਵਿਅਕਤੀ ਦਬਾਅ ਪਾ ਰਹੇ ਸਨ, ਜਿਸ ਕਾਰਨ ਉਹ ਤਣਾਅ ਵਿੱਚ ਸੀ ਅਤੇ ਇਸ ਲਈ ਉਸ ਨੇ ਇਹ ਸਖ਼ਤ ਕਦਮ ਚੁੱਕਿਆ।

# ਹਿਸਾਰ ਦੀ ਲੜਕੀ ਕਿਸੇ ਹੋਰ ਦਾ ਪੇਪਰ ਦਿੰਦੀ ਫੜੀ

ਫਰੀਦਕੋਟ, 11 ਫਰਵਰੀ (ਪੋਸਟ ਬਿਊਰੋ)- ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਵੱਲੋਂ ਸੀਨੀਅਰ ਸਹਾਇਕ ਦੀ ਭਰਤੀ ਲਈ ਕਰਵਾਈ ਜਾ ਰਹੀ ਪ੍ਰੀਖਿਆ ਦੌਰਾਨ ਕਿਸੇ ਹੋਰ ਉਮੀਦਵਾਰ ਦੀ ਥਾਂ ਪ੍ਰੀਖਿਆ ਦੇ ਰਹੀ ਇੱਕ ਲੜਕੀ ਨੂੰ ਕਾਬੂ ਕਰ ਕੇ ਪੁਲਸ ਦੇ ਹਵਾਲੇ ਕਰ ਦਿੱਤਾ ਗਿਆ ਹੈ। ਲੜਕੀ ਦੀ ਪਛਾਣ ਹਰਿਆਣੇ ਦੇ ਹਿਸਾਰ ਦੀ ਵਸਨੀਕ ਵਜੋਂ ਹੋਈ ਹੈ, ਜੋ ਪੰਜਾਬ ਦੇ ਸੰਗਰੂਰ ਦੇ ਵਾਸੀ ਉਮੀਦਵਾਰ ਦੀ ਥਾਂ ਪ੍ਰੀਖਿਆ 'ਚ ਬੈਠੀ ਸੀ। ਇਸ ਬਾਰੇ ਥਾਣਾ ਕੋਤਵਾਲੀ ਪੁਲਸ ਨੇ ਸ਼ਿਕਾਇਤ ਦੇ ਆਧਾਰ 'ਤੇ ਦੋਵਾਂ ਦੇ ਖਿਲਾਫ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਯੂਨੀਵਰਸਿਟੀ ਨੇ ਕਿਹਾ ਹੈ ਕਿ ਸੀਨੀਅਰ ਸਹਾਇਕ ਦੇ ਅਹੁਦੇ ਲਈਭਰਤੀ ਪ੍ਰੀਖਿਆ ਕਰਵਾਈ ਜਾ ਰਹੀ ਸੀ, ਜਿਸ ਦੌਰਾਨ ਅਸਲ ਉਮੀਦਵਾਰ ਦੀ ਥਾਂ ਕਿਸੇ ਹੋਰ ਵੱਲੋਂ ਪੇਪਰ ਦਿੱਤਾ ਜਾ ਰਿਹਾ ਸੀ, ਜਿਸ ਨੂੰ ਆਬਜ਼ਰਵਰ ਤੇ ਸੈਂਟਰ ਸੁਪਰਡੈਂਟ ਨੇ ਮੌਕੇ 'ਤੇ ਫੜ ਲਿਆ। ਪੁਲਸ ਨੇ ਕੇਸ ਦਰਜ ਕਰ ਕੇ ਪ੍ਰੀਖਿਆ ਦੀ ਅਸਲ ਉਮੀਦਵਾਰ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ।ਫੜੀ ਗਈ ਹਰਿਆਣਾ ਵਾਸੀ ਲੜਕੀ 20 ਹਜ਼ਾਰ ਲੈ ਕੇ ਕਿਸੇ ਹੋਰ ਲੜਕੀ ਦੀ ਥਾਂ ਬੈਠ ਕੇ ਪੇਪਰ ਕਰ ਰਹੀ ਸੀ, ਜਿਸ ਨੂੰ ਸੁਪਰਵਾਈਜ਼ਰਾਂ ਵੱਲੋਂ ਜਾਂਚ ਦੇ ਦੌਰਾਨ ਫੜ ਲਿਆ ਸੀ।ਵਾਈਸ ਚਾਂਸਲਰ ਡਾਕਟਰ ਰਾਜ ਬਹਾਦਰ ਨੇ ਦੱਸਿਆ ਕਿ ਅਰਜ਼ੀਕਾਰ ਨੂੰ ਖੁਦ ਪ੍ਰੀਖਿਆ ਦੇਣੀ ਚਾਹੀਦੀ ਹੈ, ਤਾਂ ਜੋ ਕਿਸੇ ਦਾ ਹੱਕ ਨਾ ਮਾਰਿਆ ਜਾ ਸਕੇ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਵੱਲੋਂ ਉਕਤ ਮਹਿਲਾ ਉਮੀਦਵਾਰ ’ਤੇ ਤਿੰਨ ਸਾਲਾਂ ਲਈ ਯੂਨੀਵਰਸਿਟੀ ਦੀ ਕਿਸੇ ਪ੍ਰੀਖਿਆ ਵਿੱਚ ਸ਼ਾਮਲ ਹੋਣ 'ਤੇ ਰੋਕ ਲਾ ਦਿੱਤੀ ਗਈ ਹੈ।

# ਸ਼ਰਾਬ ਕਾਰੋਬਾਰੀ ਦੇ ਕੈਸ਼ੀਅਰ ਤੋਂ 3.95 ਲੱਖ ਰੁਪਏ ਲੁੱਟੇ

ਬਲਾਚੌਰ (ਨਵਾਂ ਸ਼ਹਿਰ), 11 ਫਰਵਰੀ (ਪੋਸਟ ਬਿਊਰੋ)- ਥਾਣਾ ਪੋਜੇਵਾਲ ਦੇ ਪਿੰਡ ਸੜੋਆ ਵਿੱਚ ਸ਼ਰਾਬ ਕਾਰੋਬਾਰੀ ਦੇ ਦਫਤਰ ਵਿੱਚ ਫਾਇਰਿੰਗ ਕਰਕੇ ਉਥੋਂ ਤਿੰਨ ਲੱਖ 94 ਹਜ਼ਾਰ ਰੁਪਏ ਦਾ ਕੈਸ਼ ਲੈ ਕੇ ਲੁਟੇਰੇ ਫਰਾਰ ਹੋ ਗਏ। ਫਾਇਰਿੰਗ ਦੇ ਕਾਰਨ ਕਿਸੇ ਵਿਅਕਤੀ ਨੂੰ ਕੋਈ ਸੱਟ ਨਹੀਂ ਲੱਗੀ, ਪਰ ਇੱਕ ਗੋਲੀ ਕਾਰਿੰਦੇ ਦੇ ਮੋਬਾਈਲ ਵਿੱਚ ਜਾ ਲੱਗੀ। ਸ਼ਰਾਬ ਕਾਰੋਬਾਰੀ ਨੇ ਘਟਨਾ ਵਿੱਚ ਦਫਤਰ ਦੇ ਇੱਕ ਸਾਬਕਾ ਮੁਲਾਜ਼ਮ ਅਤੇ ਉਸ ਦੇ ਸਾਥੀ ਦਾ ਹੱਥ ਹੋਣ ਦਾ ਸ਼ੱਕ ਜਾਹਿਰ ਕੀਤਾ ਹੈ। ਪੁਲਸ ਨੇ ਮਾਮਲਾ ਦਰਜ ਕਰ ਲਿਆ ਹੈ।

ਪਿੰਡ ਸੜੋਆ ਦੇ ਸਰਕਾਰੀ ਹਸਪਤਾਲ ਦੇ ਨੇੜੇ ਸ਼ਰਾਬ ਕਾਰੋਬਾਰੀ ਦਾ ਦਫਤਰ ਹੈ।ਕੈਸ਼ੀਅਰ ਗਗਨਦੀਪ ਸ਼ਰਮਾ ਵਾਸੀ ਮਲੋਟ ਜ਼ਿਲ੍ਹਾ ਮੁਕਤਸਰ ਸਾਹਿਬ ਨੇ ਦੱਸਿਆ ਕਿ ਉਹ ਸ਼ਾਮ ਕਰੀਬ ਨੌਂ ਵਜੇ ਕੈਸ਼ ਗਿਣ ਰਹੇ ਸਨ ਤਾਂ ਦੋ ਨੌਜਵਾਨ ਚਿਹਰੇ ਢਕ ਕੇ ਰਿਵਾਲਵਰ ਲਹਿਰਾਉਂਦੇ ਹੋਏ ਆਏ ਅਤੇ ਕੈਸ਼ ਕਰੀਬ 49 ਹਜ਼ਾਰ ਖੋਹ ਕੇ ਕਾਊਂਟਰ ਦੀ ਤਲਾਸ਼ੀ ਲੈਣ ਲੱਗੇ ਅਤੇ ਇਥੋਂ ਵੀ ਉਨ੍ਹਾਂ ਨੇ ਰੁਪਏ ਚੁੱਕ ਲਏ। ਇਸੇ ਦੌਰਾਨ ਚੋਰੀ-ਚੋਰੀ ਘਟਨਾ ਦੀ ਜਾਣਕਾਰੀ ਸ਼ਰਾਬ ਕਾਰੋਬਾਰੀ ਨੂੰ ਦਿੱਤੀ ਤਾਂ ਫੋਨ ਕਰਨ ਦਾ ਸ਼ੱਕ ਹੁੰਦੇ ਸਾਰ ਲੁਟੇਰਿਆਂ ਨੇ ਫਾਇਰ ਕਰ ਦਿੱਤਾ, ਜੋ ਮੋਬਾਈਲ 'ਤੇ ਲੱਗਾ। ਇਸ ਤੋਂ ਪਹਿਲਾਂ ਲੁਟੇਰਿਆਂ ਨੇ ਡੀ ਵੀ ਆਰ ਦੀ ਪਾਵਰ ਕੱਟ ਦਿੱਤੀ ਸੀ। ਦਫਤਰ ਦੇ ਬਾਹਰ ਵਿਹੜੇ ਵਿੱਚ ਦੋ ਨੌਜਵਾਨ ਰਿਵਾਲਵਰ ਲੈ ਕੇ ਖੜ੍ਹੇ ਸਨ। ਸਕੂਟੀ 'ਤੇ ਕੈਸ਼ ਲੈ ਕੇ ਆਏ ਦੋ ਮੁਲਾਜ਼ਮਾਂ ਤੋਂ ਵੀ ਕੈਸ਼ ਖੋਹ ਲਿਆ।

# ਵਿਆਹ ਦੇ ਨਾਂਅ ’ਤੇ ਧੋਖਾਦੇਹੀ ਲਈ ਪਤੀ ਅਤੇ ਮਾਤਾ-ਪਿਤਾ ਖਿਲਾਫ ਕੇਸ ਦਰਜ

ਜਲੰਧਰ, 11 ਫਰਵਰੀ (ਪੋਸਟ ਬਿਊਰੋ)- ਨਕੋਦਰ ਦੀ ਵਸਨੀਕ ਐਨ ਆਰ ਆਈ ਔਰਤ ਨਾਲ ਵਿਆਹ ਦੇ ਨਾਂਅ ਉੱਤੇ ਧੋਖਾਦੇਹੀ ਹੋ ਗਈ ਹੈ। ਪੀੜਤਾ ਕੈਨੇਡਾ ਦੀ ਨਾਗਰਿਕ ਹੈ, ਜਿਸ ਦਾ ਵਿਆਹ ਸਾਲ 2019 'ਚ ਪਤਾਰਾ ਦੇ ਵਸਨੀਕ ਇੱਕ ਨੌਜਵਾਨ ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਦੋਸ਼ ਨੌਜਵਾਨ ਔਰਤ ਨਾਲ ਕੈਨੇਡਾ ਪਹੁੰਚਿਆ ਤੇ ਉਸ ਤੋਂ ਬਾਅਦ ਉਹ ਆਪਣੀ ਪਤਨੀ ਨੂੰ ਛੱਡ ਕੇ ਆਪਣੀ ਗਰਲਫਰੈਂਡ ਨਾਲ ਲਿਵ ਇਨ 'ਚ ਰਹਿਣ ਲੱਗ ਪਿਆ। ਇਸ ਦੇ ਨਾਲ ਉਸ ਨੇ ਦਾਜ 'ਚ ਮਿਲੇ 11 ਲੱਖ ਰੁਪਏ ਵੀ ਹੜੱਪ ਲਏ।

ਇਸ ਸੰਬੰਧ ਵਿੱਚ ਨਕੋਦਰ ਵਾਸੀ ਤਜਿੰਦਰ ਕੌਰ ਨੇ ਦੋਸ਼ ਲਾਇਆ ਹੈ ਕਿ ਵਿਆਹ ਤੋਂ ਬਾਅਦ ਉਹ ਆਪਣੇ ਪਤੀ ਨਾਲ ਹਨੀਮੂਨ 'ਤੇ ਸਿੰਗਾਪੁਰ ਗਈ ਸੀ, ਜਿੱਥੇ ਉਸ ਦੇ ਪਤੀ ਹਰਦੀਪ ਸਿੰਘ ਨੇ ਉਸ ਤੋਂ ਬਿਨਾਂ ਪੁੱਛੇ ਉਸਦੇ ਕਾਰਡ 'ਚੋਂ ਸ਼ਾਪਿੰਗ ਕਰ ਲਈ। ਹਨੀਮੂਨ ਤੋਂ ਆਉਣ ਪਿੱਛੋਂ ਔਰਤ ਕੁਝ ਦਿਨ ਆਪਣੇ ਪਤੀ ਦੇ ਘਰ ਰਹਿਣ ਤੋਂ ਬਾਅਦ ਕੈਨੇਡਾ ਆ ਗਈ, ਜਿਸ ਤੋਂ ਕੁਝ ਦਿਨ ਬਾਅਦ ਵਿਆਹ ਦੇ ਬੇਸ 'ਤੇ ਉਸ ਦਾ ਪਤੀ ਵੀ ਕੈਨੇਡਾ ਪਹੁੰਚ ਗਿਆ, ਜਿੱਥੇ ਉਸ ਦੇ ਰਹਿਣ ਦਾ ਪ੍ਰਬੰਧ ਸਹੁਰਾ ਪਰਵਾਰ ਨੇ ਕੀਤਾ ਸੀ। ਕੈਨੇਡਾ ਪਹੁੰਚਣ ਤੋਂ ਬਾਅਦ ਤਜਿੰਦਰ ਦੇ ਪਤੀ ਨੇ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਉਸ ਦਾ ਦੋਸ਼ ਹੈ ਕਿ ਉਸ ਦਾ ਪਤੀ ਵਿਆਹ ਤੋਂ ਪਹਿਲਾਂ ਹੀ ਕਿਸੇ ਹੋਰ ਐਨ ਆਰ ਆਈ ਲੜਕੀ ਨਾਲ ਪਿਆਰ ਕਰਦਾ ਸੀ ਅਤੇ ਇਹ ਗੱਲ ਪਹਿਲਾਂ ਲੁਕਾਈ ਗਈ ਸੀ ਤੇ ਦੋਸ਼ੀ ਨੇ ਆਪਣੀ ਮਾਂ ਅਮਨਜੀਤ ਕੌਰ ਤੇ ਪਿਤਾ ਸਤਵਿੰਦਰ ਸਿੰਘ ਨਾਲ ਮਿਲ ਕੇ ਵਿਦੇਸ਼ ਜਾਣ ਲਈ ਤਜਿੰਦਰ ਨਾਲ ਵਿਆਹ ਕੀਤਾ ਸੀ। ਵਿਆਹ 'ਚ ਗਹਿਣਿਆਂ ਦੇ ਨਾਲ 11 ਲੱਖ ਰੁਪਏ ਲਈ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕੀਤਾ ਗਿਆ ਸੀ, ਜਿਸ ਦੀ ਸ਼ਿਕਾਇਤ ਉਨ੍ਹਾਂ ਪੁਲਸ ਨੂੰ ਕੀਤੀ। ਸ਼ਿਕਾਇਤ ਤੋਂ ਬਾਅਦ ਪੁਲਸ ਨੇ ਮੁਲਜ਼ਮ ਤੇ ਉਸ ਦੇ ਮਾਤਾ-ਪਿਤਾ ਖਿਲਾਫ ਕੇਸ ਦਰਜ ਕਰ ਲਿਆ ਹੈ।

# ਸਿਰ ਵਿੱਚ ਘੋਟਣਾ ਮਾਰ ਕੇ ਕੀਤਾ ਪਤਨੀ ਦਾ ਕਤਲ




ਤਲਵੰਡੀ ਸਾਬੋ, 11 ਫਰਵਰੀ (ਪੋਸਟ ਬਿਊਰੋ)- ਏਥੋਂ ਦੀ ਪੁਲਸ ਨੇ ਪਿੰਡ ਲਹਿਰੀ ਦੇ ਇੱਕ ਵਿਅਕਤੀ ਖ਼ਿਲਾਫ਼ ਆਪਣੀ ਪਤਨੀ ਦੇ ਸਿਰ 'ਤੇ ਘੋਟਣਾ ਮਾਰ ਕੇ ਕਤਲ ਕਰਨ ਦਾ ਕੇਸ ਦਰਜ ਕੀਤਾ ਹੈ। ਮੁਲਜ਼ਮ 'ਤੇ ਮ੍ਰਿਤਕਾਂ ਦੀ ਲਾਸ਼ ਨੂੰ ਖੁਰਦ-ਬੁਰਦ ਕਰਨ ਦੇ ਦੋਸ਼ ਵੀ ਲੱਗੇ ਹਨ। ਪੁਲਸ ਨੇ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਮਿੱਠੂ ਸਿੰਘ ਪੁੱਤਰ ਸ਼ੇਰ ਸਿੰਘ ਵਾਸੀ ਮੰਡੀ ਕਲਾਂ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਸ ਦੀ ਭੈਣ ਜਸਵਿੰਦਰ ਕੌਰ ਕਰੀਬ 17 ਸਾਲ ਪਹਿਲਾਂ ਪਿੰਡ ਲਹਿਰੀ ਦੇ ਸੁਖਦੇਵ ਸਿੰਘ ਨਾਲ ਵਿਆਹੀ ਸੀ, ਇਨ੍ਹਾਂ ਦੇ ਦੋ ਬੱਚੇ ਸਨ, ਪਰ ਸੁਖਦੇਵ ਸਿੰਘ ਅਕਸਰ ਉਸ ਦੀ ਭੈਣ ਦੀ ਕੁੱਟਮਾਰ ਕਰਦਾ ਰਹਿੰਦਾ ਸੀ। ਉਨ੍ਹਾਂ ਅਰਜ਼ੀ ਵਿੱਚ ਕਿਹਾ ਕਿ ਸਾਡੀ ਭੈਣ ਨੇ ਸਾਨੂੰ ਕਈ ਵਾਰ ਦੱਸਿਆ ਸੀ ਕਿ ਸੁਖਦੇਵ ਸਿੰਘ ਉਸ ਨੂੰ ਕਤਲ ਕਰ ਸਕਦਾ ਹੈ, ਜਿਸ ਕਰ ਕੇ ਜਸਵਿੰਦਰ ਕੌਰ ਦੀ ਮਦਦ ਚਮਕੌਰ ਸਿੰਘ ਵਾਸੀ ਕੋਰੇਆਣਾ ਕਰਦਾ ਸੀ। ਜਸਵਿੰਦਰ ਕੌਰ ਭਾਵੇਂ ਚਮਕੌਰ ਸਿੰਘ ਕੋਲ ਚਲੀ ਗਈ ਸੀ, ਪਰ ਸਾਡੇ ਵੱਲੋਂ ਸਮਝਾਉਣ ਤੋਂ ਬਾਅਦ ਵਾਪਸ ਘਰ ਰਹਿਣ ਲੱਗ ਪਈ ਸੀ।ਸ਼ਿਕਾਇਤਕਰਤਾ ਨੇ ਦੱਸਿਆ ਕਿ ਕੱਲ੍ਹ ਜਦੋਂ ਮੈਂ ਆਪਣੀ ਭੈਣ ਨੂੰ ਮਿਲਣ ਲਈ ਪਿੰਡ ਲਹਿਰੀ ਆਇਆ ਤਾਂ ਮੈਨੂੰ ਪਤਾ ਲੱਗਾ ਕਿ ਮੇਰੀ ਭੈਣ ਜਸਵਿੰਦਰ ਕੌਰ ਨੂੰ 30-31 ਜਨਵਰੀ ਦੀ ਰਾਤ ਉਸਦੇ ਪਤੀ ਸੁਖਦੇਵ ਸਿੰਘ ਨੇ ਘੋਟਣਾ ਮਾਰ ਕੇ ਕਤਲ ਕਰ ਕੇ ਲਾਸ਼ ਨੂੰ ਵੀ ਖੁਰਦ-ਬੁਰਦ ਕਰ ਦਿਤਾ ਹੈ ਤੇ ਇਸ ਘਟਨਾ ਵਿੱਚ ਕੁਝ ਹੋਰ ਲੋਕਾਂ ਦਾ ਵੀ ਹੱਥ ਹੈ।ਤਲਵੰਡੀ ਸਾਬੋ ਪੁਲਸ ਦੇ ਮੁਖੀ ਬਲਵਿੰਦਰ ਸਿੰਘ ਨੇ ਮਿੱਠੂ ਸਿੰਘ ਦੇ ਬਿਆਨਾਂ 'ਤੇ ਸੁਖਦੇਵ ਸਿੰਘ ਵਾਸੀ ਲਹਿਰੀ ਖ਼ਿਲਾਫ਼ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਥਾਣਾ ਮੁਖੀ ਨੇ ਦਸਿਆ ਕਿ ਮੁਲਜ਼ਮ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# ਦਾਜ ਦਾ ਕੇਸ ਵਾਪਸ ਲੈਣ ਦਾ ਦਬਾਅ ਪਾਉਣ ਲਈ ਔਰਤ ’ਤੇ ਹਮਲਾ

ਜਲੰਧਰ, 11 ਫਰਵਰੀ (ਪੋਸਟ ਬਿਊਰੋ)- ਦਾਜ ਮੰਗਣ ਦਾ ਕੇਸ ਦਰਜ ਕਰਾਉਣ ਵਾਲੀ ਔਰਤ 'ਤੇ ਉਸਦੇ ਪਤੀ ਦੇ ਰਿਸ਼ਤੇਦਾਰਾਂ ਨੇ ਓਦੋਂ ਹਮਲਾ ਕਰ ਦਿੱਤਾ, ਜਦੋਂ ਉਹ ਅੰਮ੍ਰਿਤਸਰ ਤੋਂ ਆਪਣੀ ਬੇਟੀ ਨਾਲ ਜਲੰਧਰ ਵਿੱਚ ਆਪਣੇ ਵਕੀਲ ਨੂੰ ਮਿਲਣ ਆ ਰਹੀ ਸੀ। ਹਮਲਾਵਰ ਰਿਸ਼ਤੇਦਾਰਾਂ ਨੇ ਪਹਿਲਾਂ ਔਰਤ ਦੀ ਗੱਡੀ ਅੱਗੇ ਆਪਣੀ ਗੱਡੀ ਲਾ ਕੇ ਕਾਰ ਰੁਕਵਾ ਲਈ ਅਤੇ ਫਿਰ ਉਸ 'ਤੇ ਕੇਸ ਵਾਪਸ ਲੈਣ ਦਾ ਦਬਾਅ ਪਾਉਣ ਲੱਗੇ, ਪਰ ਮਨ੍ਹਾ ਕਰਨ 'ਤੇ ਔਰਤ ਨਾਲ ਗਾਲੀ-ਗਲੋਚ ਪਿੱਛੋਂ ਹਮਲਾ ਕਰ ਦਿੱਤਾ। ਥਾਣਾ ਨੰਬਰ 1 ਵਿੱਚ ਮਨਦੀਪ ਕੌਰ ਪਤਨੀ ਗੌਰਵ ਮੋਂਗਾ ਵਾਸੀ ਨਿਊ ਰਾਜਿੰਦਰ ਨਗਰ ਦੇ ਬਿਆਨਾਂ 'ਤੇ ਉਸਦੇ ਨਣਦੋਈਏ, ਉਸਦੇ ਚਾਚੇ ਸਮੇਤ ਤਿੰਨ ਜਣਿਆਂ ’ਤੇ ਕੇਸ ਦਰਜ ਕੀਤਾ ਗਿਆ ਹੈ। ਮਨਦੀਪ ਕੌਰ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਸ ਨੇ ਆਪਣੇ ਪਤੀ, ਸਹੁਰੇ ਅਤੇ ਨਣਦੋਈਏ ਵਿਰੁੱਧ ਅੰਮ੍ਰਿਤਸਰ ਵਿੱਚ ਦਾਜ ਮੰਗਣ ਦਾ ਕੇਸ ਦਰਜ ਕਰਵਾਇਆ ਸੀ। ਉਹ ਆਪਣੀ 13 ਸਾਲਾ ਬੇਟੀ ਨਾਲ ਦਰਸ਼ਨ ਐਵੇਨਿਊ ਅੰਮ੍ਰਿਤਸਰ ਵਿੱਚ ਪੇਕੇ ਘਰ ਰਹਿੰਦੀ ਹੈ। ਦਾਜ ਮੰਗਣ ਦੇ ਕੇਸ ਵਿੱਚ ਉਹ ਆਪਣੇ ਵਕੀਲ ਨੂੰ ਮਿਲਣ ਲਈ ਜਲੰਧਰ ਆਈ ਤਾਂ ਜਦੋਂ ਉਸਦੀ ਗੱਡੀ ਮਕਸੂਦਾਂ ਚੌਕ ਨੇੜੇ ਪਹੁੰਚੀ ਤਾਂ ਉਸਦੇ ਨਣਦੋਈਏ ਸਚਿਨ ਅਰੋੜਾ ਨੇ ਆਪਣੀ ਗੱਡੀ ਉਸਦੀ ਗੱਡੀ ਅੱਗੇ ਕਰ ਕੇ ਕਾਰ ਰੁਕਵਾ ਲਈ। ਉਸ ਸਮੇਂ ਸਚਿਨ ਦੇ ਨਾਲ ਉਸਦਾ ਚਾਚਾ ਅਮਿਤ ਅਰੋੜਾ ਅਤੇ ਦੋ ਅਣਪਛਾਤੇ ਵਿਅਕਤੀ ਸਨ। ਉਨ੍ਹਾਂ ਨੇ ਮਨਦੀਪ ਕੌਰ 'ਤੇ ਦਾਜ ਮੰਗਣ ਦਾ ਕੇਸ ਵਾਪਸ ਲੈਣ ਦਾ ਦਬਾਅ ਪਾਇਆ, ਪਰ ਮਨ੍ਹਾ ਕਰਨ 'ਤੇ ਪਹਿਲਾਂ ਉਸ ਨਾਲ ਗਾਲੀ-ਗਲੋਚ ਕੀਤਾ ਅਤੇ ਫਿਰ ਮੁਲਜ਼ਮਾਂ ਨੇ ਉਸ 'ਤੇ ਹਮਲਾ ਕਰ ਦਿੱਤਾ। ਹਮਲਾਵਰਾਂ ਨੇ 13 ਸਾਲਾ ਬੱਚੀ ਨੂੰ ਵੀ ਧਮਕਾਇਆ। ਇਸ ਬਾਰੇ ਪੁਲਸ ਕਮਿਸ਼ਨਰ ਨੂੰ ਸ਼ਿਕਾਇਤ ਦਿੱਤੀ ਗਈ, ਜਿਸ ਤੋਂ ਬਾਅਦ ਥਾਣਾ ਨੰਬਰ 1 ਦੀ ਪੁਲਸ ਨੇ ਸਚਿਨ ਅਰੋੜਾ, ਅਮਿਤ ਅਰੋੜਾ ਅਤੇ ਇੱਕ ਅਣਪਛਾਤੇ ਵਿਅਕਤੀ 'ਤੇ ਕੇਸ ਦਰਜ ਕਰ ਲਿਆ ਹੈ।



# ਟਰੈਕਟਰ ਪਰੇਡ ਕੇਸ ਵਿਚ ਮ੍ਰਿਤਕ ਕਿਸਾਨ ਦਾ ਪਰਿਵਾਰ ਐਸ ਆਈ ਟੀ ਜਾਂਚ ਲਈ ਹਾਈ ਕੋਰਟ ਜਾ ਪੁਜਾ



ਨਵੀਂ ਦਿੱਲੀ, 11 ਫਰਵਰੀ (ਪੋਸਟ ਬਿਊਰੋ)- ਗਣਤੰਤਰ ਦਿਵਸ ਦੇ ਦਿਨ ਕਿਸਾਨ ਟਰੈਕਟਰ ਪਰੇਡ ਦੇ ਦੌਰਾਨ ਦਿੱਲੀ ਦੇ ਆਈ ਟੀ ਓ ਵਿਖੇ ਟਰੈਕਟਰ ਪਲਟਣ ਨਾਲ ਮਰਨ ਵਾਲੇ 25 ਸਾਲਾ ਕਿਸਾਨ ਦੇ ਪਰਵਾਰ ਨੇ ਦਿੱਲੀ ਹਾਈ ਕੋਰਟ ਵਿੱਚ ਅਰਜ਼ੀ ਦਾਇਰ ਕਰ ਕੇ ਅਦਾਲਤ ਦੀ ਨਿਗਰਾਨੀ ਹੇਠ ਐਸ ਆਈ ਟੀ ਤੋਂ ਜਾਂਚ ਕਰਾਉਣ ਦੀ ਬੇਨਤੀ ਕੀਤੀ ਹੈ।

ਮ੍ਰਿਤਕ ਨਵਰੀਤ ਸਿੰਘ ਦੇ ਦਾਦਾ ਹਰਦੀਪ ਸਿੰਘ ਨੇ ਆਪਣੀ ਪਟੀਸ਼ਨ ਵਿੱਚ ਕਿਹਾ ਹੈ ਕਿ ਉਸ ਨੂੰ ਆਪਣੇ ਪੋਤੇ ਦੀ ਮੌਤ ਦੀ ਸਹੀ ਅਤੇ ਨਿਰਪੱਖ ਜਾਂਚ ਅਤੇ ਇਨਸਾਫ਼ ਲੈਣ ਦੇ ਨਾਲ ਸੱਚਾਈ ਜਾਨਣ ਦਾ ਅਧਿਕਾਰ ਹੈ। ਪੁਲਸ ਅਨੁਸਾਰ ਨਵਰੀਤ ਸਿੰਘ ਦੀ ਮੌਤ ਆਈ ਟੀ ਓ ਵਿਖੇ ਟਰੈਕਟਰ ਦੇ ਪਲਟਣ ਕਾਰਨ ਹੋਈ ਹੈ, ਜੋ ਨਿਰਧਾਰਤ ਟਰੈਕਟਰ ਪਰੇਡ ਦੇ ਰਸਤੇ ਤੋਂ ਗਾਜ਼ੀਪੁਰ ਹੱਦ ਰਾਹੀਂ ਪ੍ਰਦਰਸ਼ਨ ਲਈ ਕਈ ਕਿਸਾਨਾਂ ਨਾਲ ਇੱਥੇ ਪਹੁੰਚੇ ਸਨ। ਘਟਨਾ ਬਾਰੇ ਪੁਲਸ ਦਾ ਦਾਅਵਾ ਹੈ ਕਿ ਨਵਰੀਤ ਸਿੰਘ ਟਰੈਕਟਰ ਪਲਟਣ ਨਾਲ ਉਸ ਦੇ ਹੇਠਾਂ ਦੱਬ ਗਿਆ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਇਸ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਮੀਡੀਆ ਨੂੰ ਚਸ਼ਮਦੀਦ ਗਵਾਹਾਂ ਵੱਲੋਂ ਦਿੱਤੀ ਜਾਣਕਾਰੀ ਅਨੁਸਾਰਨਵਰੀਤ ਆਪਣਾ ਟਰੈਕਟਰ ਚਲਾ ਰਿਹਾ ਸੀ ਤੇ ਜਦੋਂ ਉਹ ਨਵੀਂ ਦਿੱਲੀ ਦੀ ਆਂਧਰਾ ਐਜੂਕੇਸ਼ਨ ਸੁਸਾਇਟੀ ਕੋਲੋਂ ਲੰਘਿਆ ਤਾਂ ਪੁਲਸ ਨੇ ਗੋਲੀਬਾਰੀ ਕੀਤੀ, ਜਿਸ ਕਾਰਨ ਉਹ ਆਪਣਾ ਕੰਟਰੋਲ ਗੁਆ ਬੈਠਾ ਅਤੇ ਉਸ ਦਾ ਟਰੈਕਟਰ ਕੁਝ ਬੈਰੀਕੇਡਾਂ ਨਾਲ ਟੱਕਰ ਤੋਂ ਬਾਅਦ ਪਲਟ ਗਿਆ ਸੀ, ਇਸ ਲਈ ਇਸ ਦੀ ਜਾਂਚ ਹੋਣੀ ਚਾਹੀਦੀ ਹੈ।

ਭਾਰਤੀ ਪਾਰਲੀਮੈਂਟ ਵਿੱਚ ਸਵਾਲ ਉਠਿਆ:

# ਸੀਤਾ ਤੇ ਰਾਵਣ ਦੇ ਦੇਸ਼ਾਂ ਵਿੱਚ ਪੈਟਰੋਲ ਸਸਤਾ, ਪਰ ਰਾਮ ਦੇ ਦੇਸ਼ ਭਾਰਤ ਵਿੱਚ ਮਹਿੰਗਾ ਕਿਉਂ?

ਨਵੀਂ ਦਿੱਲੀ, 11 ਫਰਵਰੀ (ਪੋਸਟ ਬਿਊਰੋ)- ਭਾਰਤ ਵਿੱਚ ਪਿਛਲੇ ਦੋ ਮਹੀਨਿਆਂ ਤੋਂ ਲਗਾਤਾਰ ਥੋੜ੍ਹੇ-ਥੋੜ੍ਹੇ ਸਮੇਂ ਵਿੱਚ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਪੈਟਰੋਲੀਅਮ ਮੰਤਰੀ ਧਰਮਿੰਦਰ ਪ੍ਰਧਾਨ ਨੇ ਕੱਲ੍ਹ ਤੇਲ ਦੀਆਂ ਕੀਮਤਾਂ 'ਚ ਵਾਧੇ ਬਾਰੇ ਕਿਹਾ ਕਿ ਇਹ ਕਹਿਣਾ ਠੀਕ ਨਹੀਂ ਕਿ ਫਿਊਲ ਆਪਣੇ ਆਲ-ਟਾਈਮ ਹਾਈ ਰੇਟ 'ਤੇ ਚੱਲ ਰਿਹਾ ਹੈ। ਉਨ੍ਹਾਂ ਨੇ ਗੁਆਂਢੀ ਦੇਸ਼ਾਂ ਨਾਲ ਹੋ ਰਹੀ ਤੁਲਨਾ 'ਤੇ ਵੀ ਜਵਾਬ ਦਿੱਤਾ।

ਅਸਲ ਵਿੱਚ ਸਮਾਜਵਾਦੀ ਪਾਰਟੀ ਦੇ ਪਾਰਲੀਮੈਂਟ ਮੈਂਬਰ ਵਿਸ਼ੰਭਰ ਪ੍ਰਸਾਦ ਨਿਸ਼ਾਦ ਨੇ ਪੈਟਰੋਲੀਅਮ ਮੰਤਰੀ ਤੋਂ ਰਾਜ ਸਭਾ ਵਿੱਚ ਪੁੱਛਿਆ ਸੀ ਕਿ ਸੀਤਾ ਮਾਤਾ ਦੀ ਧਰਤੀ ਨੇਪਾਲ ਵਿੱਚ ਪੈਟਰੋਲ-ਡੀਜ਼ਲ ਭਾਰਤ ਤੋਂ ਸਸਤਾ ਹੈ। ਰਾਵਣ ਦੇ ਦੇਸ਼ ਸ੍ਰੀਲੰਕਾ ਵਿੱਚ ਵੀ ਭਾਰਤ ਤੋਂ ਇਸ ਦੀ ਘੱਟ ਕੀਮਤ ਹੈ, ਤਾਂ ਕੀ ਰਾਮ ਦੇ ਦੇਸ਼ ਵਿੱਚ ਸਰਕਾਰ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਘੱਟ ਕਰੇਗੀ?ਇਸ ਦੇ ਜਵਾਬ ਵਿੱਚ ਮੰਤਰੀ ਨੇ ਕਿਹਾ, ਇਨ੍ਹਾਂ ਦੇਸ਼ਾਂ ਨਾਲ ਭਾਰਤ ਦੀ ਤੁਲਨਾ ਕਰਨਾ ਗਲਤ ਹੈ, ਕਿਉਂਕਿ ਉਥੇ ਸਮਾਜ ਦੇ ਕੁਝ ਲੋਕ ਹੀ ਇਸ ਦੀ ਵਰਤੋਂ ਕਰਦੇ ਹਨ। ਮਿੱਟੀ ਦੇ ਤੇਲ ਦੀ ਕੀਮਤ ਵਿੱਚ ਭਾਰਤ ਅਤੇ ਇਨ੍ਹਾਂ ਦੇਸ਼ਾਂ ਵਿੱਚ ਕਾਫੀ



ਫਰਕ ਹੈ। ਬੰਗਲਾ ਦੇਸ਼, ਨੇਪਾਲ ਵਿੱਚ ਮਿੱਟੀ ਦਾ ਤੇਲ ਲਗਭਗ 57 ਤੋਂ 59 ਰੁਪਏ ਵਿੱਚ ਮਿਲਦਾ ਹੈ, ਜਦ ਕਿ ਭਾਰਤ ਵਿੱਚ ਮਿੱਟੀ ਦੇ ਤੇਲ ਦੀ ਕੀਮਤ 32 ਰੁਪਏ ਪ੍ਰਤੀ ਲੀਟਰ ਹੈ।ਉਨ੍ਹਾਂ ਨੇ ਤੇਲ ਦੀਆਂ ਕੀਮਤਾਂ ਨੂੰ ਆਲ ਟਾਈਮ ਹਾਈ ਦੱਸੇ ਜਾਣ ਨੂੰ 'ਗਲਤ' ਦੱਸਿਆ।

ਪ੍ਰਸ਼ਨਕਾਲ ਦੌਰਾਨ ਉਨ੍ਹਾਂ ਤੋਂ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਕੇ ਸੀ ਵੇਣੂਗੋਪਾਲ ਨੇ ਪੁੱਛਿਆ ਕਿ ਦੇਸ਼ ਵਿੱਚ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਆਲ ਟਾਈਮ ਹਾਈ ਹਨ, ਪਰ ਕਰੂਡ ਦੇ ਰੇਟ ਆਲ ਟਾਈਮ ਹਾਈ ਨਹੀਂ, ਦੇਸ਼ ਵਿੱਚ ਪੈਟਰੋਲ 100 ਰੁਪਏ ਦੇ ਕਰੀਬ ਪਹੁੰਚ ਰਿਹਾ ਹੈ, ਐਕਸਾਈਜ਼ ਡਿਊਟੀ ਕਿੰਨੀ ਵਾਰ ਵਧਾਈ ਗਈ ਹੈ? ਇਸ 'ਤੇ ਮੰਤਰੀ ਨੇ ਜਵਾਬ ਦਿੱਤਾ, ਅੱਜ ਇੰਟਰਨੈਸ਼ਨਲ ਕਰੂਡ ਆਇਲ ਦੀ ਕੀਮਤ 61 ਡਾਲਰ ਚੱਲ ਰਹੀ ਹੈ। ਸਾਨੂੰ ਟੈਕਸ ਦੇ ਮਸਲੇ ਬਹੁਤ ਧਿਆਨ ਨਾਲ ਹੈਂਡਲ ਕਰਨੇ ਪੈਂਦੇ ਹਨ।ਉਨ੍ਹਾਂ ਦੱਸਿਆ ਕਿ ਪਿਛਲੇ 300 ਦਿਨਾਂ ਦੇ ਅੰਦਰ 60 ਦਿਨ ਅਜਿਹੇ ਹਨ, ਜਦ ਕੀਮਤਾਂ ਵਧਾਈਆਂ ਗਈਆਂ ਸਨ, ਪੈਟਰੋਲ ਦੀਆਂ ਕੀਮਤਾਂ ਸੱਤ ਦਿਨ ਘਟਾਈਆਂ ਗਈਆਂ, ਡੀਜ਼ਲ ਦੇ ਰੇਟ 21 ਦਿਨ ਘਟਾਏ ਗਏ। ਲਗਭਗ 250 ਦਿਨ ਅਜਿਹੇ ਹਨ, ਜਦ ਕੀਮਤਾਂ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ। ਇਹ ਕਹਿ ਕੇ ਕੈਂਪੇਨ ਕਰਨਾ ਇੱਕ ਪੈਟਰੋਲ-ਡੀਜ਼ਲ ਦੇ ਰੇਟ ਆਲ

# ਮਨ ਮਰਜ਼ੀ ਨਾਲ ਰੇਲ ਗੱਡੀ ਰੱਦ ਕਰਨ ਬਦਲੇ ਰੇਲਵੇ ਨੂੰ ਹਰਜਾਨਾ ਦੇਣਾ ਪਵੇਗਾ

ਹੈਦਰਾਬਾਦ, 11 ਫਰਵਰੀ (ਪੋਸਟ ਬਿਊਰੋ)- ਕਿਸੇ ਯਾਤਰੀ ਨੂੰ ਦੱਸੇ ਬਿਨਾਂ ਰੇਲ ਗੱਡੀ ਨੂੰ ਰੱਦ ਕਰਨਾ ਰੇਲਵੇ ਨੂੰ ਭਾਰੀ ਪਿਆ ਅਤੇ ਖਪਤਕਾਰ ਫੋਰਮ ਨੇ ਰੇਲਵੇ ਨੂੰ ਯਾਤਰੀ ਨੂੰ 15 ਹਜ਼ਾਰ ਰੁਪਏ ਦਾ ਮੁਆਵਜ਼ਾ ਦੇਣ ਨੂੰ ਕਿਹਾ ਹੈ। ਅਸਲ 'ਚ ਸਿਕੰਦਰਾਬਾਦ ਦੇ ਇੱਕ ਯਾਤਰੀ ਨੇ ਇਸ ਮਾਮਲੇ 'ਚ ਖਪਤਕਾਰ ਫੋਰਮ ਨੂੰ ਸ਼ਿਕਾਇਤ ਕੀਤੀ ਸੀ ਕਿ ਉਸ ਨੇ 9 ਫਰਵਰੀ 2019 ਨੂੰ ਆਈ ਆਰ ਸੀ ਟੀ ਸੀ (ਭਾਰਤੀ ਰੇਲਵੇ ਕੇਟਰਿੰਗ ਅਤੇ ਟੂਰਿਜ਼ਮ ਕਾਰਪੋਰੇਟਸ਼ਨ) ਤੋਂ ਟਿਕਟ ਖਰੀਦੀ ਸੀ ਅਤੇ ਇਹ ਟਿਕਟ 16 ਫਰਵਰੀ 2019 ਨੂੰ ਬੈਂਗਲੁਰੂ ਤੋਂ ਕਾਚੀਗੁੜਾ (ਹੈਦਰਾਬਾਦ) ਦੀ ਯਾਤਰਾ ਲਈ ਸੀ। ਉਸ ਨੇ ਕਿਹਾ ਕਿ ਬਾਅਦ 'ਚ ਪਤਾ ਲੱਗਾ ਕਿ ਜਿਸ ਰੇਲ ਗੱਡੀ ਲਈ ਟਿਕਟ ਬੁੱਕ ਕਰਵਾਈ ਸੀ, ਉਹ ਰੱਦ ਹੋ ਗਈ ਹੈ। ਸ਼ਿਕਾਇਤਕਰਤਾ ਨੇ ਕਿਹਾ ਕਿ ਰੇਲਵੇ ਨੇ ਰੇਲ ਗੱਡੀ ਰੱਦ ਕਰਨ ਦਾ ਕਾਰਨ ਨਹੀਂ ਦੱਸਿਆ, ਜਿਸ ਕਾਰਨ ਯਾਤਰੀਆਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਦੋਵਾਂ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਉਪਭੋਗਤਾ ਫੋਰਮ ਨੇ ਰੇਲਵੇ ਨੂੰ ਇਹ ਹੁਕਮ ਦਿੱਤਾ ਹੈ।

# 'ਸਰੀਰਕ ਛੂਹ' ਦੀ ਵਿਗੜੀ ਵਿਆਖਿਆ ਕਾਰਨ ਔਰਤਾਂ ਦੇ ਮੌਲਿਕ ਅਧਿਕਾਰਾਂ 'ਤੇ ਉਲਟਾ ਅਸਰ ਪਵੇਗਾ

* ਹਾਈ ਕੋਰਟ ਦੇ ਫੈਸਲੇ ਵਿਰੁੱਧ ਮਹਿਲਾ ਕਮਿਸ਼ਨ ਵੱਲੋਂ ਪਟੀਸ਼ਨ ਦਾਇਰ



ਨਵੀਂ ਦਿੱਲੀ, 11 ਫਰਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਰਾਸ਼ਟਰੀ ਮਹਿਲਾ ਕਮਿਸ਼ਨ ਦੀ ਉਸ ਪਟੀਸ਼ਨ ਨੂੰ ਪ੍ਰਵਾਨ ਕਰ ਲਿਆ, ਜਿਸ 'ਚ ਬੰਬਈ ਹਾਈ ਕੋਰਟ ਦੇ ਉਸ ਹੁਕਮ ਨੂੰ ਚੁਣੌਤੀ ਦਿੱਤੀ ਗਈ ਸੀ ਜਿਸ 'ਚ ਕਿਹਾ ਗਿਆ ਸੀ ਕਿ ਚਮੜੀ ਦੇ ਚਮੜੀ ਨੂੰ ਛੂਹਣ 'ਤੇ ਬਾਲ ਸੁਰੱਖਿਆ ਐਕਟ (ਪਾਕਸੋ) ਅਧੀਨ ਸੈਕਸ ਸੋਸ਼ਣ ਨਹੀਂ ਮੰਨਿਆ ਜਾ ਸਕਦਾ। ਸੁਪਰੀਮ ਕੋਰਟ ਨੇ 27 ਜਨਵਰੀ ਨੂੰ ਅਟਾਰਨੀ ਜਨਰਲ ਵੱਲੋਂ ਫੈਸਲੇ ਦਾ ਜ਼ਿਕਰ ਕੀਤੇ ਜਾਣ ਪਿੱਛੋਂ ਹਾਈ ਕੋਰਟ ਦੇ ਫੈਸਲੇ 'ਤੇ ਰੋਕ ਲਾ ਦਿੱਤੀ ਸੀ। ਇਸ ਕੇਸ ਦਾ ਜ਼ਿਕਰ ਕਰਦੇ ਹੋਏ ਵੇਣੂਗੋਪਾਲ ਨੇ ਕਿਹਾ ਸੀ ਕਿ ਇਹ ਫੈਸਲਾ ਬੇਮਿਸਾਲ ਹੈ ਅਤੇ ਨਿਆਂ ਦੇ ਵਿਰੁੱਧ ਇੱਕ ਖਤਰਨਾਕ ਤਸਵੀਰ ਪੇਸ਼ ਕਰ ਸਕਦਾ ਹੈ।

ਮਹਿਲਾ ਕਮਿਸ਼ਨ ਨੇ ਆਪਣੀ ਪਟੀਸ਼ਨ 'ਚ ਕਿਹਾ ਕਿ ਸਰੀਰਕ ਛੂਹ ਦੀ ਵਿਗੜੀ ਵਿਆਖਿਆ ਕਾਰਨ ਔਰਤਾਂ ਦੇ ਮੌਲਿਕ ਅਧਿਕਾਰਾਂ 'ਤੇ ਉਲਟਾ ਅਸਰ ਪਵੇਗਾ। ਔਰਤਾਂ ਸਮਾਜ 'ਚ ਸੈਕਸ ਸਬੰਧੀ ਅਪਰਾਧਾਂ ਕਾਰਨ ਪਹਿਲਾਂ ਹੀ ਪੀੜਤ ਹਨ। ਇੰਝ ਔਰਤਾਂ ਦੇ ਹਿੱਤਾਂ ਦੀ ਰਾਖੀ ਦੇ ਉਦੇਸ਼ ਨਾਲ ਲਿਆਂਦੇ ਗਏ ਕਾਨੂੰਨਾਂ ਦੇ ਅਸਰ ਨੂੰ ਇਹ ਘੱਟ ਕਰੇਗਾ। ਸੁਪਰੀਮ ਕੋਰਟ 'ਚ ਕੱਲ੍ਹ ਚੀਫ਼ ਜਸਟਿਸ ਐਸ ਏ ਬੋਬੜੇ 'ਤੇ ਅਧਾਰਤ ਬੈਂਚ ਨੇ ਕੇਸ ਦੀ ਸੁਣਵਾਈ ਕਰਦੇ ਹੋਏ ਮਹਿਲਾ ਕਮਿਸ਼ਨ ਦੀ ਪਟੀਸ਼ਨ 'ਤੇ ਮਹਾਰਾਸ਼ਟਰ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਹੈ। ਹੋਰਨਾਂ ਪਟੀਸ਼ਨਰਾਂਯੂਥ ਬਾਰ ਐਸੋਸੀਏਸ਼ਨ ਆਫ ਇੰਡੀਆ ਤੇ ਭਾਰਤੀ ਇਸਤਰੀ ਸ਼ਕਤੀ ਨੇ ਬੰਬਈ ਹਾਈ ਕੋਰਟ ਦੀ ਨਾਗਪੁਰ ਬੈਂਚ ਦੇ 19 ਜਨਵਰੀ ਦੇ ਫੈਸਲੇ ਵਿਰੁੱਧ ਆਪਣੀ ਪਟੀਸ਼ਨ ਵਾਪਸ ਲੈ ਲਈ। ਬੰਬਈ ਹਾਈ ਕੋਰਟ ਦੇ ਨਾਗਪੁਰ ਬੈਂਚ ਨੇ ਪਾਕਸੋ ਐਕਟ ਨਾਲ ਜੁੜੇ ਇੱਕ ਮਾਮਲੇ 'ਚ ਫੈਸਲਾ ਸੁਣਾਉਂਦੇ ਹੋਏ ਕਿਹਾ ਸੀ ਕਿ ਚਮੜੀ ਨਾਲ ਚਮੜੀ ਛੂਹੇ ਬਿਨਾਂ ਨਾਬਾਲਗ ਕੁੜੀ ਨੂੰ ਸੈਕਸ ਸੋਸ਼ਣ ਦੀ ਸ਼੍ਰੇਣੀ 'ਚ ਨਹੀਂ ਲਿਆਂਦਾ ਜਾ ਸਕਦਾ। ਪਾਕਸੋ ਐਕਟ ਅਧੀਨ ਇਹ ਸੈਕਸ ਸੋਸ਼ਣ ਨਹੀਂ ਹੈ। ਇਸਦੇ ਨਾਲ ਹੀ ਅਦਾਲਤ ਨੇ ਤਿੰਨ ਸਾਲ ਦੀ ਸਜ਼ਾ ਪ੍ਰਾਪਤ ਇੱਕ ਦੋਸ਼ੀ ਨੂੰ ਰਿਹਾਅ ਕਰਨ ਦਾ ਹੁਕਮ ਦਿੱਤਾ ਸੀ।

# ਮੁਸਲਿਮ ਲੜਕੇ ਨਾਲ ਵਿਆਹ ਕਰਨ ਵਾਲੀ ਲੜਕੀ ਨੂੰ ਸੁਰੱਖਿਆ ਦੇਣ ਦਾ ਹੁਕਮ



ਅਹਿਮਦਾਬਾਦ, 11 ਫਰਵਰੀ (ਪੋਸਟ ਬਿਊਰੋ)- ਗੁਜਰਾਤ ਹਾਈ ਕੋਰਟ ਨੇ ਦੂਸਰੇ ਧਰਮ ਦੇ ਨੌਜਵਾਨ ਨਾਲ ਵਿਆਹ ਦੀ ਚਾਹਵਾਨ ਲੜਕੀ ਨੂੰ ਪੁਲਸ ਸੁਰੱਖਿਆ ਦੇਣ ਦਾ ਹੁਕਮ ਦਿੱਤਾ ਹੈ। ਮਾਂ ਬਾਪ ਦੀ ਮਰਜ਼ੀ ਬਿਨਾਂ ਵਿਆਹ ਦੀ ਰਜਿਸਟੇਰਸ਼ਨ ਲਈ ਜੂਨਾਗੜ੍ਹ ਤੋਂ ਅਹਿਮਦਾਬਾਦ ਜਾਣ ਤੱਕ ਇਸ ਲੜਕੀ ਨੂੰ ਸੁਰੱਖਿਆ ਦੇਣ ਦਾ ਹੁਕਮ ਦਿੱਤਾ ਗਿਆ ਹੈ।

ਬੀਤੀ ਅੱਠ ਫਰਵਰੀ ਨੂੰ ਜਸਟਿਸ ਸੋਨੀਆ ਗੋਕਾਨੀ ਅਤੇ ਜਸਟਿਸ ਸੰਗੀਤਾ ਕੇ ਵਿਸ਼ੇਨ ਨੇ ਉਸ ਔਰਤ ਦਾ ਪੱਖ ਵੀਡੀਓ ਕਾਨਫਰੰਸਿੰਗ ਰਾਹੀਂ ਸੁਣਿਆ, ਜੋ ਪੁਲਸ ਸਿਖਲਾਈ ਲਈ ਜੂਨਾਗੜ੍ਹ ਗਈ ਹੋਈ ਸੀ। ਮੁਸਲਿਮ ਨੌਜਵਾਨ ਨਾਲ ਵਿਆਹ ਕਰਨ ਦੀ ਇੱਛਾ ਜਾਹਰ ਕਰਨ ਦੇ ਇੱਕ ਮਹੀਨੇ ਪਿੱਛੋਂ ਕੋਰਟ ਨੇ ਉਸ ਲੜਕੀ ਦੀ ਪਟੀਸ਼ਨ 'ਤੇ ਸੁਣਵਾਈ ਕੀਤੀ। ਇਸ ਦੌਰਾਨ ਅਦਾਲਤ ਨੇ ਨੌਂ ਫਰਵਰੀ ਨੂੰ ਸਪੈਸ਼ਲ ਮੈਰਿਜ ਐਕਟ ਤਹਿਤ ਵਿਆਹ ਰਜਿਸਟਰ ਕਰਵਾਉਣ ਦਾ ਨਿਰਦੇਸ਼ ਦਿੱਤਾ ਹੈ। ਇਸੇ ਦਿਨ ਇੱਕ ਮਹੀਨੇ ਦੇ ਕਾਨੂੰਨੀ ਨੋਟਿਸ ਦੀ ਮਿਆਦ ਸਮਾਪਤ ਹੋ ਰਹੀ ਹੈ। ਜਦੋਂ ਵਿਆਹ ਦੇ ਹੋਰ ਵੇਰਵੇ ਬਾਰੇ ਪੁੱਛਿਆ ਤਾਂ ਪਟੀਸ਼ਨਰ ਦੇ ਵਕੀਲ ਨੇ ਦੱਸਿਆ ਕਿ ਅਦਾਲਤ ਇਸ ਮਾਮਲੇ 'ਤੇ ਅਗਲੀ ਸੁਣਵਾਈ 12 ਫਰਵਰੀ ਨੂੰ ਕਰੇਗੀ। ਅਦਾਲਤ ਨੇ ਨਿਰਦੇਸ਼ ਦਿੱਤਾ ਕਿ ਉਸ ਔਰਤ ਨੂੰ ਪੁਲਸ ਵਾਹਨ 'ਚ ਇੱਕ ਮਹਿਲਾ ਪੁਲਸ ਮੁਲਾਜ਼ਮ ਨਾਲ ਲਿਆਂਦਾ ਜਾਵੇ ਤੇ ਜ਼ਿਲ੍ਹੇ ਦੀ ਕਾਨੂੰਨੀ ਸੇਵਾ ਅਥਾਰਟੀ ਦਾ ਇੱਕ ਅਧਿਕਾਰੀ ਨਾਲ ਹੋਣਾ ਚਾਹੀਦਾ ਹੈ। ਕੋਰਟ ਨੇ ਕਿਹਾ ਕਿ ਅਹਿਮਦਾਬਾਦ ਦੇ ਏ ਡੀ ਸੀ ਜ਼ੋਨ-2 ਨੂੰ ਵਿਆਹ ਰਜਿਸਟਰਡ ਕਰਨ ਦੀ ਪ੍ਰਕਿਰਿਆ ਦੌਰਾਨ ਜੋੜੇ ਨੂੰ ਪੂਰੀ ਸੁਰੱਖਿਆ ਦੇਣ ਚਾਹੀਦੀ ਹੈ।ਲੜਕੀ ਦੇ ਮੁਸਲਿਮ ਨੌਜਵਾਨ ਨਾਲ ਵਿਆਹ ਦੀ ਇੱਛਾ ਕਾਰਨ ਉਸ ਦੇ ਮਾਪਿਆਂ ਨੇ ਇਸ ਰਿਸ਼ਤੇ ਤੋਂ ਨਾਂਹ ਕਰ ਦਿੱਤੀ ਸੀ। ਇਸ ਲਈ ਲੜਕੀ ਨੇ ਆਪਣਾ ਪੁਲਸ ਟਰੇਨਿੰਗ ਸੈਂਟਰ ਅਹਿਮਦਾਬਾਦ ਤੋਂ ਜੂਨਗੜ੍ਹ ਕਰਵਾ ਲਿਆ ਅਤੇ ਓਥੋਂ ਹਾਈ ਕੋਰਟ ਵਿੱਚ ਇਹ ਅਰਜ਼ੀ ਦਾਇਰ ਕੀਤੀ ਸੀ।

## ਕਾਸਗੰਜ ਵਿੱਚ ਸਿਪਾਹੀ ਦਾ ਕਾਤਲ ਮੁਕਾਬਲੇ ਵਿੱਚ ਮਾਰਿਆ ਗਿਆ

ਕਾਸਗੰਜ, 11 ਫਰਵਰੀ (ਪੋਸਟ ਬਿਊਰੋ)- ਕਾਸਗੰਜ ਵਿੱਚ ਸਿਪਾਹੀ ਦਾ ਕਤਲ ਕਰਨ ਅਤੇ ਥਾਣੇਦਾਰ ਨੂੰ ਲਹੂ-ਲੁਹਾਨ ਕਰਨ ਦੇ ਕੇਸ ਵਿੱਚ ਪੁਲਸ ਨੇ 12 ਘੰਟੇ ਦੇ ਅੰਦਰ ਹੀ ਇੱਕ ਦੋਸ਼ੀ ਏਲਕਾਰ ਨੂੰ ਮੁਕਾਬਲੇ ਵਿੱਚ ਮਾਰ ਦਿੱਤਾ ਹੈ। ਉਹ ਮੁੱਖ ਦੋਸ਼ੀ ਹਿਸਟ੍ਰੀਸ਼ੀਟਰ ਮੋਤੀ ਦਾ ਭਰਾ ਸੀ। ਪਿੰਡ ਤੋਂ ਕਰੀਬ ਇੱਕ ਕਿਲੋਮੀਟਰ ਦੂਰ ਕੱਲ੍ਹ ਤੜਕੇ ਕਰੀਬ ਪੰਜ ਵਜੇ ਪੁਲਸ ਟੀਮ ਨਾਲ ਉਸ ਦਾ ਸਾਹਮਣਾ ਹੋ ਗਿਆ। ਏਲਕਾਰ ਉਤੇ ਥਾਣੇ ਵਿੱਚ ਆਬਕਾਰੀ ਐਕਟ ਦੇ ਚਾਰ ਕੇਸ ਦਰਜ ਸਨ। ਮੁੱਖ ਦੋਸ਼ੀ ਦੀ ਤਲਾਸ਼ ਵਿੱਚ ਤਿੰਨ ਟੀਮਾਂ ਛਾਪੇ ਮਾਰ ਰਹੀਆਂ ਹਨ।

ਜ਼ਿਲ੍ਹਾ ਹੈਡਕੁਆਰਟਰ ਤੋਂ ਕਰੀਬ 45 ਕਿਲੋਮੀਟਰ ਦੂਰ ਪਿੰਡ ਨਗਲਾ ਧੀਮਰ ਵਿੱਚ ਕੱਲ੍ਹ ਸ਼ਾਮ ਕਰੀਬ ਸਾਢੇ ਛੇ ਵਜੇ ਸ਼ਰਾਬ ਮਾਫੀਆ ਮੋਦੀ, ਉਸ ਦੇ ਭਰਾ ਏਲਕਾਰ ਅਤੇ ਅੱਧਾ ਦਰਜਨ ਅਣਪਛਾਤਿਆਂ ਨੇ ਘੇਰ ਕੇ ਸਿਪਾਹੀ ਦੇਵੇਂਦਰ ਨੂੰ ਮਾਰ ਦਿੱਤਾ ਅਤੇ ਥਾਣੇਦਾਰ ਅਸ਼ੋਕ ਕੁਮਾਰ ਨੂੰ ਮਰਨ ਵਾਲਾ ਕਰ ਗਏ ਸਨ। ਰਾਤ ਤੋਂ ਏ ਡੀ ਜੀ ਅਜੈ ਆਨੰਦ ਅਤੇ ਆਈ ਜੀ ਪੀਊਸ਼ ਮੋਰਡੀਆ ਕਾਸਗੰਜ ਵਿੱਚ ਸਨ। ਅੱਠ ਪੁਲਸ ਟੀਮਾਂ ਨੂੰ ਦੋਸ਼ੀਆਂ ਦੀ ਤਲਾਸ਼ ਵਿੱਚ ਲਾਇਆ ਗਿਆ ਸੀ। ਕੱਲ੍ਹ ਤੜਕੇ ਕਾਲੀ ਨਦੀ ਦੇ ਪੁਲ ਨੇੜੇ ਪੁਲਸ ਦਾਉਨ੍ਹਾਂਨਾਲ ਮੁਕਾਬਲਾ ਹੋ ਗਿਆ ਤਾਂ ਪੁਲਸ ਨੇ ਏਲਕਾਰ ਨੂੰ ਮਾਰ ਦਿੱਤਾ, ਪਰ ਮੁੱਖ ਦੋਸ਼ੀ ਮੋਤੀ ਫਰਾਰ ਹੋ ਗਿਆ। ਪੁਲਸ ਨੂੰ ਉਸ ਕੋਲੋਂ ਪਿਸਤੌਲ ਅਤੇ ਕਾਰਤੂਸ ਮਿਲੇ ਹਨ।

# ਲਾਲ ਕਿਲ੍ਹੇ ਦੀ ਘਟਨਾ ਮਗਰੋਂ ਗ੍ਰਿਫ਼ਤਾਰ ਕੀਤੇ ਤਿੰਨ ਨੌਜਵਾਨ ਜੇਲ੍ਹ 'ਚੋਂ ਰਿਹਾਅ

ਨਵੀਂ ਦਿੱਲੀ, 11 ਫਰਵਰੀ (ਪੋਸਟ ਬਿਊਰੋ)- ਬੀਤੀ 26 ਜਨਵਰੀ ਨੂੰ ਹੋਈ ਘਟਨਾ ਮਗਰੋਂ ਗ੍ਰਿਫ਼ਤਾਰ ਕੀਤੇ ਗਏ ਤਿੰਨ ਨੌਜਵਾਨ ਤਿਹਾੜ ਜੇਲ੍ਹ ਤੋਂ ਛੱਡ ਦਿੱਤੇ ਗਏ ਹਨ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਤਿਹਾੜ ਜੇਲ ਤੋਂ ਬਾਹਰ ਆਏ ਤਿੰਨ ਨੌਜਵਾਨਾਂ ਨਾਲ ਗੱਲ ਕੀਤੀ ਹੈ। ਵਰਨਣ ਯੋਗ ਹੈ ਕਿ ਇਨ੍ਹਾਂ ਨੌਜਵਾਨਾਂ ਨੂੰ ਦਿੱਲੀ ਪੁਲਸ ਵੱਲੋਂ ਗ਼ਣਤੰਤਰ ਦਿਵਸ 'ਤੇ ਟਰੈਕਟਰ ਰੈਲੀ ਦੌਰਾਨ ਹੋਈ ਹਿੰਸਾ ਦੇ ਦੋਸ਼ 'ਚ ਫੜਿਆ ਗਿਆ ਸੀ। ਇਨ੍ਹਾਂ ਨਾਲ ਗੱਲ ਕਰਦੇ ਹੋਏ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਇਨ੍ਹਾਂ ਨੂੰ ਨਾਜਾਇਜ਼ ਕੇਸਾਂ ਤਹਿਤ ਫੜਿਆ ਗਿਆ ਸੀ।



ਨੌਜਵਾਨਾਂ ਦਾ ਕਹਿਣਾ ਹੈ ਕਿ ਜਦੋਂ ਤੱਕ ਸਾਰੇ ਕਿਸਾਨ, ਜੋ ਝੂਠੇ ਕੇਸਾਂ 'ਚ ਫੜੇ ਗਏ ਹਨ, ਛੱਡੇ ਨਹੀਂ ਜਾਂਦੇ, ਉਦੋਂ ਤੱਕ ਅੰਦੋਲਨ ਜਾਰੀ ਰਹਿਣਾ ਚਾਹੀਦਾ ਹੈ। ਸੰਯੁਕਤ ਕਿਸਾਨ ਮੋਰਚਾ ਦੇ ਵਕੀਲ ਪੀ ਐਸ ਭੰਗੂ ਨੇ ਵਕੀਲਾਂ ਦੀ ਇੱਕ ਕਮੇਟੀ ਬਣਾਈ ਹੈ, ਜਿਨ੍ਹਾਂ ਨੇ ਵਟਸਐਪ ਗਰੁੱਪਾਂ 'ਚ ਮੈਸੇਜ ਪਾ ਕੇ ਕਿਹਾ ਹੈ ਕਿ ਜੇ ਕਿਸੇ ਨੂੰ ਲੋੜ ਹੈ ਤਾਂ ਅਸੀਂ ਤੁਹਾਡੇ ਨਾਲ ਖੜੇ ਹਾਂ। ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਗੱਦਾਰ ਕਹਾਉਣ ਨਾਲੋਂ ਮਰ ਜਾਣਾ ਮਨਜ਼ੂਰ ਹੈ ਪਰ ਆਪਣੇ ਭਰਾਵਾਂ ਦਾ ਸਾਥ ਨਹੀਂ ਛੱਡਾਂਗੇ।

# ਲਾਲ ਕਿਲ੍ਹਾ ਕੇਸ 'ਚ ਇਕਬਾਲ ਸਿੰਘ ਵੀ ਹੁਸ਼ਿਆਰਪੁਰ ਤੋਂ ਗ੍ਰਿਫ਼ਤਾਰ

ਨਵੀਂ ਦਿੱਲੀ, 11 ਫਰਵਰੀ (ਪੋਸਟ ਬਿਊਰੋ)- ਗਣਤੰਤਰ ਦਿਵਸ ਮੌਕੇ ਲਾਲ ਕਿਲ੍ਹਾ ਹਿੰਸਾ ਮਾਮਲੇ ਵਿੱਚ ਲੋੜੀਂਦੇ ਇੱਕ ਵਿਅਕਤੀ ਨੂੰ ਦਿੱਲੀ ਪੁਲਸ ਨੇ ਪੰਜਾਬ ਤੋਂ ਗ੍ਰਿਫ਼ਤਾਰ ਕੀਤਾ ਹੈ। ਡਿਪਟੀ ਕਮਿਸ਼ਨਰ ਪੁਲਸ (ਸਪੈਸ਼ਲ ਸੈਲ) ਸੰਜੀਵ ਕੁਮਾਰ ਯਾਦਵ ਨੇ ਦੱਸਿਆ ਕਿ ਦਿੱਲੀ ਪੁਲਸ ਸਪੈਸ਼ਲ ਸੈਲ ਉਤਰੀ ਰੇਂਜ ਦੀ ਟੀਮ ਨੇ ਕੱਲ੍ਹ ਰਾਤ ਇਕਬਾਲ ਸਿੰਘ ਨੂੰ ਪੰਜਾਬ ਦੇ ਹੁਸ਼ਿਆਰਪੁਰ ਤੋਂ ਗ੍ਰਿਫ਼ਤਾਰ ਕੀਤਾ ਹੈ। ਉਸ 'ਤੇ 50 ਹਜ਼ਾਰ ਰੁਪਏ ਦਾ ਇਨਾਮ ਐਲਾਨਿਆ ਗਿਆ ਸੀ। ਵਿਸ਼ੇਸ਼ ਸੈਲ ਨੇ ਲਾਲ ਕਿਲ੍ਹਾ ਹਿੰਸਾ ਕੇਸ ਦੇ ਮੁੱਖ ਦੋਸ਼ੀਐਕਟਰ ਦੀਪ ਸਿੱਧੂ ਨੂੰ ਇਸ ਤੋਂ ਇੱਕ ਦਿਨ ਪਹਿਲਾਂ ਗ੍ਰਿਫ਼ਤਾਰ ਕੀਤਾ ਸੀ। ਇਸ ਕੇਸ ਵਿੱਚ ਸਿੱਧੂ ਮੁੱਖ ਦੋਸ਼ੀ ਹੈ। ਪ੍ਰਦਰਸ਼ਨਕਾਰੀਆਂ ਨੂੰ ਭੜਕਾਉਣ ਦੇ ਦੋਸ਼ੀ ਬੂਟਾ ਸਿੰਘ, ਸੁਖਦੇਵ ਸਿੰਘ, ਜਜਬੀਰ ਸਿੰਘ ਤੇ ਇਕਬਾਲ ਸਿੰਘ ਉਤੇ 50-50 ਹਜ਼ਾਰ ਦਾ ਇਨਾਮ ਹੈ। ਇਨ੍ਹਾਂ ਵਿੱਚੋਂ ਸਿੱਧੂ, ਇਕਬਾਲ ਸਿੰਘ ਤੇ ਸੁਖਦੇਵ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਸ ਨੇ ਦਸਿਆ ਕਿ ਬਾਕੀ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਛਾਪੇ ਮਾਰੇ ਜਾ ਰਹੇ ਹਨ। ਵਰਨਣ ਯੋਗ ਹੈ ਕਿ ਕੇਂਦਰ ਦੇ ਨਵੇਂ ਖੇਤੀਬਾੜੀ ਕਾਨੂੰਨਾਂ ਵਿਰੁੱਧ ਟਰੈਕਟਰ ਪਰੇਡ ਦੌਰਾਨ 26 ਜਨਵਰੀ ਨੂੰ ਹਜ਼ਾਰਾਂ ਪ੍ਰਦਰਸ਼ਨਕਾਰੀਆਂ ਦੀ ਪੁਲਸ ਨਾਲ ਝੜਪ ਹੋ ਗਈ ਸੀ। ਇਸ ਦੌਰਾਨ ਕਈ ਪ੍ਰਦਰਸ਼ਨਕਾਰੀ ਟਰੈਕਟਰਾਂ ਨਾਲ ਰਾਜਧਾਨੀ ਦੇ ਵੱਖ-ਵੱਖ ਇਲਾਕਿਆਂ ਵਿੱਚ ਆ ਗਏ ਸਨ ਅਤੇ ਕੁਝ ਪ੍ਰਦਰਾਸ਼ਨਕਾਰੀ ਲਾਲ ਕਿਲ੍ਹੇ ਵਿੱਚ ਵੀ ਪਹੁੰਚੇ ਸਨ।

# ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਪੈਪਸੀਕੋ, ਕੋਕ, ਬਿਸਲੇਰੀ ਅਤੇ ਪਤੰਜਲੀ ਨੂੰ ਜੁਰਮਾਨਾ

ਦਿੱਲੀ, 11 ਫਰਵਰੀ (ਪੋਸਟ ਬਿਊਰੋ)- ਕੋਕ, ਪੈਪਸੀਕੋ, ਬਿਸਲੇਰੀ ਅਤੇ ਪਤੰਜਲੀ ਵਰਗੀਆਂ ਵੱਡੀਆਂ ਕੰਪਨੀਆਂ 'ਤੇ ਭਾਰਤ ਦੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਵੱਡਾ ਜੁਰਮਾਨਾ ਲਾਇਆ ਗਿਆ ਹੈ। ਇਹ ਜੁਰਮਾਨਾ ਪਲਾਸਟਿਕ ਕਚਰੇ ਦੀ ਜਾਣਕਾਰੀ ਸਰਕਾਰੀ ਕਰਮਚਾਰੀਆਂ ਨੂੰ ਨਾ ਦੇਣ ਦੇ ਮਾਮਲੇ 'ਚ ਲਾਇਆ ਗਿਆ ਹੈ। ਇਨ੍ਹਾਂ ਸਾਰੀਆਂ ਕੰਪਨੀਆਂ 'ਤੇ ਸਰਕਾਰੀ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਕਰਨ ਦੇ ਦੋਸ਼ ਹਨ।



ਜਨਵਰੀ ਤੋਂ ਸਤੰਬਰ 2020 ਤੱਕ ਬਿਸਲੇਰੀ ਦਾ ਪਲਾਸਟਿਕ ਕਚਰਾ ਕਰੀਬ 21 ਹਜ਼ਾਰ 500 ਟਨ ਰਿਹਾ ਹੈ। ਇਸ ਲਈ ਕੰਪਨੀ 'ਤੇ 5 ਹਜ਼ਾਰ ਰੁਪਏ ਪ੍ਰਤੀ ਟਨ ਦੇ ਹਿਸਾਬ ਨਾਲ ਜੁਰਮਾਨਾ ਲੱਗਾਹੈ। ਪੈਪਸੀਕੋ ਨੇ 11,194 ਟਨ ਕਚਰਾ ਤੇ ਕੋਕਾ ਕੋਲਾ ਨੇ 4417 ਟਨ ਕਚਰਾ ਪੈਦਾ ਕੀਤਾ। ਇਨ੍ਹਾਂ ਤੋਂ ਇਲਾਵਾ ਕਈ ਕੰਪਨੀਆਂ 'ਤੇ ਜੁਰਮਾਨਾ ਲਗਾਇਆ ਗਿਆ ਹੈ। ਪ੍ਰਦੂਸ਼ਣ ਕੰਟਰੋਲ ਬੋਰਡ ਨੇ ਬਿਸਲੇਰੀ 'ਤੇ 10.75 ਕਰੋੜ ਰੁਪਏ, ਪੈਪਸੀਕੋ ਇੰਡੀਆ 'ਤੇ 8.7 ਕਰੋੜ ਰੁਪਏ, ਕੋਕਾ ਕੋਲਾ ਬੇਵਰੇਜਸ ਨੂੰ 50.66 ਕਰੋੜ ਰੁਪਏ ਤੇ ਬਾਬਾ ਰਾਮਦੇਵ ਦੀ ਕੰਪਨੀ ਪਤੰਜਲੀ ਨੂੰ ਇੱਕ ਕਰੋੜ ਦਾ ਜੁਰਮਾਨਾ ਭਰਨ ਦੇ ਆਦੇਸ਼ ਦਿੱਤੇ ਹਨ। ਸਾਰੀਆਂ ਕੰਪਨੀਆਂ ਪ੍ਰਦੂਸ਼ਣ ਬੋਰਡ ਦੇ ਆਦੇਸ਼ਾਂ ਦੀ ਸਮੀਖਿਆ ਕਰ ਰਹੀਆਂ ਹਨ, ਜਿਸ ਦੇ ਬਾਅਦ ਇਸ ਮਾਮਲੇ 'ਚ ਉਨ੍ਹਾਂ ਨੂੰ ਕੀ ਕਰਨਾ ਹੈ, ਇਹ ਤੈਅ ਕੀਤਾ ਜਾਵੇਗਾ। ਬੋਰਡ ਨੇ ਕਿਹਾ ਕਿ ਸਾਰੀਆਂ ਕੰਪਨੀਆਂ ਨੂੰ 15 ਦਿਨਾਂ ਦੇ ਅੰਦਰ-ਅੰਦਰ ਜੁਰਮਾਨੇ ਦੀ ਰਕਮ ਦਾ ਭੁਗਤਾਨ ਕਰਨ ਲਈ ਹੁਕਮ ਜਾਰੀ ਕੀਤੇ ਗਏ ਹਨ।

REXDALE BODY SHOP
USED CAR SALE



CHEEMA
LOWEST PRICE IN TOWN
Towing Service Car Paint Starts $799*upto 100% Deductible Paid*

Specialization In:
★ All Kinds of Body Work
★ Auto Glass Windshield
★ Denting, Painting & Welding

SPECIAL PAINT JOB $779

RENTAL CAR PROVIDED



25 years of Canadian Experience
OPEN MON - SAT 9AM TO 7PM

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

Call Rick or Manminder Cheema: 416.749.9596 /416.951.6431

30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

## ਚੀਨ ਵਿੱਚ 58 ਹਜ਼ਾਰ ਤੋਂ ਵੱਧ ਨਕਲੀ ਕੋਰੋਨਾ ਵੈਕਸੀਨਾਂ ਦਾ ਭਾਂਡਾ ਭੱਜਾ



ਪੇਈਚਿੰਗ, 11 ਫਰਵਰੀ (ਪੋਸਟ ਬਿਊਰੋ)- ਚੀਨ 'ਚ 58 ਹਜ਼ਾਰ ਤੋਂ ਵੱਧ ਨਕਲੀ ਕੋਰੋਨਾ ਵੈਕਸੀਨ ਦੇ ਉਤਪਾਦਨ ਅਤੇ ਵੰਡ ਦੇ ਕਈ ਕੇਸਾਂ ਦਾ ਪੁਲਸ ਨੇ ਭਾਂਡਾ ਭੰਨਿਆ ਹੈ। ਚੀਨ ਦੇ ਪ੍ਰੌਸੀਕਿਊਟਰ ਜਨਰਲ ਦਫ਼ਤਰ ਵੱਲੋਂ ਕੱਲ੍ਹ ਜਾਰੀ ਬਿਆਨ ਦੇ ਮੁਤਾਬਕ ਕੋਂਗ ਨਾਂ ਨਾਲ ਜਾਣੇ ਗਏ ਸ਼ੱਕੀਆਂ ਦਾ ਇੱਕ ਗਰੁੱਪ ਨਕਲੀ ਵੈਕਸੀਨ ਦਾ ਉਤਪਾਦਨ ਕਰ ਕੇ ਇਸ ਦੀ ਸਮਗਲਿੰਗ 'ਚ ਸ਼ਾਮਲ ਰਿਹਾ ਹੈ। ਇਸ ਗਰੁੱਪ ਨੇ ਨਕਲੀ ਵੈਕਸੀਨ ਦੀਆਂ 600 ਡੋਜ਼ਾਂ ਪਿਛਲੇ ਸਾਲ 11 ਨਵੰਬਰ ਨੂੰ ਹਾਂਗਕਾਂਗ ਭੇਜੀਆਂ ਸਨ ਅਤੇ ਦੂਸਰੇ ਦਿਨ ਇਨ੍ਹਾਂ ਨੂੰ ਅਣਪਛਾਤੇ ਸਥਾਨਾਂ 'ਤੇ ਭੇਜ ਦਿੱਤਾ ਗਿਆ।

ਇਸੇ ਤਰ੍ਹਾਂ ਨਕਲੀ ਵੈਕਸੀਨ ਦੀਆਂ 1200 ਡੋਜ਼ਾਂ ਦੀ ਦੂਸਰੀ ਖੇਪ 12 ਨਵੰਬਰ ਨੂੰ ਹਾਂਗਕਾਂਗ ਭੇਜੀ ਗਈ ਸੀ, ਪਰ ਕੁਝ ਲੋਕਾਂ ਦੇ ਫੜੇ ਜਾਣ ਕਾਰਨ ਦੋ ਹਫ਼ਤੇ ਬਾਅਦ ਵੈਕਸੀਨ ਦੀ ਇਸ ਖੇਪ ਨੂੰ ਨਸ਼ਟ ਕਰ ਦਿੱਤਾ ਗਿਆ। ਬਿਆਨ ਮੁਤਾਬਕ ਚੀਨ ਦੀ ਪੁਲਸ ਨੇ ਨਕਲੀ ਵੈਕਸੀਨ ਨਾਲ ਸਬੰਧਤ 21 ਮਾਮਲਿਆਂ 'ਚ ਹੁਣ ਤੱਕ ਲੱਗਭਗ 70 ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਸ ਬਾਰੇ ਅਗਲੀ ਕਾਰਵਾਈ ਚੱਲ ਰਹੀ ਹੈ।

## ਰੇਡੀਓ ਹੋਸਟ ਨੇਕੀ 'ਤੇ ਹਮਲੇ ਲਈ ਗ੍ਰਿਫ਼ਤਾਰ ਵਿਅਕਤੀਆਂ ਦੇ ਨਾਂਅ ਜਨਤਕ ਕੀਤੇ ਗਏ

* ਅਗਲੀ ਸੁਣਵਾਈ 14 ਅਪ੍ਰੈਲ ਨੂੰ



ਆਕਲੈਂਡ, 11 ਫਰਵਰੀ (ਪੋਸਟ ਬਿਊਰੋ)- ਨਿਊਜ਼ੀਲੈਂਡ ਦੇ ਰੇਡੀਓ ਹੋਸਟ ਤੇ ਪੰਥਕ ਮਾਮਲਿਆਂ ਉਤੇ ਆਪਣੇ ਵਿਚਾਰਾਂ ਨਾਲ ਚਰਚਾ ਵਿੱਚ ਰਹਿਣ ਵਾਲੇ ਹਰਨੇਕ ਸਿੰਘ ਨੇਕੀ ਉਤੇ ਬੀਤੀ 23 ਦਸੰਬਰ ਨੂੰ ਵਾਟਲ ਡਾਊਨਜ਼ ਖੇਤਰ (ਮੈਨੁਰੇਵਾ) ਵਿਖੇ ਉਨ੍ਹਾਂ ਦੇ ਘਰ ਦੇ ਬਾਹਰ ਹਮਲਾ ਹੋ ਗਿਆ ਸੀ। ਉਸ ਵੇਲੇ ਉਹ ਘਰ ਪਰਤ ਰਿਹਾ ਸੀ।ਪੁਲਸ ਨੂੰ ਕਾਫ਼ੀ ਲੰਮਾ ਸਮਾਂ ਦੋਸ਼ੀਆਂ ਦੀ ਭਾਲ ਵਿੱਚ ਲੱਗਾ। ਅਖੀਰ ਪੁਲਸ ਨੇ 21 ਜਨਵਰੀ 2021 ਨੂੰ ਪੰਜ ਜਣਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਛੇਵੇਂ ਨੂੰ ਬਾਅਦ ਵਿੱਚ ਗ੍ਰਿਫ਼ਤਾਰ ਕੀਤਾ ਗਿ ਸੀ। ਇਨ੍ਹਾਂ ਦੋਸ਼ੀਆਂ ਉਤੇ ਇਰਾਦਾ ਕਤਲ ਦੇ ਦੋਸ਼ ਲਾਏ ਗਏ ਹਨ।

ਮੈਨੁਕਾਓ ਜ਼ਿਲ੍ਹਾ ਅਦਾਲਤ ਨੇ ਪਹਿਲਾਂ ਇਨ੍ਹਾਂ ਦੇ ਨਾਂ ਗੁਪਤ ਰੱਖੇ ਸਨ, ਪਰ ਕੱਲ੍ਹ ਹਾਈਕੋਰਟ ਔਕਲੈਂਡ ਵਿੱਚ ਹੋਈ ਪੇਸ਼ੀ ਦੌਰਾਨ ਇਹ ਨਾਂ ਜਨਤਕ ਕਰ ਦਿੱਤੇ ਗਏ ਸਨ। ਜੱਜ ਸਾਈਮਨ ਮੱਰੇ ਨੇ ਦਸਿਆ ਕਿ ਸਾਰੇ ਦੋਸ਼ੀਆਂ ਨੇ ਆਪਣੇ ਆਪ ਨੂੰ ਦੋਸ਼ੀ ਨਾ ਹੋਣ ਦੀ ਅਪੀਲ ਨੂੰ ਬਰਾਬਰ ਬਣਾਈ ਰੱਖੀ ਹੈ। ਬਚਾਅ ਪੱਖ ਦੇ ਵਕੀਲਾਂ ਨੇ ਸਾਂਝੇ ਰੂਪ ਵਿੱਚ ਇਸ਼ਾਰਾ ਕੀਤਾ ਕਿ ਇਹ ਲੋਕ ਆਪਣੇ ਆਪ ਨੂੰ ਦੋਸ਼ੀ ਨਹੀਂ ਮੰਨਦੇ। ਜੱਜ ਮੱਰੇ ਨੇ ਅਗਲੇ ਸਾਲ 28 ਫਰਵਰੀ 2022 ਨੂੰ ਟ੍ਰਾਇਲ ਵਾਸਤੇ ਚਾਰ ਹਫ਼ਤੇ ਦਾ ਸਮਾਂ ਮਿਥਿਆ ਹੈ। ਦੋਸ਼ੀਆਂ ਦੀ ਅਗਲੀ ਸੁਣਵਾਈ 14 ਅਪ੍ਰੈਲ ਨੂੰ ਹੋਵੇਗੀ।

# ਪੂਰਬੀ ਲੱਦਾਖ ਤੋਂ ਫੌਜਾਂ ਨੇ ਪਿੱਛੇ ਹਟਣ ਦਾ ਅਮਲ ਆਰੰਭਿਆ: ਚੀਨ



ਪੇਈਚਿੰਗ, 11 ਫਰਵਰੀ (ਪੋਸਟ ਬਿਊਰੋ)- ਚੀਨੀ ਰੱਖਿਆ ਮੰਤਰਾਲੇ ਦੇ ਬੁਲਾਰੇ ਨੇ ਕੱਲ੍ਹ ਇਥੇ ਕਿਹਾ ਕਿ ਪੂਰਬੀ ਲੱਦਾਖ ਵਿੱਚ ਪੈਂਗੋਂਗ ਝੀਲ ਦੇ ਦੱਖਣੀ ਤੇ ਉਤਰੀ ਕੰਢਿਆਂ ਤੋਂ ਚੀਨੀ ਤੇ ਭਾਰਤੀ ਫੌਜਾਂ ਨੇ ਕੱਲ੍ਹ ਤੋਂ ਪਿੱਛੇ ਹਟਣਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ ਹੈ ਕਿ ਦੋਵਾਂ ਪਾਸਿਓਂ ਤੋਂ ਫੌਜਾਂ ਇੱਕੋ ਸਮੇਂ ਤਾਲਮੇਲ ਨਾਲ ਪਿੱਛੇ ਹੱਟ ਰਹੀਆਂ ਹਨ।

ਰੱਖਿਆ ਮੰਤਰਾਲੇ ਦੇ ਬੁਲਾਰੇ ਕਰਨਲ ਵੂ ਕਿਆਨ ਵੱਲੋਂ ਜਾਰੀ ਕੀਤੇ ਬਿਆਨ ਨੂੰ ਚੀਨੀ ਮੀਡੀਆ ਨੇ ਪੇਸ਼ ਕੀਤਾ ਹੈ।ਵੂ ਨੇ ਕਿਹਾ ਕਿ ਦੋਵਾਂ ਦੇਸ਼ਾਂ ਦੇ ਫੌਜੀ ਕਮਾਂਡਰਾਂ ਵਿਚਾਲੇ ਨੌਵੇਂ ਗੇੜ ਦੀ ਗੱਲਬਾਤ ਦੌਰਾਨ ਬਣੀ ਸਹਿਮਤੀ ਅਨੁਸਾਰ ਸਰਹੱਦ ਦੇ ਨਾਲ ਬਿਲਕੁਲ ਅੱਗੇ ਤੈਨਾਤ ਯੂਨਿਟਾਂ ਨੇ ਇੱਕ ਦੂਜੇ ਤੋਂ ਦੂਰ ਹਟਣਾ ਆਰੰਭ ਕਰ ਦਿੱਤਾ ਹੈ।

ਇਸੇ ਦੌਰਾਨ ਯੂ ਐੱਨ ਸਕਿਓਰਟੀ ਕੌਂਸਲ ਵਿੱਚ ਭਾਰਤ ਨੂੰਪੱਕੀ ਸੀਟ ਮਿਲਣ ਦਾ ਵਿਰੋਧ ਕਰ ਰਹੇ ਚੀਨ ਨੇ ਕੱਲ੍ਹ ਫਿਰ ਕਿਹਾ ਕਿ ਇਸ ਲਈ 'ਇਕਮੁਸ਼ਤ ਹੱਲ' ਕੱਢਣ ਦੀ ਲੋੜ ਹੈ, ਜੋ ਸਾਰਿਆਂ ਨੂੰ ਪ੍ਰਵਾਨ ਹੋਵੇ।ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਵੈਂਗ ਵੈਨਬਿਨ ਨੇ ਬਿਆਨ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਯੂ ਐੱਨ ਸਕਿਓਰਟੀ ਕੌਂਸਲ ਨਾਲ ਜੁੜੇ ਮੁੱਦਿਆਂ 'ਤੇ ਗੱਲਬਾਤ ਹੋਈ ਹੈ। ਚੀਨੀ ਸਕਿਓਰਟੀ ਕੌਂਸਲ ਦਾ ਪੱਕਾ ਮੈਂਬਰ ਹੈ, ਜਦ ਕਿ ਭਾਰਤ ਨੇ ਪਹਿਲੀ ਜਨਵਰੀ ਤੋਂ ਗੈਰ ਸਥਾਈ ਮੈਂਬਰ ਵਜੋਂ ਆਪਣਾ ਦੋ ਸਾਲ ਦਾ ਕਾਰਜਕਾਲ ਸ਼ੁਰੂ ਕੀਤਾ ਹੈ।ਚੀਨ ਦੇ ਬੁਲਾਰੇ ਨੇ ਕਿਹਾ ਕਿ ਉਨ੍ਹਾਂ ਦਾ ਮੁਲਕ ਸਕਿਓਰਟੀ ਕੌਂਸਲ ਵਿੱਚ ਸੁਧਾਰਾਂ ਦਾ ਸਮਰਥਨ ਕਰਦਾ ਹੈ, ਪਰ ਇਹ ਅਸਰਦਾਰ ਹੋਣੇ ਚਾਹੀਦੇ ਹਨ ਤਾਂ ਕਿ ਵਿਕਾਸਸ਼ੀਲ ਮੁਲਕਾਂ ਦੀ ਕੌਂਸਲ ਦੇ ਫੈਸਲਿਆਂ ਵਿੱਚ ਨਿੱਗਰ ਭੂਮਿਕਾ ਹੋਵੇ।

## ਅਫਗਾਨਿਸਤਾਨ ਵਿੱਚ ਧਮਾਕੇ ਕਾਰਨ ਪੁਲਸ ਮੁਖੀ ਤੇ ਅੰਗ ਰੱਖਿਅਕ ਦੀ ਮੌਤ

ਕਾਬੁਲ, 11 ਫਰਵਰੀ (ਪੋਸਟ ਬਿਊਰੋ)- ਕਾਬੁਲ ਵਿੱਚਕੱਲ੍ਹ ਪੁਲਸ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਲੜੀਵਾਰ ਬੰਬ ਧਮਾਕਿਆਂ 'ਚ ਇੱਕ ਜ਼ਿਲ੍ਹਾ ਪੁਲਸ ਮੁਖੀ ਅਤੇ ਉਸ ਦੇ ਅੰਗ ਰੱਖਿਅਕਾਂ ਦੀ ਮੌਤ ਹੋ ਗਈ ਤੇ ਪੰਜ ਜਣੇ ਜ਼ਖਮੀ ਹੋ ਗਏ। ਧਮਾਕੇ ਦੀ ਕਿਸੇ ਜਥੇਬੰਦੀ ਨੇ ਜ਼ਿੰਮੇਵਾਰੀ ਨਹੀਂ ਲਈ। ਇਹ ਧਮਾਕਾ ਗੱਡੀ 'ਤੇ ਬੰਬ ਲਾ ਕੇ ਕੀਤਾ ਗਿਆ ਸੀ।

ਅਫਗਾਨਿਸਤਾਨ ਦੇ ਅਧਿਕਾਰੀਆਂ ਮੁਤਾਬਕ ਸਭ ਤੋਂ ਵੱਡਾ ਹਮਲਾ ਪੱਛਮੀ ਕਾਬੁਲ ਦੇ ਇੱਕ ਇਲਾਕੇ ਵਿੱਚ ਪੁਲਸ ਦੀ ਕਾਰ 'ਤੇ ਕੀਤਾ ਗਿਆ, ਜਿਸ ਵਿੱਚ ਪੁਲਸ ਮੁਖੀ ਮੁਹੰਮਦ ਜ਼ਈ ਕੋਚੀ ਤੇ ਉਨ੍ਹਾਂ ਦੇ ਅੰਗ ਰੱਖਿਅਕ ਦੀ ਮੌਤ ਹੋ ਗਈ। ਇਸ ਹਮਲੇ ਵਿੱਚ ਕਾਰ ਚਾਲਕ ਜ਼ਖਮੀ ਹੋ ਗਿਆ। ਕਾਬੁਲ ਪੁਲਸ ਦੇ ਬੁਲਾਰੇ ਫਿਰਦੌਸ ਫਰਮਾਰਜ਼ ਨੇ ਕਿਹਾ ਕਿ ਘਟਨਾ ਤੋਂ ਇੱਕ ਘੰਟਾ ਪਹਿਲਾਂ ਦੋ ਹੋਰ ਧਮਾਕੇ ਕੀਤੇ ਗਏ ਸਨ। ਇੱਕ ਧਮਾਕਾ ਇਸ ਥਾਂ ਤੋਂ 500 ਮੀਟਰ ਦੂਰ ਕੀਤਾ ਗਿਆ ਸੀ ਜਿੱਥੇ ਪੁਲਸ ਦੀ ਕਾਰ ਨੂੰ ਨਿਸ਼ਾਨਾ ਬਣਾਇਆ ਗਿਆ। ਇਸ 'ਚ ਚਾਰ ਜਣੇ ਜ਼ਖਮੀ ਹੋ ਗਏ। ਕਾਬੁਲ ਵਿੱਚ ਇੱਕ ਹੋਰ ਥਾਂ 'ਤੇ ਵੀ ਧਮਾਕਾ ਕੀਤਾ ਗਿਆ, ਪਰ ਇਸ ਵਿੱਚ ਕੋਈ ਜ਼ਖਮੀ ਨਹੀਂ ਹੋਇਆ।

ਜ਼ਿਕਰਯੋਗ ਹੈ ਕਿ ਅਫਗਾਨਿਸਤਾਨ 'ਚ ਧਮਾਕਿਆਂ, ਕਤਲਾਂ ਤੇ ਹਿੰਸਾ ਦੀਆਂ ਘਟਨਾਵਾਂ 'ਚ ਵਾਧਾ ਹੋਇਆ ਹੈ ਜਿਸ ਕਾਰਨ ਤਾਲਿਬਾਨ ਤੇ ਅਫਗਾਨਿਸਤਾਨ ਸਰਕਾਰ ਵਿਚਾਲੇ ਕਤਰ ਵਿੱਚ ਚੱਲ ਰਹੀ ਸ਼ਾਂਤੀ ਵਾਰਤਾ ਵੀ ਰੁਕ ਗਈ ਹੈ।

## ਪੀ ਡੀ ਐਮ ਦੀ ਰੈਲੀ ਵਿੱਚ ਇਮਰਾਨ ਖ਼ਾਨ ਨੂੰ ਚੋਰ, ਲੁਟੇਰਾ ਤੇ ਭ੍ਰਿਸ਼ਟ ਦੱਸਿਆ ਗਿਆ



ਲਾਹੌਰ, 11 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਇਮਰਾਨ ਸਰਕਾਰ ਨੂੰ ਸੱਤਾ ਤੋਂ ਹਟਾਉਣ ਦੀਆਂ ਕੋਸ਼ਿਸ਼ਾਂ ਦੇ ਹਿੱਸੇ ਵਜੋਂ ਪਾਕਿਸਤਾਨ ਡੈਮੋਕ੍ਰੈਟਿਕ ਮੂਵਮੈਂਟ ਵੱਲੋਂ ਹੈਦਰਾਬਾਦ 'ਚ ਕੀਤੀ ਗਈ ਰੈਲੀ 'ਚ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਚੋਰ, ਲੁਟੇਰਾ ਤੇ ਭ੍ਰਿਸ਼ਟ ਤੱਕ ਕਿਹਾ ਹੈ। ਇਸ ਦੌਰਾਨ ਨੈਸ਼ਨਲ ਪਾਰਟੀ ਨੇ ਸੰਬੋਧਨ ਦੌਰਾਨ ਬਲੋਚਿਸਤਾਨ 'ਚ ਪਾਕਿ ਸਮੇਤ ਚੀਨ ਦੀ ਕਾਰਗੁਜ਼ਾਰੀ ਨੂੰ ਸਭ ਦੇ ਸਾਹਮਣੇ ਰੱਖਿਆ ਅਤੇ ਨਾਲ ਹੀ ਪਾਕਿਸਤਾਨੀ ਫੌਜ ਨੂੰ ਵੀ ਵਾਪਸ ਬੈਰਕਾਂ 'ਚ ਪਰਤਣ ਦੀ ਨਸੀਹਤ ਦਿੱਤੀ ਹੈ। ਵਿਰੋਧੀ ਪਾਰਟੀਆਂ ਦੀ ਇਸ ਸਾਂਝੀ ਰੈਲੀ 'ਚ ਸ਼ਾਮਲ ਪਾਕਿਸਤਾਨ ਪੀਪਲਜ਼ ਪਾਰਟੀ ਦੇ ਪ੍ਰਧਾਨ ਬਿਲਾਵਲ ਭੁੱਟੋ ਜ਼ਰਦਾਰੀ ਨੇ ਇਮਰਾਨ ਖ਼ਾਨ 'ਤੇ ਨਿਸ਼ਾਨਾ ਕਸਦਿਆਂ ਕਿਹਾ ਕਿ ਉਨ੍ਹਾਂ ਨੇ ਸੱਤਾ 'ਚ ਆਉਣ ਤੋਂ ਪਹਿਲਾਂ ਦੇਸ਼ ਨਾਲ 'ਨਵੇਂ ਪਾਕਿਸਤਾਨ' ਦਾ ਵਾਅਦਾ ਕੀਤਾ ਸੀ, ਪਰ ਲੋਕਾਂ ਨੂੰ 'ਮਹਿੰਗਾ ਪਾਕਿਸਤਾਨ' ਮਿਲਿਆ ਹੈ। ਰੈਲੀ 'ਚ ਸ਼ਾਮਲ ਪੀ ਡੀ ਐਮ ਦੇ ਪ੍ਰਧਾਨ ਮੌਲਾਨਾ ਫਜ਼ਲੂਰ ਰਹਿਮਾਨ ਨੇ ਕਿਹਾ ਕਿ ਸਰਕਾਰ ਵਿਰੋਧੀ ਇਸ ਲਹਿਰ 'ਚ ਸ਼ਾਮਲ ਲੋਕ ਉਦੋਂ ਤੱਕ ਚੁੱਪ ਨਹੀਂ ਬੈਠਣਗੇ, ਜਦੋਂ ਤੱਕ ਉਹ ਇਹ ਸਰਕਾਰ ਸੱਤਾ ਤੋਂ ਨਹੀਂ ਹਟਾ ਲੈਂਦੇ। ਜਮੀਅਤ ਉਲੇਮਾ-ਏ-ਪਾਕਿਸਤਾਨ ਦੇ ਨੇਤਾ ਓਵੈਸ ਨੂਰਾਨੀ ਨੇ ਕਿਹਾ ਕਿ ਪਾਕਿਸਤਾਨੀ ਫੌਜ ਦਾ ਕਹਿਣਾ ਹੈ ਕਿ ਉਸ ਨੂੰ ਰਾਜਨੀਤੀ 'ਚ ਨਹੀਂ ਖਿੱਚਣਾ ਚਾਹੀਦਾ, ਪਰ ਅਸੀਂ ਫ਼ੌਜ ਨੂੰ ਰਾਜਨੀਤੀ 'ਚ ਨਹੀਂ ਲਿਆਏ। ਇਨ੍ਹਾਂ ਤੋਂ ਇਲਾਵਾ ਬਲੋਚ ਨੇਤਾ ਅਤੇ ਨੈਸ਼ਨਲ ਪਾਰਟੀ ਦੇ ਪ੍ਰਧਾਨ ਡਾ. ਅਬਦੁਲ ਮਲਿਕ ਬਲੋਚ ਨੇ ਇਮਰਾਨ ਸਰਕਾਰ 'ਤੇ ਹਮਲਾ ਬੋਲਦਿਆਂ ਕਿਹਾ ਕਿ ਇਸ ਸਮੇਂ ਬਲੋਚਿਸਤਾਨ ਅਤੇ ਸਿੰਧ ਦੇ 55 ਫ਼ੀਸਦੀ ਹਿੱਸੇ 'ਤੇ ਚੀਨ ਅਤੇ 48 ਫ਼ੀਸਦੀ 'ਤੇ ਕੇਂਦਰ ਸਰਕਾਰ ਦਾ ਕਬਜ਼ਾ ਹੈ।

## ਅਮਰੀਕੀ ਫੌਜੀ ਵੱਲੋਂ ਲੁੱਟੀ ਹਿਟਲਰ ਦੀ ਟਾਇਲੇਟ ਸੀਟ 19 ਹਜ਼ਾਰ ਡਾਲਰ ਦੀ ਵਿਕੀ



ਬਰਲਿਨ, 11 ਫਰਵਰੀ (ਪੋਸਟ ਬਿਊਰੋ)- ਜਰਮਨੀ ਦੇ ਵਿਵਾਦ ਗ੍ਰਸਤ ਤਾਨਾਸ਼ਾਹ ਐਡੋਲਫ ਹਿਟਲਰ ਦੇ ਘਰੋਂ ਲੁੱਟੇ ਗਏ ਸਾਮਾਨ ਨੂੰ ਇੱਕ ਅਮਰੀਕਨ ਪਰਵਾਰ ਵੇਚ ਰਿਹਾ ਹੈ। ਇਨ੍ਹਾਂ ਵਿੱਚ ਸਭ ਤੋਂ ਜ਼ਿਆਦਾ ਹਿਟਲਰ ਦੀ ਨਿੱਜੀ ਟਾਇਲੇਟ ਸੀਟ ਸੁਰਖੀਆਂ ਵਿੱਚ ਆਈ ਹੈ। ਹਿਟਲਰ ਦੀ ਟਾਇਲੇਟ ਸੀਟ ਦੀ ਬਿਡਿੰਗ ਪ੍ਰਾਈਸ ਪੰਜ ਹਜ਼ਾਰ ਡਾਲਰ ਤੋਂ ਸ਼ੁਰੂ ਹੋਈ ਅਤੇ ਆਸ ਕੀਤੀ ਜਾ ਰਹੀ ਸੀ ਕਿ ਇਸ ਦੀ ਕੀਮਤ 15 ਹਜ਼ਾਰ ਡਾਲਰ ਤੱਕ ਜਾ ਸਕਦੀ ਹੈ, ਪਰ ਇਹ 19 ਹਜ਼ਾਰ ਡਾਲਰ ਵਿੱਚ ਨੀਲਾਮ ਹੋਣ ਨਾਲ ਇਹ ਪਰਵਾਰ ਕਾਫੀ ਖੁਸ਼ ਹੈ।

ਵਰਨਣ ਯੋਗ ਹੈ ਕਿ ਹਿਟਲਰ ਦੇ ਘਰ 'ਚੋਂ ਇੱਕ ਅਮਰੀਕੀ ਫੌਜੀ ਨੇ ਉਸ ਦੀ ਇਹ ਟਾਇਲੇਟ ਸੀਟ ਲੁੱਟੀ ਸੀ। ਰੈਗਨਵਾਲਡ ਬੋਰਚ ਨਾਂਅ ਦੇ ਇਸ ਅਮਰੀਕੀ ਫੌਜੀ ਨੂੰ ਜਰਮਨ ਅਤੇ ਫਰੈਂਚ ਭਾਸ਼ਾ ਆਉਂਦੀ ਸੀ। ਇਸੇ ਕਾਰਨ ਇਸ ਨੂੰ ਦੂਸਰੇ ਫੌਜੀਆਂ ਤੋਂ ਸੀਨੀਆਰਤਾ ਮਿਲ ਗਈ ਸੀ। ਇਸ ਫੌਜੀ ਨੂੰ ਸੀਨੀਅਰ ਅਫਸਰਾਂ ਤੋਂ ਹੁਕਮ ਮਿਲਿਆ ਸੀ ਕਿ ਉਹ ਹਿਟਲਰ ਦੇ ਘਰ ਬਰਗਹੋਫ ਤੋਂ ਜੋ ਵੀ ਚੀਜ਼ਾਂ ਲਿਆ ਸਕਦਾ ਹੈ, ਉਹ ਲੈ ਆਏ। ਇਸ ਦੇ ਬਾਅਦ ਇਹ ਸ਼ਖਸ ਹਿਲਟਰ ਦੀ ਪਰਸਨਲ ਟਾਇਲੈਟ ਸੀਟ ਵੀ ਲੈ ਆਇਆ

## ਅਮਰੀਕਾ ਤੇ ਤਾਲਿਬਾਨ ਵਿਚਾਲੇ ਸਮਝੌਤੇ ਦਾ ਸ਼ਾਂਤੀ ਨਾਲ ਕੋਈ ਸਬੰਧ ਨਹੀਂ: ਹੱਕਾਨੀ



ਵਾਸ਼ਿੰਗਟਨ, 11 ਫਰਵਰੀ (ਪੋਸਟ ਬਿਊਰੋ)- ਅਮਰੀਕਾ ਵਿੱਚ ਪਾਕਿਸਤਾਨ ਦੇ ਇੱਕ ਸਾਬਕਾ ਡਿਪਲੋਮੈਟ ਹੁਸੈਨ ਹੱਕਾਨੀ ਨੇ ਕਿਹਾ ਹੈ ਕਿ ਅਮਰੀਕਾ ਅਤੇ ਤਾਲਿਬਾਨ ਵਿਚਾਲੇ ਹੋਏ ਸਮਝੌਤੇ ਦਾ ਸ਼ਾਂਤੀ ਨਾਲ ਕੋਈ ਸਬੰਧ ਨਹੀਂ ਤੇ ਇਹ ਮੂਲ ਰੂਪ 'ਚ ਜੰਗ ਨਾਲ ਪੀੜਤ ਅਫਗਾਨਿਸਤਾਨ ਤੋਂ ਅਮਰੀਕੀ ਫੌਜ ਦੀ ਵਾਪਸੀ ਦਾ ਸਮਝੌਤਾ ਹੈ।

ਥਿੰਕ ਟੈਂਕ 'ਹਡਸਨ ਇੰਸਟੀਚਿਊਟ'ਵੱਲੋਂ 'ਅਫਗਾਨ ਸ਼ਾਂਤੀ ਪ੍ਰਕਿਰਿਆ; ਪ੍ਰਗਤੀ ਜਾਂ ਸੰਕਟ?' ਵਾਲੇ ਵਿਸ਼ੇ 'ਤੇ ਆਨਲਾਈਨ ਕਰਵਾਏ ਸਮਾਰੋਹ ਵਿੱਚ ਹੁਸੈਨ ਹੱਕਾਨੀ ਨੇ ਕਿਹਾ, 'ਮੈਂ ਅਮਰੀਕਾ ਤੇ ਤਾਲਿਬਾਨ ਵਿਚਾਲੇ ਸਮਝੌਤੇ ਦਾ ਲੰਮੇ ਸਮੇਂ ਤੋਂ ਆਲੋਚਕ ਹਾਂ। ਮੇਰਾ ਮੰਨਣਾ ਹੈ ਕਿ ਇਸ ਸਮਝੌਤੇ ਦਾ ਸ਼ਾਂਤੀ ਨਾਲ ਕੋਈ ਲੈਣਾ-ਦੇਣਾ ਨਹੀਂ ਤੇ ਇਹ ਸੁਰੱਖਿਆ ਫੋਰਸਾਂ ਦੀ ਵਾਪਸੀ ਦਾ ਸਮਝੌਤਾ ਹੈ। ਤਾਲਿਬਾਨ ਨੂੰ ਕੇਵਲ ਇੱਕ ਚੀਜ਼ ਦੀ ਵਚਨਬੱਧਤਾ ਜਾਹਰ ਕਰਨ ਨੂੰ ਕਿਹਾ ਗਿਆ ਹੈ ਉਹ ਆਖਰ-ਅਫਗਾਨ ਵਾਰਤਾ ਕਰਨਗੇ, ਨਾ ਕਿ ਉਹ ਸ਼ਾਂਤੀ ਲਈ ਸਹਿਮਤ ਹੋਣਗੇ।'

ਵਰਨਣ ਯੋਗ ਹੈ ਕਿ ਡੋਨਾਲਡ ਟਰੰਪ ਦੀ ਸਰਕਾਰ ਨੇ ਪਿਛਲੇ ਸਾਲ ਫਰਵਰੀ ਵਿੱਚ ਤਾਲਿਬਾਨ ਨਾਲ ਸਮਝੌਤਾ ਕੀਤਾ ਸੀ, ਜਿਸ ਵਿੱਚ ਅੱਤਵਾਦੀ ਗਰੁੱਪਾਂ ਵੱਲੋਂ ਸੁਰੱਖਿਆ ਦੀ ਗਾਰੰਟੀ ਬਦਲੇ ਅਫਗਾਨਿਸਤਾਨ 'ਚੋਂ ਅਮਰੀਕੀ ਫੌਜ ਦੀ ਵਾਪਸੀ ਦੀ ਯੋਜਨਾ ਬਣਾਈ ਗਈ ਸੀ। ਹੱਕਾਨੀ ਨੇ ਕਿਹਾ ਕਿ ਤਾਲਿਬਾਨ ਦੀ ਸ਼ਾਂਤੀ ਦੇ ਅਰਥ ਅਮਰੀਕਾ ਦੇ ਅਰਥਾਂ ਤੋਂ ਬਹੁਤ ਅਲੱਗ ਹਨ। ਹਡਸਨ ਇੰਸਟੀਚਿਊਟ ਵਿੱਚ ਦੱਖਣੀ ਤੇ ਮੱਧ ਏਸ਼ੀਆ ਮਾਮਲਿਆਂ ਦੇ ਨਿਰਦੇਸ਼ਕ ਹੱਕਾਨੀ ਨੇ ਕਿਹਾ, 'ਤਾਲਿਬਾਨ ਦਾ ਮੰਨਣਾ ਹੈ ਕਿ ਜਦ ਉਸ ਦੇ ਇਸਲਾਮੀ ਰਾਜ ਦੀ ਸਥਾਪਨਾ ਹੋ ਜਾਏਗੀ, ਤਦ ਸ਼ਾਂਤੀ ਸਥਾਪਤ ਹੋਵੇਗੀ।'

## 95 ਸਾਲ ਦੀ ਔਰਤ 'ਤੇ 10 ਹਜ਼ਾਰ ਤੋਂ ਵੱਧ ਲੋਕਾਂ ਦੀ ਹੱਤਿਆ ਵਿੱਚ ਮਦਦ ਕਰਨ ਦੇ ਦੋਸ਼

ਜਰਮਨੀ, 11 ਫਰਵਰੀ (ਪੋਸਟ ਬਿਊਰੋ)- ਇਸ ਦੇਸ਼ ਦੇਵਕੀਲਾਂ ਨੇ ਇੱਕ 95 ਸਾਲਾ ਔਰਤ 'ਤੇ 10 ਹਜ਼ਾਰ ਤੋਂ ਜ਼ਿਆਦਾ ਲੋਕਾਂ ਦੀ ਹੱਤਿਆ 'ਚ ਮਦਦ ਕਰਨ ਦਾ ਦੋਸ਼ ਲਾਇਆ ਹੈ। ਇਹ ਔਰਤ ਨਾਜੀ ਟਾਰਚਰ ਕੈਂਪ ਵਿੱਚ ਸੈਕਟਰੀ ਵਜੋਂ ਕੰਮ ਕਰਦੀ ਸੀ ਅਤੇ ਉਹ ਦੂਸਰੀ ਵਿਸ਼ਵ ਜੰਗ ਸਮੇਂ ਸਾਲ 1943 ਤੋਂ 1945 ਵਿਚਾਲੇ ਨਾਜੀਆਂ ਦੇ ਕਬਜ਼ੇ ਵਾਲੇ ਪੋਲੈਂਡ ਦੇ ਸਟਟਥਾਫ ਕੈਂਪ 'ਚ ਤੈਨਾਤ ਸੀ। ਵਕੀਲਾਂ ਨੇ ਔਰਤ ਦਾ ਨਾਂਅ ਨਹੀਂ ਸੀ ਦੱਸਿਆ, ਪਰ ਸਥਾਨਕ ਮੀਡੀਆ ਰਿਪੋਰਟ ਵਿੱਚ ਔਰਤ ਦਾ ਨਾਂਅ ਈਰਮਗਾਰਡ ਐਫ. ਦੱਸਿਆ ਗਿਆ ਹੈ।

ਇਹ ਔਰਤ ਇਸ ਸਮੇਂ ਜਰਮਨੀ ਦੇ ਹੈਮਬਰਗ 'ਚ ਬਜ਼ੁਰਗਾਂ ਦੇ ਕੇਅਰ-ਹੋਮ ਵਿੱਚ ਰਹਿੰਦੀ ਹੈ। ਉਸ ਦੇ ਖਿਲਾਫ ਕੇਸ ਦਰਜ ਹੋਣ ਪਿੱਛੋਂ ਇੱਕ ਬਿਆਨ ਵਿੱਚ ਵਕੀਲਾਂ ਨੇ ਕਿਹਾ ਹੈ ਕਿ ਔਰਤ 'ਤੇ ਯਹੂਦੀ ਕੈਦੀਆਂ, ਪੋਲਿਸ਼ ਕੱਟੜਪੰਥੀਆਂ ਅਤੇ ਸੋਵੀਅਤ ਰੂਸ ਦੇ ਜੰਗ ਬੰਦੀਆਂ ਦੀ ਹੱਤਿਆ ਕਰਨ 'ਚ ਮਦਦ ਕਰਨ ਦਾ ਦੋਸ਼ ਹੈ। ਇਨ੍ਹਾਂ ਅਪਰਾਧਾਂ ਦੇ ਸਮੇਂ ਔਰਤ ਨਬਾਲਗ ਸੀ, ਇਸ ਲਈ ਕੇਸ ਦੀ ਸੁਣਵਾਈ ਜੁਵੇਨਾਈਲ ਕੋਰਟ ਵਿੱਚ ਹੋਵੇਗੀ।ਵਕੀਲਾਂ ਦੇ ਬੁਲਾਰੇ ਪੀਟਰ ਮਿਊਲਰ ਰਾਕਾ ਨੇ ਕਿਹਾ ਕਿ ਕੈਂਪ ਦੀ ਹਾਲਤ ਬੁਰੀ ਹੋਣ ਤੋਂ ਬਾਅਦ ਵੀ ਕੁਝ ਲੋਕ ਬਚ ਗਏ ਸਨ। ਇਨ੍ਹਾਂ ਵਿੱਚੋਂ ਕਈਆਂ ਦੇ ਕਤਲ ਦੀ ਕੋਸ਼ਿਸ਼ ਹੋਈ ਸੀ, ਜਿਸ ਦਾ ਮੁਲਾਂਕਣ ਕੀਤਾ ਗਿਆ ਹੈ। ਜਾਂਚ ਕਰਤਾ ਇਸ ਕੇਸ ਦੀ ਵੱਡੀ ਪੱਧਰ 'ਤੇ ਜਾਂਚ ਕਰਨਗੇ। ਉਹ ਉਨ੍ਹਾਂ ਪੀੜਤਾਂ ਨਾਲ ਵੀ ਗੱਲ ਕਰਨਗੇ, ਜੋ ਇਸ ਸਮੇਂ ਅਮਰੀਕਾ ਤੇ ਇਜ਼ਰਾਈਲ ਵਿੱਚ ਰਹਿ ਰਹੇ ਹਨ। ਇਸ ਜਾਂਚ ਵਿੱਚ ਇਤਿਹਾਸਕਾਰਾਂ ਦੀ ਮਦਦ ਲਈ ਜਾ ਰਹੀ ਹੈ।

## ਲੜਕੇ ਨੇ 54 ਚੁੰਬਕ ਨਿਗਲੇ, ਛੇ ਘੰਟੇ ਦੇ ਆਪ੍ਰੇਸ਼ਨ ਨੇ ਜਾਨ ਬਚਾਈ

ਲੰਡਨ, 11 ਫਰਵਰੀ (ਪੋਸਟ ਬਿਊਰੋ)- ਯੂ ਕੇ ਵਿੱਚ ਇੱਕ 12 ਸਾਲ ਦੇ ਲੜਕੇ ਨੇ 54 ਚੁੰਬਕ ਨਿਗਲ ਲਏ ਅਤੇ ਛੇ ਘੰਟੇ ਦੀ ਸਰਜਰੀ ਤੋਂ ਬਾਅਦ ਡਾਕਟਰਾਂ ਨੇ ਉਸ ਦੀ ਜਾਨ ਬਚਾਈ ਹੈ। 12 ਸਾਲ ਦੇ ਰਾਈਲੀ ਮੌਰੀਸਨ ਨੇ ਇੱਕ ਤਜਰਬੇ ਵਜੋਂ ਅਜਿਹਾ ਕੀਤਾ ਸੀ। ਉਹ ਇਹ ਜਾਨਣਾ ਚਾਹੁੰਦਾ ਸੀ ਕਿ ਕੀ ਚੁੰਬਕ ਨੂੰ ਨਿਗਲਣ ਤੋਂ ਬਾਅਦ ਸਰੀਰ ਦੇ ਅੰਦਰ ਚੁੰਬਕੀ ਸ਼ਕਤੀ ਆਵੇਗੀ ਅਤੇ ਕੀ ਕੋਈ ਧਾਤ ਉਸ ਦੇ ਸਰੀਰ ਨਾਲ ਚਿਪਕਦੀ ਹੈ ਜਾਂ ਨਹੀਂ। ਉਹ ਇਹ ਵੀ ਜਾਨਣਾ ਚਾਹੁੰਦਾ ਸੀ ਕਿ ਟਾਇਲੇਟ ਵਿੱਚੋਂ ਗੋਲੀਆਂ ਕਿਵੇਂ ਕੱਢੀਆਂ ਜਾਣਗੀਆਂ।

ਰਿਪੋਰਟ ਅਨੁਸਾਰ 1 ਜਨਵਰੀ ਨੂੰ ਰਾਈਲੀ ਮੌਰੀਸਨ ਨੇ ਪਹਿਲੀ ਵਾਰ ਚੁੰਬਕ ਦੀਆਂ ਗੋਲੀਆਂ ਨਿਗਲੀਆਂ ਸਨ। ਫੇਰ ਉਸ ਨੇ 4 ਜਨਵਰੀ ਨੂੰ ਕੁਝ ਹੋਰ ਗੋਲੀਆਂ ਨਿਗਲ ਲਈਆਂ, ਪਰ ਇਸ ਦਾ ਕੋਈ ਅਸਰ ਨਹੀਂ ਹੋਇਆ ਅਤੇ ਕੋਈ ਚੁੰਬਕੀ ਗੁਣ ਨਹੀਂ ਆਏ ਤਾਂ ਉਸ ਨੇ ਆਪਣੀ 30 ਸਾਲਾ ਮਾਂ ਪੈਗੇ ਵਾਰਡ ਨੂੰ ਦਸਿਆ ਕਿ ਉਸ ਨੇ ਦੋ ਚੁੰਬਕੀ ਗੋਲੀਆਂ ਨਿਗਲੀਆਂ ਹਨ। ਇਸ ਤੋਂ ਬਾਅਦ ਉਸ ਨੂੰ ਹਸਪਤਾਲ ਪਹੁੰਚਾਇਆ ਗਿਆ ਅਤੇ ਐਕਸਰੇ ਰਿਪੋਰਟ ਤੋਂ ਡਾਕਟਰ ਹੈਰਾਨ ਰਹਿ ਗਏ, ਕਿਉਂਕਿ ਉਸ ਦੇ ਢਿੱਡ ਵਿੱਚ ਬਹੁਤ ਸਾਰੀਆਂ ਗੋਲੀਆਂ ਸਨ। ਡਾਕਟਰਾਂ ਨੇ ਕਿਹਾ ਕਿ ਉਨ੍ਹਾਂ ਨੂੰ 5 ਤੋਂ 30 ਗੋਲੀਆਂ ਦਾ ਅਨੁਮਾਨ ਸੀ, ਪਰ ਛੇ ਘੰਟਿਆਂ ਦੀ ਸਰਜਰੀ ਤੋਂ ਬਾਅਦ ਡਾਕਟਰਾਂ ਨੇ 54 ਚੁੰਬਕ ਦੀਆਂ ਗੋਲੀਆਂ ਕੱਢੀਆਂ, ਭਾਵੇਂ ਰਾਈਲੀ ਮੌਰੀਸਨ ਦੀ ਜਾਨ ਬਚ ਗਈ ਹੈ, ਪਰ ਅਜਿਹੀਆਂ ਖੋਜਾਂ ਜਾਨਲੇਵਾ ਸਾਬਤ ਹੋ ਸਕਦੀਆਂ ਹਨ।

## ਬਰਤਾਨੀਆ ਨੇ ਖੇਤੀਬਾੜੀ ਕਾਨੂੰਨ ਭਾਰਤ ਦਾ ਅੰਦਰੂਨੀ ਮਾਮਲਾ ਕਿਹਾ



ਲੰਡਨ, 11 ਫਰਵਰੀ (ਪੋਸਟ ਬਿਊਰੋ)- ਬ੍ਰਿਟਿਸ਼ ਪਾਰਲੀਮੈਂਟ ਵਿੱਚ ਇੱਕ ਲਿਖਤੀ ਪੁੱਛੇ ਸਵਾਲ ਦੇ ਜਵਾਬ ਵਿੱਚ ਬ੍ਰਿਟਿਸ਼ ਵਿਦੇਸ਼ ਦਫਤਰ ਦੇ ਏਸ਼ੀਆਈ ਮਾਮਲਿਆਂ ਦੇ ਮੰਤਰੀ ਨਾਈਜਲ ਐਡਮਜ਼ ਨੇ ਕਿਹਾ ਕਿ ਅਸੀਂ ਭਾਰਤ ਅਤੇ ਯੂ ਕੇ ਵਿੱਚ ਚਿੰਤਾਵਾਂ ਤੋਂ ਜਾਣੂ ਹਾਂ ਕਿ ਇਹ ਸੁਧਾਰ ਕਿਸਾਨ ਭਾਈਚਾਰੇ ਨੂੰ ਕਿਵੇਂ ਪ੍ਰਭਾਵਤ ਕਰ ਸਕਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਖੇਤੀਬਾੜੀ ਸੁਧਾਰ ਭਾਰਤੀ ਅਧਿਕਾਰੀਆਂ ਲਈ ਘਰੇਲੂ ਨੀਤੀ ਦਾ ਮੁੱਦਾ ਹੈ।

26 ਜਨਵਰੀ ਨੂੰ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਬਾਰੇ ਪੁੱਛੇ ਜਾਣ 'ਤੇ ਨਾਈਜਲ ਐਡਮਜ਼ ਨੇ ਕਿਹਾ ਕਿ ਕਾਨੂੰਨੀ ਤੌਰ 'ਤੇ ਇਕੱਠੇ ਹੋਣ ਅਤੇ ਪਹੁੰਚ ਦਿਖਾਉਣ ਦਾ ਅਧਿਕਾਰ ਸਾਰੇ ਲੋਕਤੰਤਰਾਂ ਲਈ ਆਮ ਗੱਲ ਹੈ, ਜੇ ਵਿਰੋਧ ਪ੍ਰਦਰਸ਼ਨ ਕਾਨੂੰਨੀ ਹੱਦਾਂ ਦੀ ਉਲੰਘਣਾ ਕਰਦੇ ਹਨ ਤਾਂ ਸਰਕਾਰਾਂ ਕੋਲ ਕਾਨੂੰਨ ਵਿਵਸਥਾ ਲਾਗੂ ਕਰਨ ਦੀ ਸ਼ਕਤੀ ਹੁੰਦੀ ਹੈ। ਇਸ ਤੋਂ ਪਹਿਲਾਂ ਵੀ ਬਰਤਾਨਵੀ ਸਰਕਾਰ ਨੂੰ ਕਿਸਾਨ ਅੰਦੋਲਨਬਾਰੇ ਸਵਾਲ ਕੀਤੇ ਗਏ ਸਨ, ਪਰ ਹਰ ਵਾਰ ਉਸ ਨੇ ਇਸ ਨੂੰ ਭਾਰਤ ਦਾ ਅੰਦਰੂਨੀ ਮਾਮਲਾ ਦੱਸ ਕੇ ਆਪਣੇ ਆਪ ਨੂੰ ਵੱਖ ਕਰਨ ਦੀ ਕੋਸ਼ਿਸ਼ ਕੀਤੀ ਸੀ। ਮੰਨਿਆ ਜਾਂਦਾ ਹੈ ਕਿ ਭਾਰਤ ਸਰਕਾਰ ਨਾਲ ਦੋਸਤਾਨਾ ਸਬੰਧ ਬਣਾਈ ਰੱਖਣ ਲਈ ਬ੍ਰਿਟਿਸ਼ ਸਰਕਾਰ ਯਤਨਸ਼ੀ ਹੈ। ਭਾਰਤ ਨੇ ਇਸ ਵਾਰ ਗਣਤੰਤਰ ਦਿਵਸ ਮੌਕੇ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੂੰ ਮੁੱਖ ਮਹਿਮਾਨ ਵਜੋਂ ਸੱਦਾ ਦਿੱਤਾ ਸੀ, ਪਰ ਕੋਰੋਨਾ ਕਰ ਕੇ ਉਨ੍ਹਾਂ ਨੂੰ ਆਪਣੀ ਯਾਤਰਾ ਰੱਦ ਕਰਨੀ ਪਈ ਸੀ। ਵਰਨਣ ਯੋਗ ਹੈ ਕਿ ਲੇਬਰ ਪਾਰਟੀ ਦੇ ਐਮ ਪੀ ਤਨਮਨਜੀਤ ਸਿੰਘ ਢੇਸੀ ਦੀ ਅਗਵਾਈ ਹੇਠ 36 ਬਰਤਾਨਵੀ ਪਾਰਲੀਮੈਂਟ ਮੈਂਬਰਾਂ ਅਤੇ ਬਾਅਦ ਵਿੱਚ 100 ਪਾਰਲੀਮੈਂਟਮੈਂਬਰਾਂ ਨੇ ਕਿਸਾਨ ਅੰਦੋਲਨ ਦੇ ਸਮਰਥਨ ਵਿੱਚ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੂੰ ਪੱਤਰ ਲਿਖਿਆ ਸੀ। ਇਸ ਪੱਤਰ ਵਿੱਚ ਸੰਸਦ ਮੈਂਬਰਾਂ ਨੇ ਪੰਜਾਬ ਦੇ ਸਿੱਖ ਕਿਸਾਨਾਂ ਬਾਰੇ ਭਾਰਤ ਸਰਕਾਰ ਨਾਲ ਗੱਲਬਾਤ ਕਰਨ ਲਈ ਕਿਹਾ ਸੀ।

## ਦਿਲੀਪ ਕੁਮਾਰ ਦੇ ਜੱਦੀ ਮਕਾਨ ਨੂੰ ਮਾਲਕ ਵੱਲੋਂ ਸਰਕਾਰੀ ਮੁੱਲ ਉਤੇ ਵੇਚਣ ਤੋਂ ਇਨਕਾਰ

ਪਿਸ਼ਾਵਰ, 11 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਖੈਬਰ ਪਖਤੂਨਖਵਾ ਸੂਬੇ ਵਿੱਚ ਮਹਾਨ ਅਭਿਨੇਤਾ ਦਿਲੀਪ ਕੁਮਾਰ ਦੇ ਜੱਦੀ ਮਕਾਨ ਦੇ ਮਾਲਕ ਨੇ ਸਰਕਾਰ ਵੱਲੋਂ ਤੈਅ ਕੀਮਤ 'ਤੇ ਨੂੰ ਵੇਚਣ ਤੋਂ ਸਿਰ ਫੇਰ ਦਿੱਤਾ ਤੇ ਕਿਹਾ ਕਿ ਉਹ ਇਸ ਜਾਇਦਾਦ ਦੇ 25 ਕਰੋੜ ਰੁਪਏ ਦੀ ਮੰਗ ਰੱਖੇਗਾ, ਪ੍ਰਸ਼ਾਸਨ ਨੇ ਬਹੁਤ ਘੱਟ ਕੀਮਤ ਲਾਈ ਹੈ।

ਸੂਬਾ ਸਰਕਾਰ ਨੇ ਪਿਸ਼ਾਵਰ ਵਿੱਚ ਚਾਰ ਮਰਲਾ ਯਾਨੀ 101 ਵਰਗਮੀਟਰ ਦੇ ਇਸ ਮਕਾਨ ਦੀ ਕੀਮਤ 80.56 ਲੱਖ ਰੁਪਏ ਲਾਈ ਸੀ। ਮਕਾਨ ਮਾਲਕ ਹਾਜ਼ੀ ਲਾਲ ਮੁਹੰਮਦ ਨੇ ਕਿਹਾ ਕਿ ਜਦ ਉਸ ਨਾਲ ਪਿਸ਼ਾਵਰ ਪ੍ਰਸ਼ਾਸਨ ਦੇ ਨਾਲ ਸੰਪਰਕ ਕਰੇਗਾ ਅਤੇ ਇਸ ਜਾਇਦਾਦ ਦੇ 25 ਕਰੋੜ ਰੁਪਏ ਮੰਗੇਗਾ। ਉਸ ਨੇ ਕਿਹਾ ਕਿ ਉਸ ਨੇ 2005 ਵਿੱਚ ਸਾਰੀ ਕਾਰਵਾਈ ਪੂਰੀ ਕਰਕੇ 51 ਲੱਖ ਰੁਪਏ ਇਹ ਜਾਇਦਾਦ ਖਰੀਦੀ ਸੀ ਤੇ ਉਸ ਦੇ ਕੋਲ ਮਕਾਨ ਦੇ ਸਾਰੇ ਦਸਤਾਵੇਜ਼ ਹਨ। ਉਸ ਨੇ ਕਿਹਾ ਕਿ 16 ਸਾਲ ਬਾਅਦ ਇਸ ਜਾਇਦਾਦ ਦੀ ਕੀਮਤ ਸਿਰਫ 80.56 ਲੱਖ ਰੁਪਏ ਤੈਅ ਕਰਨਾ ਸਰਕਾਰ ਦੇ ਲਈ ਠੀਕ ਨਹੀਂ। ਮੁਹੰਮਦ ਨੇ ਕਿਹਾ ਕਿ ਮੁਹੱਲਾ ਖੁਦਾਬਾਦ ਕਿੱਸਾ ਖਵਾਨੀ ਬਾਜ਼ਾਰ ਦੀ ਜਾਇਦਾਦ ਬਹੁਤ ਮਹਿੰਗੀ ਹੈ ਤੇ ਇਥੇ ਪ੍ਰਤੀ ਮਰਲਾ ਪੰਜ ਕਰੋੜ ਰੁਪਏ ਰੇਟ ਹੋਣ ਕਰ ਕੇ ਉਹ ਆਪਣੇ ਵਕੀਲ ਰਾਹੀਂ 25 ਕਰੋੜ ਰੁਪਏ ਮੰਗੇਗਾ।

## ਕਾਬੁਲ ਬੰਬ ਧਮਾਕਿਆਂ ਵਿੱਚ ਤਿੰਨ ਮਰੇ



ਕਾਬੁਲ, 11 ਫਰਵਰੀ (ਪੋਸਟ ਬਿਊਰੋ)- ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਵਿੱਚ ਕੱਲ੍ਹ ਹੋਏ ਦੋ ਵੱਖ-ਵੱਖ ਧਮਾਕਿਆਂ ਵਿੱਚ ਸਿੱਖ ਭਾਈਚਾਰੇ ਦੇ ਦੋ ਮੈਂਬਰਾਂ ਸਮੇਤ ਤਿੰਨ ਜਣਿਆਂ ਦੀ ਮੌਤ ਹੋ ਗਈ ਤੇ ਚਾਰ ਜ਼ਖਮੀ ਹੋ ਗਏ।

ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਪਹਿਲਾ ਧਮਾਕਾ ਰਾਜਧਾਨੀ ਦੇ ਵਿਚਾਲੇ ਇੱਕ ਸਟੋਰ ਵਿੱਚ ਹੋਇਆ, ਜਿਸ ਨਾਲ ਇਹ ਢਹਿ-ਢੇਰੀ ਹੋ ਗਿਆ ਅਤੇ ਇਸ ਵਿੱਚ ਦੋ ਸਿੱਖ ਮਾਰੇ ਗਏ। ਅਧਿਕਾਰੀਆਂ ਨੇ ਇਹ ਜਾਣਕਾਰੀ ਆਪਣਾ ਨਾਂਅ ਨਾ ਛਾਪਣ ਦੀ ਸ਼ਰਤ 'ਤੇ ਦਿੱਤੀ ਹੈ, ਕਿਉਂਕਿ ਉਨ੍ਹਾਂ ਕੋਲ ਮੀਡੀਆ ਨੂੰ ਜਾਣਕਾਰੀ ਦੇਣ ਦਾ ਅਧਿਕਾਰ ਨਹੀਂ ਸੀ। ਭਾਵੇਂ ਹਾਲੇ ਤੱਕ ਕਿਸੇ ਅੱਤਵਾਦੀ ਜਥੇਬੰਦੀ ਨੇ ਹਮਲੇ ਦੀ ਜ਼ਿੰਮੇਵਾਰੀ ਦਾ ਦਾਅਵਾ ਨਹੀਂ ਕੀਤਾ, ਪਰ ਇਸਲਾਮਿਕ ਅੱਤਵਾਦੀ ਗਰੁੱਪ ਅਕਸਰ ਅਫਗਾਨਿਸਤਾਨ 'ਚ ਸਿੱਖਾਂ ਤੇ ਹੋਰ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਂਦਾ ਹੈ।

ਤਾਲਿਬਾਨ ਤੇ ਅਫਗਾਨਿਸਤਾਨ ਸਰਕਾਰ ਵਿਚਾਲੇ ਕਤਰ 'ਚ ਸ਼ਾਂਤੀ ਵਾਰਤਾ ਰੁਕਣ ਦੇ ਬਾਅਦ ਦੇਸ਼ ਵਿਆਪੀ ਬੰਬ ਧਮਾਕੇ, ਮਿੱਥ ਕੇ ਕਤਲ ਤੇ ਹਿੰਸਾ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ। ਕਾਬੁਲ ਪੁਲਸ ਦੇ ਬੁਲਾਰੇ ਫਰਦਾਵਸ ਫਰਮਾਰਜ਼ ਨੇ ਕਿਹਾ ਕਿ ਬੰਬ ਧਮਾਕੇ ਨਾਲ ਸਟੋਰ 'ਚ ਛੇ ਜਣੇ ਜ਼ਖਮੀ ਹੋਏ ਹਨ ਅਤੇ ਕਿਸੇ ਦੀ ਮੌਤ ਨਹੀਂ ਹੋਈ। ਉਨ੍ਹਾਂ ਕਿਹਾ ਕਿ ਪੁਲਸ ਜਾਂਚ ਕਰ ਰਹੀ ਹੈ। ਕੱਲ੍ਹ ਹੋਏ ਦੂਸਰੇ ਧਮਾਕੇ ਬਾਰੇ ਫਰਮਾਰਜ਼ ਨੇ ਕਿਹਾ ਕਿ ਇੱਕ ਬੰਬ ਪੁਲਸ ਕਾਰ ਨਾਲ ਲਾਇਆ ਗਿਆ ਸੀ, ਜੋ ਉਤਰੀ ਕਾਬੁਲ ਵਿੱਚ ਚਲਿਆ, ਜਿੱਥੇ ਇੱਕ ਪੁਲਸ ਅਫਸਰ ਮਾਰਿਆ ਗਿਆ। ਆਈ ਐਸ ਦੀਆਂ ਵੱਧ ਰਹੀਆਂ ਧਮਕੀਆਂ ਕਾਰਨ ਅਫਗਾਨਿਸਤਾਨ 'ਚ ਸਿੱਖਾਂ ਤੇ ਹਿੰਦੂਆਂ ਦੀ ਗਿਣਤੀ ਢਾਈ ਲੱਖ ਤੋਂ ਘੱਟ ਕੇ ਕੇਵਲ 700 ਰਹਿ ਗਈ ਹੈ।

# TRUCK FOR SALE

2017 Cascadia freightliner (Manual Truck)








891241 km, DD 15 motor, New tune up, Def filter already changed, Front tire is brand new, rear tire is 70%, Bunk heater working, Fridge is working

**Contact: 647 960 7989**


# ਭਾਰਤ ਦੇ ਕਿਸਾਨਾਂ ਦੇ ਹੱਕ ਵਿਚ ਗ੍ਰੀਨ ਪਾਰਟੀ ਨੇ ਮਾਰਿਆ ਹਾਅ ਦਾ ਨਾਅਰਾ

ਟੋਰਾਂਟੋ, 11 ਫਰਵਰੀ (ਪੋਸਟ ਬਿਊਰੋ) : ਭਾਰਤ ਵਿੱਚ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਅੰਦੋਲਨ ਦੇ ਸਬੰਧ ਵਿੱਚ ਓਨਟਾਰੀਓ ਵਿੱਚ ਗ੍ਰੀਨ ਪਾਰਟੀ ਦੇ ਆਗੂ ਮਾਈਕ ਸ਼੍ਰੇਨਰ ਨੇ ਆਖਿਆ ਕਿ ਅਸੀਂ ਹਮੇਸ਼ਾਂ ਕਿਸਾਨਾਂ ਦਾ ਸਾਥ ਦਿੱਤਾ ਹੈ ਤੇ ਸਿਹਤਮੰਦ ਲੋਕਾਂ ਤੇ ਕਮਿਊਨਿਟੀਜ਼ ਲਈ ਫੂਡ ਸਕਿਊਰਿਟੀ ਬਹੁਤ ਜ਼ਰੂਰੀ ਹੈ। ਕਿਸਾਨ ਸਾਡੀਆਂ ਕਮਿਊਨਿਟੀਜ਼ ਨੂੰ ਅੰਨ ਮੁਹਈਆ ਕਰਵਾਉਂਦੇ ਹਨ ਜਿਸ ਤੋਂ ਬਿਨਾਂ ਅਸੀਂ ਜਿਉਂਦੇ ਨਹੀਂ ਰਹਿ ਸਕਦੇ।



ਇੱਕ ਬਿਆਨ ਜਾਰੀ ਕਰਕੇ ਉਨ੍ਹਾਂ ਆਖਿਆ ਕਿ ਜਦੋਂ ਕਈ ਮਿਲੀਅਨ ਕਿਸਾਨ ਉਨ੍ਹਾਂ ਨਵੇਂ ਕਾਨੂੰਨਾਂ ਖਿਲਾਫ ਉੱਠ ਖੜ੍ਹੇ ਹੋਣ, ਜਿਨ੍ਹਾਂ ਕਾਰਨ ਉਨ੍ਹਾਂ ਦੀ ਰੋਜ਼ੀ ਰੋਟੀ ਨੂੰ ਖਤਰਾ ਹੋਵੇ, ਤਾਂ ਸਰਕਾਰਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਨ੍ਹਾਂ ਦੀ ਗੱਲ ਸੁਣੀ ਜਾਵੇ ਤੇ ਕਿਸੇ ਤਰ੍ਹਾਂ ਦਾ ਹੱਲ ਕੱਢਿਆ ਜਾਵੇ। ਕਈ ਮਹੀਨਿਆਂ ਤੱਕ ਅਸੀਂ ਓਨਟਾਰੀਓ ਵਾਸੀਆਂ ਤੋਂ ਮਨੁੱਖੀ ਇਤਿਹਾਸ ਦੇ ਇਸ ਸੱਭ ਤੋਂ ਵੱਡੇ ਅੰਦੋਲਨ ਬਾਰੇ ਗੱਲਾਂ ਸੁਣੀਆਂ ਤੇ ਕਈ ਤਰ੍ਹਾਂ ਦੀ ਫੁਟੇਜ ਵੀ ਵੇਖੀ। ਭਾਰਤ ਦੇ ਕਿਸਾਨ ਦਿੱਲੀ ਦੀ ਸਰਹੱਦ ਉੱਤੇ ਇੱਕਠੇ ਹੋ ਰਹੇ ਹਨ ਤੇ ਸੜਕਾਂ ਉੱਤੇ ਹੀ ਬਣਾਏ ਗਏ ਆਰਜ਼ੀ ਟੈਂਟਾਂ ਵਿੱਚ ਰਹਿ ਰਹੇ ਹਨ ਤੇ ਹੱਢ ਜਮਾ ਦੇਣ ਵਾਲੇ ਤਾਪਮਾਨ ਵਿੱਚ ਸੜਕਾਂ ਉੱਤੇ ਹੀ ਸੌਣ ਲਈ ਮਜਬੂਰ ਹਨ। ਇੱਥੋਂ ਤੱਕ ਕਿ ਇਸ ਅੰਦੋਲਨ ਦੇ ਚੱਲਦਿਆਂ ਕਈ ਕਿਸਾਨ ਆਪਣੀਆਂ ਜਾਨਾਂ ਵੀ ਗੁਆ ਚੁੱਕੇ ਹਨ।

ਪਰ ਕਿਸਾਨਾਂ ਵੱਲੋਂ ਇਹ ਸਿਲਸਿਲਾ ਅਜੇ ਵੀ ਬਾਦਸਤੂਰ ਜਾਰੀ ਹੈ, ਉਹ ਸ਼ਾਂਤਮਈ ਢੰਗ ਨਾਲ ਆਪਣੇ ਸੰਵਿਧਾਨਕ ਅਧਿਕਾਰ ਲਈ ਸੰਘਰਸ਼ ਕਰ ਰਹੇ ਹਨ। ਸ਼ਾਂਤਮਈ ਢੰਗ ਨਾਲ ਮੁਜ਼ਾਹਰਾ ਕਰ ਰਹੇ ਅਜਿਹੇ ਕਿਸਾਨਾਂ ਉੱਤੇ ਹਿੰਸਕ ਕਾਰਵਾਈ, ਪੱਤਰਕਾਰਾਂ ਨੂੰ ਗ੍ਰਿਫਤਾਰ ਕੀਤੇ ਜਾਣ, ਮਨੁੱਖੀ ਅਧਿਕਾਰਾਂ ਦੀ ਹੋ ਰਹੀ ਉਲੰਘਣਾਂ, ਜੋ ਸਾਨੂੰ ਖਬਰਾਂ ਵਿੱਚ ਵੇਖਣ ਨੂੰ ਮਿਲ ਰਹੀ ਹੈ ਦਿਲ ਦਹਿਲਾ ਦੇਣ ਵਾਲੀ ਹੈ।

ਓਨਟਾਰੀਓ ਦੀ ਗ੍ਰੀਨ ਪਾਰਟੀ ਕਿਸਾਨਾਂ ਦੇ ਨਾਲ ਖੜ੍ਹੀ ਹੈ ਤੇ ਆਸ ਕਰਦੀ ਹੈ ਕਿ ਇਸ ਮਸਲੇ ਦਾ ਸ਼ਾਂਤਮਈ ਢੰਗ ਨਾਲ ਹੱਲ ਵੀ ਨਿਕਲ ਆਵੇਗਾ। ਅਸੀਂ ਆਪਣੀਆਂ ਪ੍ਰੋਵਿੰਸ਼ੀਅਲ ਤੇ ਫੈਡਰਲ ਸਰਕਾਰਾਂ ਨੂੰ ਕਿਸਾਨਾਂ ਦੇ ਹੱਕਾਂ ਲਈ ਆਵਾਜ਼ ਉਠਾਉਣ ਲਈ ਹੱਲਾਸ਼ੇਰੀ ਦਿੰਦੇ ਹਾਂ ਤਾਂ ਕਿ ਇਸ ਸਮੱਸਿਆ ਦਾ ਕੋਈ ਹੱਲ ਨਿਕਲ ਸਕੇ।

## ਜਾਰਜ ਹਿੱਚਕੌਕ ਬਰਸਰੀ ਲਈ ਬਰੈਂਪਟਨ ਫਾਇਰ ਵੱਲੋਂ ਸਵੀਕਾਰੀਆਂ ਜਾ ਰਹੀਆਂ ਹਨ ਅਰਜ਼ੀਆਂ

ਬਰੈਂਪਟਨ, 11 ਫਰਵਰੀ (ਪੋਸਟ ਬਿਊਰੋ) : ਫਾਇਰ ਸਰਵਿਸਿਜ਼ ਵਿੱਚ ਕਰੀਅਰ ਬਣਾਉਣ ਵਾਲੇ ਰੈਜ਼ੀਡੈਂਟਸ ਕੋਲੋਂ ਜਾਰਜ ਹਿੱਚਕੌਕ ਮੈਮੋਰੀਅਲ ਐਂਡੋਅਮੈਂਟ ਫੰਡ, ਜਿਸ ਨੂੰ ਜਾਰਜ ਹਿੱਚਕੌਕ ਬਰਸਰੀ ਵਜੋਂ ਜਾਣਿਆ ਜਾਂਦਾ ਹੈ, ਲਈ ਅਰਜ਼ੀਆਂ ਸਵੀਕਾਰਨ ਦਾ ਕੰਮ ਸ਼ੁਰੂ ਹੋ ਗਿਆ ਹੈ।



ਬਰੈਂਪਟਨ ਫਾਇਰ ਅਤੇ ਐਮਰਜੰਸੀ ਸਰਵਿਸਿਜ਼ ਨੇ 2014 ਵਿੱਚ ਡਵੀਜ਼ਨ ਦੇ ਮਰਹੂਮ ਚੀਫ ਜਾਰਜ ਹਿੱਚਕੌਕ , ਜਿਨ੍ਹਾਂ ਨੇ 33 ਸਾਲਾਂ ਤੱਕ ਬਰੈਂਪਟਨ ਫਾਇਰ ਤੇ ਐਮਰਜੰਸੀ ਸਰਵਿਸਿਜ਼ ਲਈ ਸੇਵਾ ਨਿਭਾਈ, ਦੇ ਸਨਮਾਨ ਵਿੱਚ ਜਾਰਜ ਹਿੱਚਕੌਕ ਮੈਮੋਰੀਅਲ ਐਂਡੋਅਮੈਂਟ ਫੰਡ ਕਾਇਮ ਕੀਤਾ ਸੀ। ਫਾਇਰ-ਲਾਈਫ ਸੇਫਟੀ ਐਜੂਕੇਸ਼ਨ ਡਵੀਜ਼ਨ ਕਾਇਮ ਕਰਨ ਵਿੱਚ ਜਾਰਜ ਹਿੱਚਕੌਕ ਨੇ ਅਹਿਮ ਭੂਮਿਕਾ ਨਿਭਾਈ। ਇਸ ਨਾਲ ਹਰ ਸਾਲ ਹਜ਼ਾਰਾਂ ਬਰੈਂਪਟਨ ਵਾਸੀਆਂ ਨੂੰ ਫਾਇਰ ਸੇਫਟੀ ਸਿੱਖਿਆ ਮੁਹੱਈਆ ਕਰਵਾਈ ਜਾਂਦੀ ਹੈ। ਉਨ੍ਹਾਂ ਹੋਰਨਾਂ ਨੂੰ ਫਾਇਰ ਸਰਵਿਸਿਜ਼ ਵਿੱਚ ਕਰੀਅਰ ਬਣਾਉਣ ਲਈ ਪ੍ਰੇਰਿਤ ਕੀਤਾ ਤੇ ਹੱਲਾਸ਼ੇਰੀ ਦਿੱਤੀ।

ਜਾਰਜ ਹਿੱਚਕੌਕ ਬਰਸਰੀ ਸਾਲਾਨਾ ਤੌਰ ਉੱਤੇ ਅਜਿਹੇ ਵਿਅਕਤੀਆਂ ਲਈ ਅਰਜ਼ੀਆਂ ਸਵੀਕਾਰਦੀ ਹੈ ਜਿਹੜੇ ਫਾਇਰ ਸਰਵਿਸਿਜ਼ ਵਿੱਚ ਆਪਣਾ ਕਰੀਅਰ ਬਣਾਉਣਾ ਚਾਹੁੰਦੇ ਹਨ। ਇਸ ਫੰਡ ਲਈ ਯੋਗ ਹੋਣ ਵਾਸਤੇ ਬਿਨੈਕਾਰਾਂ ਨੂੰ ਹੇਠ ਲਿਖੇ ਮਾਪਦੰਡ ਪੂਰੇ ਕਰਨੇ ਹੋਣਗੇ:

- ਬਿਨੇਕਾਰ ਬਰੈਂਪਟਨ ਵਾਸੀ ਤੇ ਕੈਨੇਡਾ ਦਾ ਨਾਗਰਿਕ ਹੋਵੇ ਜਾਂ ਕੈਨੇਡਾ ਵਿੱਚ ਕੰਮ ਕਰਨ ਦੇ ਯੋਗ ਹੋਵੇ
- ਬਿਨੇਕਾਰ ਫਾਇਰ ਸਬੰਧੀ ਪ੍ਰੋਗਰਾਮ ਵਿੱਚ ਓਨਟਾਰੀਓ ਪੋਸਟ ਸੈਕੰਡਰੀ ਸਕੂਲ ਡਿਪਲੋਮਾ ਕਰ ਰਿਹਾ ਹੋਵੇ
- ਬਿਨੇਕਾਰ ਐਪਲੀਕੇਸ਼ਨ ਫਾਰਮ ਵਿੱਚ ਦਿੱਤੀਆਂ ਗਈਆਂ ਸਾਰੀਆਂ ਲੋੜਾਂ ਪੂਰੀਆਂ ਕਰਦਾ ਹੋਵੇ
- ਅਰਜ਼ੀਆਂ ਜਮ੍ਹਾਂ ਕਰਵਾਉਣ ਦੀ ਡੈੱਡਲਾਈਨ ਤੱਕ ਅਰਜ਼ੀਆਂ ਜਮ੍ਹਾਂ ਕਰਵਾ ਦਿੱਤੀਆਂ ਜਾਣ
- ਇੰਟਰਵਿਊ ਦੀ ਪ੍ਰਕਿਰਿਆ ਤੋਂ ਬਾਅਦ ਸਫਲ ਰਹਿਣ ਵਾਲੇ ਬਿਨੇਕਾਰ ਨੂੰ ਓਨਟਾਰੀਓ ਪੋਸਟ ਸੈਕੰਡਰੀ ਸਕੂਲ ਪ੍ਰੋਗਰਾਮ ਵਿੱਚ ਸਵੀਕਾਰੇ ਜਾਣ ਦਾ ਸਬੂਤ ਮੁਹੱਈਆ ਕਰਵਾਉਣਾ ਹੋਵੇਗਾ

ਪ੍ਰਕਿਰਿਆ:

ਐਪਲੀਕੇਸ਼ਨ ਫਾਰਮ ਆਨਲਾਈਨ www.bramptonfire.com ਉੱਤੇ ਉਪਲਬਧ ਹਨ ਤੇ ਇਹ firelife@brampton.ca ਉੱਤੇ ਜਮ੍ਹਾਂ ਕਰਵਾਏ ਜਾਣ। ਪਹਿਲੀ ਅਪਰੈਲ, 2021 ਨੂੰ ਜਾਂ 30 ਅਰਜ਼ੀਆਂ ਮਿਲਣ ਉਪਰੰਤ ਅਰਜ਼ੀਆਂ ਸਵੀਕਾਰਨੀਆਂ ਬੰਦ ਕਰ ਦਿੱਤੀਆਂ ਜਾਣਗੀਆਂ।

ਸ਼ੌਰਟਲਿਸਟ ਕੀਤੇ ਗਏ ਉਮੀਦਵਾਰਾਂ ਨੂੰ ਇੰਟਰਵਿਊ ਕੀਤਾ ਜਾਵੇਗਾ ਤੇ ਇੱਕ ਬਿਨੇਕਾਰ ਨੂੰ ਬਰਸਰੀ ਲਈ ਚੁਣਿਆ ਜਾਵੇਗਾ, ਕੋਰਸ ਵਿੱਚ ਐਨਰੋਲਮੈਂਟ ਲਈ 1000 ਡਾਲਰ ਸਿੱਧੇ ਤੌਰ ਉੱਤੇ ਅਦਾ ਕੀਤੇ ਜਾਣਗੇ।






## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 I +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੈਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਨੈਡਾ ਵਿਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653






Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654





# UPPAL LAW

AVTAR UPPAL
Manager

IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters

OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters

AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848

* PRIOR APPOINTMENT NECESSARY

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

## ਗੁੱਸੇ ਵਿੱਚ ਭੜਕੇ ਭਰਾ ਨੇ ਬਾਲਾ ਮਾਰ ਕੇ 'ਤਾਲਿਬਾਨ'ਮਾਰ ਦਿੱਤਾ

ਨਵਾਂ ਸ਼ਹਿਰ, 11 ਫਰਵਰੀ (ਪੋਸਟ ਬਿਊਰੋ)- ਪਿੰਡ ਚਣਕੋਆ ਦੇ ਖੇਤ ਵਿੱਚ ਬਣੀ ਮੋਟਰ 'ਤੇ ਰਹਿੰਦੇ ਪਰਵਾਸੀ ਮਜ਼ਦੂਰ 'ਤਾਲਿਬਾਨ' ਦੇ ਕਤਲ ਕੇਸ ਵਿੱਚ ਪੁਲਸ ਨੇ ਉਸ ਦੇ ਭਰਾ ਸ੍ਰੀਪਾਲ ਨੂੰ ਗ੍ਰਿਫਤਾਰ ਕੀਤਾ ਹੈ।

ਇੱਥੇ ਪ੍ਰੈਸ ਕਾਨਫਰੰਸ ਦੌਰਾਨ ਐਸ ਪੀ (ਜਾਂਚ) ਵਜ਼ੀਰ ਸਿੰਘ ਖਹਿਰਾ ਨੇ ਦੱਸਿਆ ਕਿ ਉਨ੍ਹਾਂ ਦੀ ਨਿਗਰਾਨੀ ਹੇਠ ਡੀ ਐਸ ਪੀ ਬਲਾਚੌਰ ਤਰਲੋਚਨ ਸਿੰਘ ਅਤੇ ਐਸ ਆਈ ਅਵਤਾਰ ਸਿੰਘ ਐਸ ਐਚ ਓ ਪੁਲਸ ਥਾਣਾ ਬਲਾਚੌਰ ਦੀ ਟੀਮ ਨੇ ਤਲਾਸ਼ੀ ਮੁਹਿੰਮ ਚਲਾ ਕੇ ਦੋਸ਼ੀ ਸ੍ਰੀਪਾਲ ਨੂੰ ਬਲਾਚੌਰ ਤੋਂ ਗ੍ਰਿਫਤਾਰ ਕਰ ਕੇ ਅਦਾਲਤ ਵਿੱਚ ਪੇਸ਼ ਕੀਤਾ ਹੈ। ਮੁਲਜ਼ਮ ਸ੍ਰੀਪਾਲ ਦਾ ਆਪਣੇ ਭਰਾ ਤਾਲਿਬਾਨ ਨਾਲ ਪੈਸਿਆਂ ਕਾਰਨ ਝਗੜਾ ਹੋਇਆ ਸੀ। ਇਸ ਕਰ ਕੇ ਸ੍ਰੀਪਾਲ ਨੇ ਸ਼ਰਾਬ ਦੇ ਨਸ਼ੇ ਵਿੱਚ ਤਾਲਿਬਾਨ ਦੇ ਸਿਰ ਵਿੱਚ ਲੱਕੜ ਦਾ ਬਾਲਾ ਮਾਰਿਆ ਸੀ। ਉਸ ਕੋਲੋਂ ਵਾਰਦਾਤ ਵੇਲੇ ਵਰਤਿਆ ਲੱਕੜ ਦਾ ਬਾਲਾ ਬਰਾਮਦ ਹੋ ਗਿਆ ਹੈ। ਥਾਣਾ ਬਲਾਚੌਰ ਦੇ ਐਸ ਆਈ ਅਵਤਾਰ ਸਿੰਘ ਨੇ ਦੱਸਿਆ ਕਿ ਉਹ ਟੀਮ ਸਮੇਤ ਗਸ਼ਤ ਦੌਰਾਨ ਚਣਕੋਆ ਵਿੱਚ ਸਨ ਤਾਂ ਮਨਜੀਤ ਸਿੰਘ ਵਾਸੀ ਸਿੰਬਲ ਮਾਜਰਾ ਨੇ ਦੱਸਿਆ ਕਿ ਉਸ ਨੇ ਪਿੰਡ ਚਣਕੋਆ ਵਿੱਚ ਪਿਆਰਾ ਸਿੰਘ ਦੀ ਜ਼ਮੀਨ ਠੇਕੇ 'ਤੇ ਲਈ ਹੈ ਅਤੇ ਉਸ ਦੀ ਜ਼ਮੀਨ 'ਤੇ ਲੱਗੀ ਮੋਟਰ 'ਤੇ ਪਰਵਾਸੀ ਮਜ਼ਦੂਰ ਤਾਲਿਬਾਨ ਕਰੀਬ ਦੋ ਮਹੀਨੇ ਤੋਂ ਆਪਣੇ ਭਰਾ ਸ੍ਰੀਪਾਲ ਨਾਲ ਰਹਿੰਦਾ ਸੀ। ਕੱਲ੍ਹ ਰਾਤ ਤਾਲਿਬਾਨ ਦਾ ਕਤਲ ਹੋ ਗਿਆ ਤੇ ਭਰਾ ਸ੍ਰੀਪਾਲ ਮੌਕੇ ਤੋਂ ਫਰਾਰ ਹੋ ਗਿਆ ਹੈ। ਪੁਲਸ ਨੇ ਕੇਸ ਥਾਣਾ ਬਲਾਚੌਰ ਵਿੱਚ ਦਰਜ ਕਰ ਕੇ ਜਾਂਚ ਸ਼ੁਰੂ ਕੀਤੀ ਸੀ।

# ਕਾਰੋਬਾਰੀ ਨੇ ਪਰਿਵਾਰ ਨੂੰ ਗੋਲੀਆਂ ਮਾਰ ਕੇ ਖੁਦਕੁਸ਼ੀ ਕਰ ਲਈ



ਫਰੀਦਕੋਟ, 11 ਫਰਵਰੀ (ਪੋਸਟ ਬਿਊਰੋ)- ਇੱਥੋਂ ਨਾਰਾਇਣ ਨਗਰ 'ਚ ਕੱਲ੍ਹ ਤੜਕੇ ਨੌਜਵਾਨ ਕਾਰੋਬਾਰੀ ਨੇ ਆਪਣੀਆਂ ਪ੍ਰੇਸ਼ਾਨੀਆਂ ਕਰ ਕੇ ਆਪਣੇ ਸੁੱਤੇ ਹੋਏ ਪਰਵਾਰ ਨੂੰ ਗੋਲੀਆਂ ਮਾਰ ਦਿੱਤੀਆਂ ਅਤੇ ਫਿਰ ਖੁਦਕੁਸ਼ ਕਰ ਲਈ।ਇਸ ਘਟਨਾ ਵਿੱਚ ਕਾਰੋਬਾਰੀ ਕਰਣ ਕਟਾਰੀਆ, ਉਸ ਦੇ ਤਿੰਨ ਸਾਲਾ ਬੇਟੇ ਰੋਇਸ, ਦੋ ਸਾਲਾ ਬੇਟੀ ਜੈਸਵੀ ਦੀ ਮੌਤ ਹੋ ਗਈ, ਜਦ ਕਿ ਉਸ ਦੀ ਪਤਨੀ ਸ਼ੀਨਮ ਕਟਾਰੀਆ ਗੰਭੀਰ ਜ਼ਖਮੀ ਹੋਣ ਕਾਰਨ ਹਸਪਤਾਲ ਵਿੱਚ ਹੈ। ਘਟਨਾ ਪਿੱਛੋਂ ਸਾਰੇ ਜ਼ਖਮੀਆਂ ਨੂੰ ਇੱਥੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਹਸਪਤਾਲ ਵਿਖੇ ਦਾਖਲ ਕਰਵ-ਾਇਆ ਗਿਆ, ਜਿੱਥੇ ਡਾਕਟਰਾਂ ਨੇ ਦੋਵਾਂ ਬੱਚਿਆਂ ਨੂੰ ਮ੍ਰਿਤਕ ਐਲਾਨ ਦਿੱਤਾ ਅਤੇ ਕੁਝ ਸਮੇਂ ਬਾਅਦ ਕਰਣ ਕਟਾਰੀਆ ਦੀ ਵੀ ਮੌਤ ਹੋ ਗਈ। ਡਾਕਟਰਾਂ ਅਨੁਸਾਰ ਸ਼ੀਨਮ ਕਟਾਰੀਆ ਦੇ ਮੂੰਹ ਉਪਰ ਗੋਲੀ ਵੱਜੀ ਹੈ ਅਤੇ ਉਸ ਦੀ ਹਾਲਤ ਗੰਭੀਰ ਹੈ। ਪੁਲਸ ਨੂੰ ਮੌਕੇ 'ਤੇ ਪੰਜ ਸਫਿਆਂ ਦਾ ਖੁਦਕੁਸ਼ੀ ਪੱਤਰ ਮਿ-ਲਿਆ ਹੈ ਤੇ ਪੁਲਸ ਇਸ ਦੀ ਪੜਤਾਲ ਕਰ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਕਰਣ ਕਟਾਰੀਆ ਨਗਰ ਕੌਂਸਲ ਵਿੱਚ ਬਿਜਲੀ ਦੇ ਕੰਮਾਂ ਦੇ ਠੇਕੇ ਲੈਂਦਾ ਸੀ ਤੇ ਉਸ ਦੇ ਕਰੀਬ ਚਾਰ ਕਰੋੜ ਰੁਪਏ ਦੇ ਸਰਕਾਰੀ ਬਿੱਲ ਵੱਖ-ਵੱਖ ਵਿਭਾਗਾਂ ਵਿੱਚ ਲੰਬੇ ਸਮੇਂ ਤੋਂ ਰੁਕੇ ਹੋਏ ਸਨ। ਇਸੇ ਪ੍ਰੇਸ਼ਾਨੀ ਨੂੰ ਖੁਦਕੁਸ਼ੀ ਦਾ ਮੁੱਖ ਕਾਰਨ ਮੰਨਿਆ ਜਾ ਰਿਹਾ ਹੈ। ਖੁਦਕੁਸ਼ੀ ਪੱਤਰ ਵਿੱਚ ਗਿੱਦੜਬਾਹਾ ਦੇ ਇੱਕ ਕਾਂਗਰਸੀ ਆਗੂ ਦਾ ਨਾਂਅ ਵੀ ਹੈ ਜਿਸ ਉਪਰ ਕਾਰੋਬਾਰ ਵਿੱਚ ਧਾਂਦਲੀ ਅਤੇ ਪ੍ਰੇਸ਼ਾਨ ਕਰਨ ਦੇ ਦੋਸ਼ ਹਨ। ਜ਼ਿਲ੍ਹਾ ਪੁਲਸ ਮੁਖੀ ਸਵਰਨਦੀਪ ਸਿੰਘ ਨੇ ਕਿਹਾ ਕਿ ਪੁਲਸ ਇਸ ਕੇਸ ਦੀ ਪੜਤਾਲ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਹਾਲ ਦੀ ਘੜੀ ਖੁਦਕੁਸ਼ੀ ਪੱਤਰ ਬਾਰੇ ਉਹ ਕੋਈ ਜਾਣਕਾਰੀ ਸਾਂਝੀ ਨਹੀਂ ਕਰ ਸਕਦੇ ਅਤੇ ਪੁਲਸ ਇਸ ਮਾਮਲੇ ਵਿੱਚ ਬਣਦੀ ਕਾਨੂੰਨੀ ਕਾਰਵਾਈ ਕਰੇਗੀ।

## ਸਾਬਕਾ ਕੈਬਨਿਟ ਮੰਤਰੀ ਬੀਬੀ ਸਤਵੰਤ ਕੌਰ ਸੰਧੂ ਦਾ ਦੇਹਾਂਤ

ਐਸ ਏ ਐਸ ਨਗਰ, 11 ਫਰਵਰੀ (ਪੋਸਟ ਬਿਊਰੋ)- ਸਥਾਨਕ ਫੇਜ਼-5 ਦੇ ਵਸਨੀਕ ਤੇ ਸਾਬਕਾ ਕੈਬਨਿਟ ਮੰਤਰੀ ਬੀਬੀ ਸਤਵੰਤ ਕੌਰ ਸੰਧੂ ਦਾ ਕੱਲ੍ਹ ਦੇਹਾਂਤ ਹੋ ਗਿਆ। ਉਹ ਕੋਰੋਨਾ ਵਾਇਰਸ ਤੋਂ ਪੀੜਤ ਸਨ, ਜਿਸ ਦੇ ਇਲਾਜ ਲਈ ਉਨ੍ਹਾਂ ਨੂੰ ਫੋਰਟਿਸ ਹਸਪਤਾਲ ਮੁਹਾਲੀ ਵਿਖੇ ਦਾਖਲ ਕਰਵਾਇਆ ਗਿਆ ਸੀ।

ਪਰਵਾਰਕ ਮੈਂਬਰਾਂ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਬੀਬੀ ਸੰਧੂ ਨੇ ਕੱਲ੍ਹ ਰਾਤ ਆਖਰੀ ਸਾਹ ਲਿਆ। ਉਹ ਹਲਕਾ ਚਮਕੌਰ ਸਾਹਿਬ (ਰਿਜ਼ਰਵ) ਤੋਂ ਪੰਜ ਵਾਰ ਵਿਧਾਇਕ ਰਹਿ ਚੁੱਕੇ ਸਨ ਅਤੇਅਕਾਲੀ ਦਲ ਦੇ ਸੀਨੀਅਰ ਆਗੂ ਤੇ ਬਾਦਲ ਪਰਵਾਰ ਦੇ ਕਾਫੀ ਨੇੜੇ ਮੰਨੇ ਜਾਂਦੇ ਸਨ। ਦੱਸਣਯੋਗ ਹੈ ਕਿ ਬੀਬੀ ਸੰਧੂ ਆਪਣੇ ਪਤੀ ਅਜੈਬ ਸਿੰਘ ਸੰਧੂ ਜੋ ਸੰਨ 1962 ਅਤੇ 1972 ਵਿੱਚ ਅਕਾਲੀ ਦਲ ਵੱਲੋਂ ਵਿਧਾਇਕ ਬਣੇ ਸਨ, ਦੇ 1974 ਵਿੱਚ ਦਿਹਾਂਤ ਮਗਰੋਂਉੱਪ ਚੋਣ ਵਿੱਚ ਪਹਿਲੀ ਵਾਰ ਵਿਧਾਇਕ ਬਣੇ ਸਨ ਅਤੇ ਉਸ ਤੋਂ ਬਾਅਦ 1977 ਵਿੱਚ ਦੂਜੀ ਵਾਰ ਜਿੱਤ ਕੇ ਕੈਬਨਿਟ ਮੰਤਰੀ ਬਣੇ ਤੇ ਤੀਜੀ ਵਾਰ 1980 ਵਿੱਚ, ਚੌਥੀ ਵਾਰ 1997 ਅਤੇ ਪੰਜਵੀਂ ਵਾਰ 2020 ਵਿੱਚ ਚੋਣ ਜਿੱਤ ਕੇ ਵਿਧਾਇਕ ਬਣੇ ਸਨ। ਬੀਬੀ ਸੰਧੂ ਦੀ ਮੌਤ ਵੀ ਉਨ੍ਹਾਂ ਦੇ ਜਨਮ ਦਿਨ ਵਾਲੇ ਦਿਨ ਹੋਈ ਹੈ। ਉਨ੍ਹਾਂ ਨੇ ਚਮਕੌਰ ਸਾਹਿਬ ਦੀ ਬੜਾ ਲੰਮਾ ਸਮਾ ਪ੍ਰਤੀਨਿਧਤਾ ਕੀਤੀ ਤੁ 1997 ਵਿੱਚ ਦੂਜੀ ਵਾਰ ਬੀਬੀ ਸੰਧੂ ਨੂੰ ਮੁੜ ਬਾਦਲ ਸਰਕਾਰ ਵਿੱਚ ਕੈਬਨਿਟ ਮੰਤਰੀ ਦਾ ਅਹੁਦਾ ਦਿੱਤਾ ਗਿਆ ਸੀ।

## ਸਪੇਨ ਭੇਜਣ ਦਾ ਕਹਿ ਕੇ ਸਰਬੀਆ ਭੇਜਿਆ ਤੇ 8.70 ਲੱਖ ਠੱਗੇ

ਜਲੰਧਰ, 11 ਫਰਵਰੀ (ਪੋਸਟ ਬਿਊਰੋ)- ਵਿਦੇਸ਼ ਭੇਜਣ ਦੇ ਨਾਂਅ ਉਤੇ ਮਹਿਲਾ ਟ੍ਰੈਵਲ ਏਜੰਟ ਨੇ ਨੌਜਵਾਨ ਨੂੰ ਸਰਬੀਆ ਭੇਜ ਦਿੱਤਾ ਤੇ 8.70 ਲੱਖ ਰੁਪਏ ਠੱਗ ਲਏ। ਸ਼ਿਕਾਇਤ ਉਤੇ ਥਾਣਾ ਨਕੋਦਰ ਦੀ ਪੁਲਸ ਨੇ ਮਹਿਲਾ ਟ੍ਰੈਵਲ ਏਜੰਟ ਅਤੇ ਉਸ ਦੇ ਸਾਥੀ 'ਤੇ ਠੱਗੀ ਦਾ ਪਰਚਾ ਦਰਜ ਕਰ ਲਿਆ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਨਕੋਦਰ ਦੇ ਪਿੰਡ ਕੰਗ ਸਾਹਿਬ ਰਾਏ ਦੇ ਰਹਿਣ ਵਾਲੇ ਰਾਜਵਿੰਦਰ ਸਿੰਘ ਨੇ ਕਿਹਾ ਕਿ ਨਕੋਦਰ ਦੇ ਪਿੰਡ ਮੱਲੀਆਂ ਖੁਰਦ ਦੀ ਰਾਜਵਿੰਦਰ ਕੌਰ ਨਾਲ ਉਹ ਸਪੇਨ ਜਾਣ ਮਿਲਿਆ ਅਤੇ ਦਸ ਲੱਖ ਰੁਪਏ ਵਿੱਚ ਸੌਦਾ ਤੈਅ ਹੋਇਆ ਸੀ। ਇਸ ਦੇ ਬਾਅਦ ਉਸ ਨੂੰ ਕਪੂਰਥਲਾ ਦੇ ਏਜੰਟ ਰਵਿੰਦਰ ਕੁਮਾਰ ਨਾਲ ਮਿਲਾਇਆ ਗਿਆ। ਦੋਸ਼ੀ ਮਹਿਲਾ ਨੇ ਕਿਹਾ ਕਿ ਰਵਿੰਦਰ ਸਰਬੀਆ ਵਿੱਚ ਰਹਿੰਦਾ ਹੈ। ਇਸ ਦੇ ਬਾਅਦ ਮਹਿਲਾ ਨੇ ਕਰੀਬ ਇੱਕ ਲੱਖ ਰੁਪਏ ਅਤੇ ਪਾਸਪੋਰਟ ਦੀ ਫੋਟੋ ਕਾਪੀ ਲੈ ਲਈ। ਕੁਝ ਦਿਨ ਬਾਅਦ ਰਾਜਵਿੰਦਰ ਨੂੰ ਅਰਮੇਨੀਆ ਲਈ ਜੈਪੁਰ ਤੋਂ ਫਲਾਈਟ ਕਰਵਾਈ ਗਈ ਅਤੇ ਅਰਮੇਨੀਆ ਤੋਂ ਉਸ ਨੂੰ ਸਰਬੀਆ ਭੇਜ ਦਿੱਤਾ ਗਿਆ। ਓਥੇ ਪਹੁੰਚਦੇ ਸਾਰ ਰਵਿੰਦਰ ਕੁਮਾਰ ਨੇ ਉਸ ਤੋਂ 1700 ਯੂਰੋ ਲੈ ਕੇ ਫੋਨ 'ਤੇ ਘਰਵਾਲਿਆਂ ਨਾਲ ਗੱਲ ਕਰਵਾ ਦਿੱਤੀ। ਉਸ ਨੂੰ ਜਦ ਅੱਗੇ ਨਾ ਭੇਜਿਆ ਤਾਂ ਪੀੜਤ ਕਿਸੇ ਤਰ੍ਹਾਂ ਭਾਰਤ ਮੁੜ ਆਇਆ ਅਤੇ ਮਹਿਲਾ ਟਰੈਵਲ ਏਜੰਟ ਤੋਂ ਪੈਸੇ ਮੰਗੇ। ਉਸ ਨੇ ਪੈਸੇ ਨਾ ਦਿੱਤੇ ਤਾਂ ਕੇਸ ਦੀ ਸ਼ਿਕਾਇਤ ਪੁਲਸ ਨੂੰ ਦਿੱਤੀ। ਪੁਲਸ ਨੇ ਜਾਂਚ ਦੇ ਬਾਅਦ ਨਕੋਦਰ ਥਾਣੇ ਵਿੱਚ ਪਰਚਾ ਦਰਜ ਕਰ ਲਿਆ ਹੈ।

# ਪੰਜਾਬ ਸਰਕਾਰ ਨੇ ਹਾਈ ਕੋਰਟ ਨੂੰ ਦੋਸ਼ੀ ਪੁਲਸ ਮੁਲਾਜ਼ਮਾਂ ਦੀ ਸੂਚੀ ਸੌਂਪੀ




ਚੰਡੀਗੜ੍ਹ, 11 ਫਰਵਰੀ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਅਪਰਾਧਕ ਕੇਸਾਂ ਵਿੱਚ ਦੋਸ਼ੀ ਕਰਾਰ ਦਿੱਤੇ ਜਾਣਮਗਰੋਂ ਵੀ ਪੰਜਾਬ ਪੁਲਸ ਦੀ ਨੌਕਰੀ ਕਰ ਰਹੇ ਛੋਟੇ-ਵੱਡੇ ਰੈਂਕ ਦੇ ਅਫਸਰਾਂ ਦੀ ਪਹਿਲਾਂ ਅਧੂਰੀ ਜਾਣਕਾਰੀਹਾਈ ਕੋਰਟ ਵਿੱਚ ਸੌਂਪੀ ਸੀ, ਜਿਸ ਉਤੇ ਪਟੀਸ਼ਨਰ ਸੁਰਜੀਤ ਸਿੰਘ (ਬਰਖਾਸਤ ਪੁਲਸ ਮੁਲਾਜ਼ਮ) ਵੱਲੋਂ ਚੁੱਕੇ ਸਵਾਲਾਂ ਤੇ ਹਾਈ ਕੋਰਟ ਦੇ ਹੁਕਮਾਂ ਤੋਂ ਬਾਅਦ ਗ੍ਰਹਿ ਵਿਭਾਗ ਅਤੇ ਨਿਆਂ ਮਾਮਲਿਆਂ ਦੇ ਐਡੀਸ਼ਨਲ ਚੀਫ ਸੈਕਟਰੀ ਅਨੁਰਾਗ ਅਗਰਵਾਲ ਦਾ ਨਵਾਂ ਐਫੀਡੇਵਿਟ ਪੇਸ਼ ਕੀਤਾ ਹੈ, ਜਿਸ ਵਿੱਚ 17 ਹੋਰ ਪੁਲਸ ਮੁਲਾਜ਼ਮਾਂ ਦੀ ਸੂਚੀ ਨੱਥੀ ਕੀਤੀ ਹੈ, ਜਿਨ੍ਹਾਂ ਖਿਲਾਫ ਕੇਸ ਦਰਜ ਹੋਏ ਸਨ। ਇਹ ਸਾਰੇ ਫਰੀਦਕੋਟ ਰੇਂਜ ਦੇ ਮੁਲਾਜ਼ਮ ਹਨ। ਇਸ ਨੇ ਨਾਲ 22 ਅਜਿਹੇ ਪੁਲਸ ਮੁਲਾਜ਼ਮਾਂ ਦੀ ਸੂਚੀ ਵੀ ਪੇਸ਼ ਕੀਤੀ ਹੈ, ਜਿਹੜੇ ਅਪਰਾਧਕ ਮਾਮਲਿਆਂ ਵਿੱਚ ਦੋਸ਼ੀ ਕਰਾਰ ਦਿੱਤੇ ਗਏ ਅਤੇ ਹਾਲੇ ਨੌਕਰੀ ਕਰ ਰਹੇ ਹਨ।

ਇਸ ਸਭ ਤੋਂ ਬਿਨਾ ਪਟੀਸ਼ਨਰ ਨੇ ਜਿਸ ਸਬ ਇੰਸਪੈਕਟਰ ਯਾਦਵਿੰਦਰ ਸਿੰਘ ਦਾ ਨਾਂਅ ਸੂਚੀ ਵਿੱਚ ਸ਼ਾਮਲ ਨਾ ਕਰਨ ਉਤੇ ਸੁਆਲ ਕੀਤਾ ਸੀ, ਉਸ ਦੀਵੱਖਰੀ ਜਾਣਕਾਰੀ ਦਿੱਤੀ ਗਈ ਹੈ। ਪਟੀਸ਼ਨਰ ਦੇ ਮੁਤਾਬਕ ਇਹ ਥਾਣੇਦਾਰ ਇਰਾਦਾ ਕਤਲਦੇ ਕੇਸ ਦਾ ਦੋਸ਼ੀ ਹੈ ਅਤੇ ਥਾਣਾ ਮੁਖੀ ਲੱਗਾਹੈ। ਪਟੀਸ਼ਨਰ ਉਤੇ ਇੱਕ ਅਪਰਾਧਕ ਕੇਸ ਦਰਜ ਹੋਣ ਤੋਂ ਬਾਅਦ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਸੀ, ਜਿਸ ਨੂੰ ਉਸ ਨੇ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਸਰਕਾਰ ਨੇ ਜੁਆਬ ਵਿੱਚ ਕਿਹਾ ਕਿ ਪੁਰਾਣੀ ਸੂਚੀ ਵਿੱਚ ਗਲਤੀ ਨਾਲ ਕੁਝ ਪੁਲਸ ਅਫਸਰਾਂ ਦੇ ਨਾਂਅ ਰਹਿ ਗਏ ਸਨ ਅਤੇ ਇਸ ਦੇ ਪਿੱਛੇ ਸਰਕਾਰ ਦੇ ਅਧਿਕਾਰੀਆਂ ਦਾ ਕੋਈ ਗਲਤ ਇਰਾਦਾ ਨਹੀਂ ਸੀ।

# ਪਤਨੀ ਨੂੰ ਫਾਂਸੀ ਲਾ ਕੇ ਮਾਰਨ ਦੇ ਦੋਸ਼ ਵਿੱਚ ਪਤੀ ਤੇ ਨਨਾਣ ਖਿਲਾਫ ਕੇਸ ਦਰਜ



ਨਕੋਦਰ, 11 ਫਰਵਰੀ (ਪੋਸਟ ਬਿਊਰੋ)- ਥਾਣਾ ਸਦਰ ਪੁਲਸ ਨੇ ਪਤਨੀ ਨੂੰ ਤੰਗ ਕਰਨ ਤੇ ਫਾਂਸੀ ਲਾ ਦੇਣ ਦੇ ਦੋਸ਼ ਵਿੱਚ ਮ੍ਰਿਤਕਾ ਦੇ ਪਿਤਾ ਦੀ ਸ਼ਿਕਾਇਤ 'ਤੇ ਉਸ ਦੇ ਪਤੀ ਅਤੇ ਨਨਾਣ ਦੇ ਖਿਲਾਫ ਕੇਸ ਦਰਜ ਕੀਤਾਹੈ। ਥਾਣਾ ਸਦਰ ਦੇ ਮੁਖੀ ਐਸ ਆਈ ਇੰਦਰਜੀਤ ਸਿੰਘ ਮੁਤਾਬਕ ਗੁਰਦੇਵ ਸਿੰਘ ਪੁੱਤਰ ਸਤਪਾਲ ਸਿੰਘ ਵਾਸੀ ਘੁਗਬੇਟ ਥਾਣਾ ਕੋਤਵਾਲੀ ਜ਼ਿਲ੍ਹਾ ਕਪੂਰਥਲਾ ਨੇ ਦੱਸਿਆ ਕਿ ਉਸ ਦੀ ਬੇਟੀ ਰੋਸ਼ਨੀ, ਜਿਸ ਦੀ ਉਮਰ ਲਗਭਗ 19 ਸਾਲ ਸੀ, ਦਾ ਵਿਆਹ ਕਰੀਬ ਇੱਕ ਸਾਲ ਪਹਿਲਾਂ ਵੀਰਪਾਲ ਪੁੱਤਰ ਬਖਸ਼ੀਸ਼ ਸਿਘ ਪਿੰਡ ਤਲਵੰਡੀ ਭਰੋ ਨਾਲ ਹੋਇਆ ਸੀ। ਇਸ ਦੇ ਕੁਝ ਸਮੇਂ ਬਾਅਦ ਜਵਾਈ ਵੀਰਪਾਲ ਨੇ ਬੇਟੀ ਨੂੰ ਪਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਲਗਭਗ 10 ਦਿਨ ਪਹਿਲਾਂ ਉਸ ਦੀ ਬੇਟੀ ਨੇ ਫੋਨ ਕਰ ਕੇ ਦੱਸਿਆ ਕਿ ਉਸ ਦਾ ਪਤੀ ਉਸ ਦੀ ਕੁੱਟਮਾਰ ਕਰਦਾ ਹੈ, ਉਹ ਪਰੇਸ਼ਾਨ ਹੈ ਅਤੇ ਆ ਕੇ ਉਸ ਨੂੰ ਲੈ ਜਾਓ। ਕੁਝ ਦਿਨ ਪਹਿਲਾਂ ਉਸ ਦੇ ਰਿਸ਼ਤੇਦਾਰ ਆਏ ਅਤੇ ਉਸ ਦੀ ਬੇਟੀ ਰੋਸ਼ਨੀ ਨੂੰ ਛੱਡ ਕੇ ਚਲੇ ਗਏ। ਇਸ ਦੇ ਬਾਅਦ ਉਸ ਦੀ ਬੇਟੀ ਨੂੰ ਉਸ ਦੀ ਨਨਾਣ ਗੋਰ ਵਾਸੀ ਖਾਲੂ ਪਿੰਡ ਕਪੂਰਥਲਾ ਉਸ ਨੂੰ ਫੋਨ 'ਤੇ ਧਮਕਾਉਂਦੀ ਸੀ ਕਿ ਜੇ ਉਹ ਆਪਣੇ ਸਹੁਰੇ ਵਾਪਸ ਨਾ ਆਈ ਤੇ ਉਸ ਦੇ ਪਤੀ ਨੇ ਕੁਝ ਕਰ ਲਿਆ ਤਾਂ ਉਹ ਉਸ ਨੂੰ ਨਹੀਂ ਛੱਡਣਗੇ। ਚਾਰ ਦਿਨ ਬਾਅਦ ਉਸ ਦੀ ਬੇਟੀ ਰੋਸ਼ਨੀ ਨੂੰ ਉਸ ਦਾ ਪਤੀ ਵੀਰਪਾਲ ਪਿੰਡ ਦੇ ਬਾਹਰੋਂ ਤਲਵੰਡੀ ਭਰੋ ਲੈ ਗਿਆ ਤੇ ਉਸ ਦੀ ਨਨਾਣ ਗੋਰ ਅਤੇ ਉਸ ਦਾ ਪਤੀ ਵੀਰਪਾਲ ਉਸ ਨੂੰ ਇਹ ਕਹਿ ਕੇ ਤੰਗ ਕਰਦੇ ਰਹੇ ਕਿ ਪੇਕੇ ਗਈ ਸੀ ਤਾਂ ਕੋਈ ਸਾਮਾਨ ਲੈ ਕੇ ਨਹੀਂ ਆਈ। ਚਾਰ ਫਰਵਰੀ ਨੂੰ ਉਸ ਨਾਲ ਮਾਰਕੁੱਟ ਕੀਤੀ ਅਤੇ ਫਾਂਸੀ ਲਾ ਕੇ ਮਾਰ ਦਿੱਤਾ ਤੇ ਸਾਨੂੰ ਨਹੀਂ ਦੱਸਿਆ। ਪੰਜ ਫਰਵਰੀ ਨੂੰ ਜਦ ਉਸ ਦਾ ਸਸਕਾਰ ਕਰਨ ਲੱਗੇ ਤਾਂ ਤਲਵੰਡੀ ਭਰੋ ਵਿੱਚ ਰਹਿੰਦੇ ਸਾਡੇ ਰਿਸ਼ਤੇਦਾਰਾਂ ਨੇ ਫੋਨ 'ਤੇ ਦੱਸਿਆ ਕਿ ਰੋਸ਼ਨੀ ਦੇ ਪਤੀ ਨੇ ਉਸ ਦੀ ਹੱਤਿਆ ਕਰ ਦਿੱਤੀ ਸੀ ਅਤੇ ਉਹ ਉਸ ਦਾ ਅੰਤਿਮ ਸਸਕਾਰ ਕਰ ਰਹੇ ਹਨ।ਮੈਂ ਪਿੰਡ ਦੇ ਪਤਵੰਤਿਆਂ ਨਾਲ ਤਲਵੰਡੀ ਭਰੋ ਪਹੁੰਚਿਆ, ਜਿੱਥੇ ਬੇਟੀ ਦੀ ਮੌਤ ਦੇ ਸਦਮੇ ਵਿੱਚ ਹੋਣ ਕਾਰਨ ਬਿਆਨ ਨਹੀਂ ਦਿੱਤਾ ਤੇ ਅੱਜ ਬਿਆਨ ਦਰਜ ਕਰਵਾ ਰਿਹਾ ਹਾਂ। ਥਾਣਾ ਮੁਖੀ ਨੇ ਦੱਸਿਆ ਕਿ ਬਿਆਨਾਂ ਉਤੇ ਦੋਸ਼ੀ ਪਤੀ ਅਤੇ ਨਨਾਣ ਦੇ ਖਿਲਾਫ ਕੇਸ ਦਰਜ ਕਰ ਲਿਆ ਅਤੇ ਦੋਸ਼ੀਆਂ ਦੀ ਤਲਾਸ਼ ਵਿੱਚ ਛਾਪੇਮਾਰੀ ਕੀਤੀ ਜਾ ਰਹੀ ਹੈ।

## ਖਿਡਾਰਨ ਵੱਲੋਂ ਹਾਕੀ ਨਾਲ ਗੁਆਂਢੀ ਦੀ ਹੱਤਿਆ

ਫਤਿਹਗੜ੍ਹ ਸਾਹਿਬ, 11 ਫਰਵਰੀ (ਪੋਸਟ ਬਿਊਰੋ)- ਬੱਸੀ ਪਠਾਣਾ ਵਿੱਚ ਤੀਹ ਜਨਵਰੀ ਦੀ ਰਾਤ ਸਤਪਾਲ ਸਿੰਘ ਦੀ ਬੇਰਹਿਮੀ ਨਾਲ ਮਾਰਕੁੱਟ ਤੋਂ ਬਾਅਦ ਤਿੰਨ ਫਰਵਰੀ ਨੂੰ ਉਸ ਦੀ ਮੌਤ ਹੋ ਜਾਣ ਦੇ ਕੇਸ ਵਿੱਚ ਨਾਮਜ਼ਦ ਇੱਕ ਪਰਵਾਰ ਦੇ ਪੰਜ ਮੈਂਬਰਾਂ 'ਚ ਸ਼ਾਮਲ ਲੜਕੀ ਹਾਕੀ ਦੀ ਕੌਮੀ ਖਿਡਾਰਨ ਵੀ ਹੈ। ਗ੍ਰਿਫਤਾਰ ਗਗਨਪ੍ਰੀਤ ਕੌਰ ਦੋ ਵਾਰੀ ਪੰਜਾਬ ਦੀ ਹਾਕੀ ਟੀਮ 'ਚ ਪੁਲਸ ਵੱਲੋਂ ਖੇਡਦੀ ਹੋਈ ਕੌਮੀ ਮੁਕਾਬਲੇ ਵਿੱਚ ਹਿੱਸਾ ਲੈ ਚੁੱਕੀ ਹੈ। ਉਹ ਇੱਕ ਚਾਂਦੀ ਅਤੇ ਇੱਕ ਤਾਂਬੇ ਦਾ ਮੈਡਲ ਜਿੱਤ ਚੁੱਕੀ ਹੈ। ਗਗਨਪ੍ਰੀਤ ਪਟਿਆਲੇ ਦੇ ਡਡਿਆਲ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿੱਚ 12ਵੀਂ ਦੀ ਵਿਦਿਆਰਥਣ ਹੈ ਅਤੇ ਸਾਈ ਸੈਂਟਰ ਪਟਿਆਲਾ 'ਚ ਅਭਿਆਸ ਕਰਦੀ ਸੀ। ਜਿਸ ਹਾਕੀ ਨਾਲ ਗਗਨਪ੍ਰੀਤ ਕੌਰ ਨੇ ਓਲੰਪਿਕ ਜਾਣ ਦਾ ਸੁਫਨਾ ਦੇਖਿਆ ਸੀ, ਉਸੇ ਹਾਕੀ ਦੀ ਬਦੌਲਤ ਹੁਣ ਉਹ ਸੀਖਾਂ ਪਿੱਛੇ ਰਹੇਗੀ। ਸ਼ਿਕਾਇਤਕਰਤਾ ਸੋਮਾ ਸਿੰਘ ਵਾਸੀ ਜਰਖੇਲਾ ਖੇੜੀ ਦੇ ਮੁਤਾਬਕ 30 ਜਨਵਰੀ ਨੂੰ ਉਸ ਦੇ ਪੁੱਤਰ ਸਤਪਾਲ ਨੂੰ ਗਗਨਪ੍ਰੀਤ ਤੇ ਉਸ ਦੇ ਪਰਵਾਰ ਨੇ ਬੁਰੀ ਤਰ੍ਹਾਂ ਕੁੱਟਿਆ। ਇਸ ਦੌਰਾਨ ਹਾਕੀ ਨਾਲ ਸਤਪਾਲ ਦੇ ਸਿਰ 'ਚ ਡੂੰਘੀਆਂ ਸੱਟਾਂ ਲੱਗਣ ਨਾਲ ਉਸ ਦੀ ਮੌਤ ਹੋ ਗਈ। ਪੁਲਸ ਨੇ ਗਗਨਪ੍ਰੀਤ ਕੌਰ ਦੇ ਨਾਲ ਉਸ ਦੀ ਮਾਤਾ ਗੁਰਿੰਦਰ ਕੌਰ, ਭਰਾ ਅੰਮ੍ਰਿਤਪਾਲ ਸਿੰਘ ਨੂੰ ਵੀ ਗ੍ਰਿਫਤਾਰ ਕੀਤਾ ਹੈ। ਤਿੰਨਾਂ ਨੂੰ ਅਦਾਲਤ ਨੇ ਦੋ ਦਿਨਾਂ ਦੇ ਰਿਮਾਂਡ 'ਤੇ ਭੇਜਿਆ ਹੈ। ਇਨ੍ਹਾਂ ਦੇ ਨਾਲ ਇੱਕ ਨਾਬਾਲਗ ਲੜਕੇ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਨੈਨੀ ਦੀ ਲੋੜ
Queen and credit view area
ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।
ਸੰਪਰਕ:- 416-556-6884





















# ਪੀ.ਐੱਸ.ਬੀ.ਸੀਨੀਅਰਜ਼ ਕਲੱਬ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼-ਪੁਰਬ ਜ਼ੂਮ-ਮੀਟਿੰਗ ਨਾਲ ਮਨਾਇਆ








ਬਰੈਂਪਟਨ, (ਡਾ. ਝੰਡ) -ਭਾਰਤ ਦੇ ਵੱਡੇ ਬੈਂਕਾਂ ਵਿੱਚ ਸ਼ਾਮਲ ਅਹਿਮ ਬੈਂਕ 'ਪੰਜਾਬ ਐਂਡ ਸਿੰਧ ਬੈਂਕ' ਦੇ ਸੇਵਾ-ਮੁਕਤ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਬਰੈਂਪਟਨ ਵਿਚ ਪਿਛਲੇ ਤਿੰਨ ਕੁ ਸਾਲ ਤੋਂ ਬਾਖ਼ੂਬੀ ਵਿਚਰ ਰਹੀ ਪੀ.ਐੱਸ.ਬੀ.ਸੀਨੀਅਰਜ਼ ਕਲੱਬ ਸਾਰੇ ਹੀ ਧਾਰਮਿਕ ਤੇ ਸੱਭਿਆਚਾਰਕ ਸਮਾਗਮ ਆਪਣੇ ਸਾਰੇ ਮੈਂਬਰਾਂ ਨਾਲ ਮਿਲ ਕੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਉਂਦੀ ਹੈ। ਇਸ ਸਿਲਸਿਲੇ ਨੂੰ ਅੱਗੇ ਤੋਰਦਿਆਂ ਉਸ ਨੇ ਕਰੋਨਾ ਦੀ ਅਜੋਕੀ ਸਥਿਤੀ ਨੂੰ ਮੁੱਖ ਰੱਖਦਿਆਂ ਹੋਇਆਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼-ਪੁਰਬ ਲੰਘੇ ਐਤਵਾਰ 7 ਫ਼ਰਵਰੀ ਨੂੰ ਭਰਵੀਂ ਜ਼ੂਮ-ਮੀਟਿੰਗ ਕਰਕੇ ਮਨਾਇਆ। ਕਲੱਬ ਦੇ ਸਕੱਤਰ ਹਰਚਰਨ ਸਿੰਘ ਤੋਂ ਪ੍ਰਾਪਤ ਸੂਚਨਾ ਅਨੁਸਾਰ ਇਸ ਜ਼ੂਮ-ਮੀਟਿੰਗ ਵਿਚ ਕਲੱਬ ਦੇ 75 ਮੈਂਬਰਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਬੁਲਾਰਿਆਂ ਵਿਚ ਸਿੱਖ ਧਰਮ ਦੇ ਉੱਘੇ ਪ੍ਰਚਾਰਕ ਡਾ. ਗੁਲਜ਼ਾਰ ਸਿੰਘ, ਬਰੈਂਪਟਨ ਸਾਊਥ ਦੇ ਐੱਮ.ਪੀ.ਪੀ. ਅਮਰਜੋਤ ਸਿੰਘ ਸੰਧੂ, ਸਕੂਲ-ਟਰੱਸਟੀ ਬਲਬੀਰ ਸੋਹੀ, ਸੁਖਦੇਵ ਸਿੰਘ ਬੇਦੀ, ਡਾ. ਸੁਖਦੇਵ ਸਿੰਘ ਝੰਡ ਅਤੇ ਮਿਸ਼ਨਰੀ ਪ੍ਰੋ.ਰਾਜਾ ਸਿੰਘ ਸ਼ਾਮਲ ਸਨ। ਲੱਗਭੱਗ ਤਿੰਨ ਘੰਟੇ ਚੱਲੀ ਇਸ ਜ਼ੂਮ-ਮੀਟਿੰਗ ਵਿਚ ਵੱਖ-ਵੱਖ ਗਾਇਕਾਂ ਵੱਲੋਂ ਸ਼ਬਦ-ਕੀਰਤਨ ਦਾ ਪ੍ਰਵਾਹ ਵੀ ਚਲਾਇਆ ਗਿਆ।

ਜ਼ੂਮ-ਮੀਟਿੰਗ ਦੇ ਸੰਚਾਲਕ ਗੁਰਚਰਨ ਸਿੰਘ ਖੱਖ ਵੱਲੋਂ ਮੀਟਿੰਗ ਵਿਚ ਸ਼ਾਮਲ ਮੈਂਬਰਾਂ ਤੇ ਮਹਿਮਾਨਾਂ ਦੇ ਰਸਮੀ ਸੁਆਗਤ ਤੋਂ ਬਾਅਦ ਬੀਬੀ ਕੰਵਲਜੀਤ ਕੌਰ ਖੱਖ, ਤੇਜਿੰਦਰ ਪਾਲ ਸਿੰਘ, ਹਰਵਿੰਦਰ ਪਾਲ ਸਿੰਘ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਆਪਣੇ ਅਤੇ ਉਨ੍ਹਾਂ ਸਬੰਧੀ ਭਾਈ ਨੰਦ ਲਾਲ ਜੀ ਦੇ ਉਚਾਰੇ ਗਏ ਸ਼ਬਦਾਂ ਦਾ ਗਾਇਨ ਕੀਤਾ ਗਿਆ ਅਤੇ ਮਲੂਕ ਸਿੰਘ ਕਾਹਲੋਂ ਵੱਲੋਂ ਗੁਰੂ ਸਾਹਿਬ ਨਾਲ ਸਬੰਧਿਤ ਇਕ ਕਵਿਤਾ ਪੇਸ਼ ਕੀਤੀ ਗਈ। ਉਪਰੰਤ, ਸਿੱਖ ਧਰਮ ਤੇ ਇਤਿਹਾਸ ਦੇ ਉੱਘੇ-ਪ੍ਰਚਾਰਕ ਡਾ. ਗੁਲਜ਼ਾਰ ਸਿੰਘ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਬਚਪਨ ਤੋਂ ਸ਼ੁਰੂ ਕਰਕੇ ਪਾਉਂਟਾ ਸਾਹਿਬ ਵਿਖੇ 52 ਕਵੀਆਂ ਦੀ ਸੰਗਤ ਕਰਨ, ਭੰਗਾਣੀ ਦੇ ਯੁੱਧ, ਚਮਕੌਰ ਦੀ ਕੱਚੀ ਗੜ੍ਹੀ ਦੇ ਮੈਦਾਨ ਵਿਚ ਲੜੀ ਗਈ ਸੰਸਾਰ ਦੀ ਸੱਭ ਤੋਂ ਅਸਾਂਵੀ ਲੜਾਈ ਅਤੇ ਖਿਦਰਾਣੇ ਦੀ ਢਾਬ ਦੇ ਕੰਢੇ ਹੋਈ ਫ਼ੈਸਲਾਕੁਨ ਲੜਾਈ ਦੇ ਹਵਾਲੇ ਦੇ ਕੇ ਉਨ੍ਹਾਂ ਦੇ 'ਸੰਤ' ਹੋਣ ਦੇ ਨਾਲ ਨਾਲ 'ਮਹਾਨ ਸਿਪਾਹੀ' ਅਤੇ 'ਉੱਘੇ ਜਰਨੈਲ' ਹੋਣ ਦੀ ਗੱਲ ਵਿਸਥਾਰ ਵਿਚ ਕੀਤੀ। ਕਲੱਬ ਦੇ ਮੈਂਬਰ ਸੁਖਦੇਵ ਸਿੰਘ ਬੇਦੀ ਨੇ ਗੁਰੂ ਸਾਹਿਬ ਦੇ ਸਮੁੱਚੇ ਜੀਵਨ ਦੇ ਵਿਲੱਖਣ ਅੰਦਾਜ਼ ਬਾਰੇ ਗੱਲ ਕੀਤੀ ਗਈ।

ਇਸ ਜ਼ੂਮ-ਮੀਟਿੰਗ ਵਿਚ ਹਿੱਸਾ ਲੈਂਦਿਆਂ ਬਰੈਂਪਟਨ ਵੈੱਸਟ ਤੋਂ ਐੱਮ.ਪੀ.ਪੀ. ਅਮਰਜੋਤ ਸਿੰਘ ਸੰਧੂ ਨੇ ਅਜਿਹੇ ਸਮਾਗਮ ਰਚਾਉਣ ਲਈ ਪੀ.ਐੱਸ.ਬੀ.ਸੀਨੀਅਰਜ਼ ਕਲੱਬ ਦੇ ਪ੍ਰਬੰਧਕਾਂ ਨੂੰ ਹਾਰਦਿਕ ਵਧਾਈ ਦਿੱਤੀ। ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਸੰਖੇਪ ਵਿਚ ਬੋਲਦਿਆਂ ਹੋਇਆਂ ਉਨ੍ਹਾਂ ਓਨਟਾਰੀਓ ਸੂਬੇ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਲੋਕ ਭਲਾਈ ਸਕੀਮਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਸਕੂਲ-ਟਰੱਸਟੀ ਬਲਬੀਰ ਸੋਹੀ ਨੇ ਗੁਰੂ ਜੀ ਦੇ ਚਾਰੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹੀਦੀ ਦਾ ਜ਼ਿਕਰ ਕਰਦਿਆਂ ਹੋਇਆਂ ਭਵਿੱਖ ਵਿਚ ਅਗਲੀ ਪੀੜ੍ਹੀ ਦੇ ਬੱਚਿਆਂ ਲਈ ਸਕੂਲੀ ਸਿੱਖਿਆ ਅਤੇ ਪੰਜਾਬੀ ਦੀ ਪੜ੍ਹਾਈ ਬਾਰੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਪੰਜਾਬੀ ਪਰਿਵਾਰਾਂ ਨੂੰ ਆਪਣੇ ਬੱਚਿਆਂ ਨੂੰ ਮਾਤ-ਭਾਸ਼ਾ ਪੰਜਾਬੀ ਨਾਲ ਜੋੜਨ ਦੀ ਗੱਲ ਕੀਤੀ।

ਡਾ. ਸੁਖਦੇਵ ਸਿੰਘ ਝੰਡ ਨੇ ਇਸ ਮੀਟਿੰਗ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਮਹਿਜ਼ ਨੌਂ ਸਾਲ ਦੀ ਉਮਰ ਵਿਚ ਪਿਤਾ ਗੁਰੂ ਤੇਗ਼ ਬਹਾਦਰ ਜੀ ਨੂੰ ਆਪਣੀ ਕੁਰਬਾਨੀ ਦੇਣ ਲਈ ਦਿੱਲੀ ਤੋਰਨ, ਚਮਕੌਰ ਦੀ ਅਸਾਂਵੀ ਲੜਾਈ ਵਿਚ ਵੱਡੇ ਸਾਬਿਜ਼ਾਦਿਆਂ ਦੀ ਸ਼ਹੀਦੀ ਤੇ ਸਰਹੰਦ ਦੀ ਦੀਵਾਰ ਵਿਚ ਛੋਟੇ ਮਾਸੂਮ ਸਾਹਿਬਜ਼ਾਦਿਆਂ ਦੀ ਸ਼ਹੀਦੀ ਅਤੇ ਇਸ ਦੇ ਨਾਲ਼ ਹੀ ਮਾਤਾ ਗੁਜਰੀ ਜੀ ਦੀ ਅਦੁੱਤੀ ਕੁਰਬਾਨੀ ਉਪਰੰਤ ਗੁਰੂ ਸਾਹਿਬ ਦੇ 'ਸਰਬੰਸ-ਦਾਨੀ' ਦਾ ਖ਼ਿਤਾਬ ਹਾਸਲ ਕਰਨ ਦਾ ਜ਼ਿਕਰ ਕੀਤਾ। ਦੇਸ਼ ਅਤੇ ਕੌਮ ਦੀ ਖ਼ਾਤਰ ਗੁਰੂ ਜੀ ਵੱਲੋਂ ਦਿੱਤੀ ਗਈ ਮਹਾਨ ਕੁਰਬਾਨੀ ਦੇ ਇਸ ਪੱਖ ਨੂੰ ਹੋਰ ਅੱਗੇ ਵਧਾਉਂਦਿਆਂ ਮਿਸ਼ਨਰੀ ਪ੍ਰੋ. ਰਾਜਾ ਸਿੰਘ ਨੇ ਕਿਹਾ ਕਿ ਕੇਵਲ 42 ਸਾਲ ਦੀ ਉਮਰ ਵਿਚ ਉਨ੍ਹਾਂ ਨੇ ਉਹ ਕੁਝ ਕਰ ਵਿਖਾਇਆ ਜਿਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਕਿਧਰੇ ਨਹੀਂ ਮਿਲਦੀ। ਉਨ੍ਹਾਂ ਕਿਹਾ ਕਿ 'ਸੰਤ-ਸਿਪਾਹੀ' ਹੋਣ ਦੇ ਨਾਲ਼-ਨਾਲ ਗੁਰੂ ਜੀ ਮਹਾਨ ਸਾਹਿਤਕਾਰ ਵੀ ਸਨ। ਉਨ੍ਹਾਂ ਦੀ ਰਚੀ ਗਈ ਗੁਰਬਾਣੀ 'ਜਾਪ ਸਾਹਿਬ', 'ਅਕਾਲ ਉਸਤਤਿ', 'ਚੌਪਈ ਸਾਹਿਬ' ਦੇ ਨਾਲ ਨਾਲ 'ਬਚਿੱਤਰ ਨਾਟਕ ਅਤੇ 'ਚੰਡੀ ਦੀ ਵਾਰ' ਵਰਗੀਆਂ ਮਹਾਨ ਉਤਸ਼ਾਹੀ ਰਚਨਾਵਾਂ ਵੀ ਕੀਤੀਆਂ। ਉਨ੍ਹਾਂ ਦੇ 'ਜ਼ਫ਼ਰਨਾਮੇ' ਨੇ ਔਰੰਗਜ਼ੇਬ ਬਾਦਸ਼ਾਹ ਨੂੰ ਉਸ ਦੇ ਵੱਲੋਂ ਕੀਤੇ ਗਏ ਕੁਕਰਮਾਂ 'ਤੇ ਪਛਤਾਵਾ ਕਰਨ ਲਈ ਮਜਬੂਰ ਕੀਤਾ ਜੋ ਉਸ ਦੀ ਮੌਤ ਦਾ ਕਾਰਨ ਵੀ ਬਣਿਆਂ। ਤਲਵੰਡੀ ਸਾਬੋ ਜੋ ਅੱਜਕੱਲ੍ਹ 'ਸ੍ਰੀ ਦਮਦਮਾ ਸਾਹਿਬ' ਵਜੋਂ ਜਾਣਿਆਂ ਜਾਂਦਾ ਹੈ, ਵਿਚ ਉਨ੍ਹਾਂ ਨੇ ਭਾਈ ਮਨੀ ਸਿੰਘ ਜੀ ਦੇ ਹੱਥੋਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਮੁੜ ਰਚਨਾ ਕੀਤੀ।

ਸਮਾਗਮ ਦੇ ਅਖ਼ੀਰ ਵੱਲ ਵੱਧਦਿਆਂ ਮੀਤਾ ਖੰਨਾ ਨੇ ਸ਼ਬਦ "ਰੇ ਮਨ ਐਸੋ ਕਰ ਸੰਨਿਆਸਾ" ਅਤੇ ਅਮਰਜੀਤ ਕੌਰ ਵੱਲੋਂ "ਚੋਜੀ ਮੇਰੇ ਗੋਬਿੰਦਾ" ਗਾਏ ਗਏ। ਜ਼ੂਮ-ਸਮਾਗ਼ਮ ਵਿਚ ਵੱਡੀ ਗਿਣਤੀ ਵਿਚ ਹਾਜ਼ਰ ਮੈਂਬਰਾਂ ਦੇ ਨਾਲ ਇਸ ਸੀਨੀਅਜ਼ ਕਲੱਬ ਦੀ ਪ੍ਰਬੰਧਕੀ ਕਮੇਟੀ ਪ੍ਰਧਾਨ ਗਿਆਨ ਪਾਲ, ਸਕੱਤਰ ਹਰਚਰਨ ਸਿੰਘ, ਖ਼ਜ਼ਾਨਚੀ ਮਨਜੀਤ ਸਿੰਘ ਗਿੱਲ ਅਤੇ ਐਗਜ਼ੈੱਕਟਿਵ ਮੈਂਬਰ ਰਾਮ ਸਿੰਘ, ਸੁਖਦੇਵ ਸਿੰਘ ਬੇਦੀ, ਮੁਖ਼ਤਿਆਰ ਸਿੰਘ ਮੁਲਤਾਨੀ ਅਤੇ ਰਘਬੀਰ ਸਿੰਘ ਵੀ ਸ਼ਾਮਲ ਸਨ।

# ਉਸਤਾਦ ਰਾਗੀ ਪ੍ਰੋ. ਅਵਤਾਰ ਸਿੰਘ ਨਾਜ਼ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ 'ਚ ਲੱਗੇਗੀ : ਬੀਬੀ ਜਗੀਰ ਕੌਰ



ਅੰਮ੍ਰਿਤਸਰ, 11 ਫ਼ਰਵਰੀ( ਗਿਆਨ ਸਿੰਘ): ਰਾਗੀ ਜਥਿਆਂ ਨੂੰ 40 ਸਾਲ ਦੇ ਕਰੀਬ ਕੀਰਤਨ ਸਿਖਲਾਈ ਦੇਣ ਵਾਲੇ ਪ੍ਰੋ. ਅਵਤਾਰ ਸਿੰਘ ਨਾਜ਼ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਈ ਜਾਵੇਗੀ। ਇਹ ਐਲਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਰਾਗੀ ਜਥਿਆਂ ਨਾਲ ਇਥੇ ਕੀਤੀ ਗਈ ਇਕੱਤਰਤਾ ਦੌਰਾਨ ਰਾਗੀ ਸਿੰਘਾਂ ਦੀ ਮੰਗ 'ਤੇ ਕੀਤਾ। ਪ੍ਰੋ. ਨਾਜ਼ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਸ੍ਰੀ ਅੰਮ੍ਰਿਤਸਰ ਵਿਖੇ ਚੱਲਦੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਦਰ ਰਾਗੀ ਜਥਿਆਂ ਨੂੰ ਕੀਰਤਨ ਸਿਖਲਾਈ ਦਿੰਦੇ ਰਹੇ ਹਨ। ਉਨ੍ਹਾਂ ਪਾਸੋਂ ਕੌਮ ਦੇ ਪ੍ਰਸਿੱਧ ਰਾਗੀ ਭਾਈ ਹਰਜਿੰਦਰ ਸਿੰਘ ਸ੍ਰੀਨਗਰ, ਭਾਈ ਰਵਿੰਦਰ ਸਿੰਘ, ਪਦਮ ਸ੍ਰੀ ਭਾਈ ਨਿਰਮਲ ਸਿੰਘ ਖਾਲਸਾ ਸਮੇਤ ਵੱਡੀ ਗਿਣਤੀ ਕੀਰਤਨੀ ਜਥਿਆਂ ਨੇ ਸਿਖਲਾਈ ਪ੍ਰਾਪਤ ਕੀਤੀ ਹੈ।

ਇਕੱਤਰਤਾ ਦੌਰਾਨ ਬੀਬੀ ਜਗੀਰ ਕੌਰ ਨੇ ਰਾਗੀ ਜਥਿਆਂ ਨਾਲ ਸ਼ਤਾਬਦੀਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਅਤੇ ਰਾਗੀ ਜਥਿਆਂ ਦੀਆਂ ਮੁਸ਼ਕਲਾਂ ਵੀ ਸੁਣੀਆਂ। ਬੀਬੀ ਜਗੀਰ ਕੌਰ ਨੇ ਦੱਸਿਆ ਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਗੁਰਪੁਰਬ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਵੱਖ-ਵੱਖ ਥਾਵਾਂ 'ਤੇ ਗੁਰ-ਮਤਿ ਸਮਾਗਮ ਕੀਤੇ ਜਾਣਗੇ। ਇਨ੍ਹਾਂ ਸਮਾਗਮਾਂ ਸਮੇਂ ਰਾਗੀ ਜਥਿਆਂ ਦੀਆਂ ਸੇਵਾਵਾਂ ਅਹਿਮ ਹਨ। ਉਨ੍ਹਾਂ ਕਿਹਾ ਕਿ ਸ੍ਰੀ ਅੰਮ੍ਰਿਤਸਰ ਤੋਂ ਇਲਾਵਾ ਸ੍ਰੀ ਅਨੰਦਪੁਰ ਸਾਹਿਬ, ਤਲਵੰਡੀ ਸਾਬੋ, ਬਾਬਾ ਬਕਾਲਾ ਸਾਹਿਬ, ਧਮਧਾਨ ਸਾਹਿਬ ਸਮੇਤ ਦੇਸ਼ ਅੰਦਰ ਕਈ ਥਾਵਾਂ 'ਤੇ ਗੁਰਮਤਿ ਸਮਾਗਮ ਹੋਣਗੇ। ਇਸ ਤੋਂ ਇਲਾਵਾ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਦੀ ਸ਼ਤਾਬਦੀ ਵੀ ਮਨਾਈ ਜਾ ਰਹੀ ਹੈ। ਸਾਰੇ ਸਮਾਗਮਾਂ ਦੀਆਂ ਤਿਆਰੀਆਂ ਜਾਰੀ ਹਨ। ਉਨ੍ਹਾਂ ਕਿਹਾ ਕਿ ਸੰਗਤ ਉੱਪਰ ਗੁਰਬਾਣੀ ਕੀਰਤਨ ਦਾ ਪ੍ਰਭਾਵ ਅਮਿੱਟ ਹੈ, ਇਸ ਲਈ ਸ਼ਤਾਬਦੀਆਂ ਦੌਰਾਨ ਰਾਗੀ ਜਥਿਆਂ ਨੂੰ ਵੱਖ-ਵੱਖ ਥਾਵਾਂ 'ਤੇ ਭੇਜਿਆ ਜਾਵੇਗਾ। ਇਸੇ ਦੌਰਾਨ ਰਾਗੀ ਜਥਿਆਂ ਨੇ ਸ਼ਤਾਬਦੀਆਂ ਦੌਰਾਨ ਹਰ ਤਰ੍ਹਾਂ ਦਾ ਸਹਿਯੋਗ ਦੇਣ ਦੀ ਵਚਨਬੱਧਤਾ ਦਾ ਪ੍ਰਗਟਾਵਾ ਕੀਤਾ ਅਤੇ ਆਪਣੀਆਂ ਮੰਗਾਂ 'ਤੇ ਗੌਰ ਕਰਨ ਲਈ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਦਾ ਧੰਨਵਾਦ ਕੀਤਾ।

# ਸੰਘਰਸ਼ ਕਰ ਰਹੇ ਕਿਸਾਨਾਂ ਦੇ ਹੱਕ ਵਿਚ ਬਰੈਂਪਟਨ ਵਿਚ ਕੀਤਾ ਗਿਆ ਰੋਸ-ਪ੍ਰਦਰਸ਼ਨ







ਬਰੈਂਪਟਨ, (ਡਾ. ਝੰਡ) -ਪ੍ਰੋ. ਜਗੀਰ ਸਿੰਘ ਕਾਹਲੋਂ ਤੋਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਜੀਟੀਏ ਵਿਚਲੇ ਕਿਸਾਨ ਹਮਾਇਤੀ ਗਰੁੱਪ ਵੱਲੋਂ ਭਾਰਤ ਦੇ ਕਿਸਾਨੀ ਸੰਘਰਸ਼ ਦੀ ਹਮਾਇਤ ਵਿਚ ਸੰਯੁਕਤ ਮੋਰਚੇ ਦੇ ਦਿੱਤੇ ਗਏ ਹਰੇਕ ਐਕਸ਼ਨ ਵਿਚ ਬੜੇ ਉਤਸ਼ਾਹ ਅਤੇ ਜੋਸ਼ ਨਾਲ ਸ਼ਮੂਲੀਅਤ ਕੀਤੀ ਜਾਂਦੀ ਹੈ। ਇਸ ਵਾਰ ਸੰਯੁਕਤ ਕਿਸਾਨ ਮੋਰਚੇ ਵੱਲੋਂ 6 ਫ਼ਰਵਰੀ ਨੂੰ ਭਾਰਤ ਵਿਚ 'ਚੱਕਾ ਜਾਮ' ਦਾ ਸੱਦਾ ਦਿੱਤਾ ਗਿਆ ਸੀ ਜਿਸ ਨੂੰ ਮੁੱਖ ਰੱਖਦਿਆਂ ਹੋਇਆਂ ਜੀਟੀਏ ਦੇ ਇਸ ਕਿਸਾਨ ਹਮਾਇਤੀ ਗਰੁੱਪ ਵੱਲੋਂ ਬਰੈਂਪਟਨ ਵਿਚਲੇ ਭਾਰਤ ਦੇ ਪਾਸ-ਪੋਰਟ ਦਫ਼ਤਰ ਦੇ ਸਾਹਮਣੇ ਅੱਤ ਦੀ ਠੰਡ ਦੇ ਬਾਵਜੂਦ ਕਰੋਨਾ ਮਹਾਂਮਾਰੀ ਦੀਆਂ ਸਰਕਾਰੀ ਹਦਾਇਤਾਂ ਦੀ ਪਾਲਣਾ ਕਰਦਿਆਂ ਹੋਇਆਂ ਰੋਸ-ਪ੍ਰਦਰਸ਼ਨ ਕੀਤਾ ਗਿਆ।

ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਭਾਰਤ ਦੀ ਰਾਜਧਾਨੀ ਦਿੱਲੀ ਦੇ ਬਾਹਰਵਾਰ ਹੱਦਾਂ 'ਤੇ ਹੋ ਰਹੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਜਿਸ ਵਿਚ ਉੱਥੇ ਬਿਜਲੀ, ਪਾਣੀ ਅਤੇ ਇੰਟਰਨੈੱਟ ਦੀਆਂ ਸੇਵਾਵਾਂ ਬੰਦ ਕਰਨਾ, ਸੜਕਾਂ 'ਤੇ ਵੱਡੇ-ਵੱਡੇ ਕਿੱਲ ਗੱਡਣਾ, ਕੰਡੇਤਾਰ ਤਾਰ ਲਗਾਉਣਾ, ਆਦਿ ਸ਼ਾਮਲ ਹੈ, ਦੀ ਘੋਰ ਨਿਖੇਧੀ ਕੀਤੀ ਗਈ ਅਤੇ ਕਾਲੇ ਕਾਨੂੰਨਾਂ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਗਈ। ਬੁਲਾਰਿਆਂ ਵੱਲੋਂ ਕਿਸਾਨ ਸੰਘਰਸ਼ ਦੀ ਜਿੱਤ ਤੱਕ ਇਸ ਦੀ ਹਮਾਇਤ ਕਰਨ ਦਾ ਅਹਿਦ ਲਿਆ ਗਿਆ।

ਇਸ ਸਮੇਂ ਵਿਚਾਰ ਪੇਸ਼ ਕਰਨ ਵਾਲਿਆਂ ਵਿਚ ਹਰਪ੍ਰਮਿੰਦਰ ਸਿੰਘ ਗ਼ਦਰੀ (ਅਲਾਇੰਸ ਆਫ਼ ਪ੍ਰੋਗਰੈੱਸਿਵ ਕੈਨੇਡੀਅਨਜ਼), ਮਲਕੀਅਤ ਸਿੰਘ (ਇੰਡੋ-ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ), ਮੱਲ ਸਿੰਘ ਬਾਸੀ (ਪਰਵਾਸੀ ਪੰਜਾਬੀ ਪੈੱਨਸ਼ਨਰਜ਼ ਵੈੱਲਫ਼ੇਅਰ ਐਸੋਸੀਏਸ਼ਨ), ਹਰਜਸਪ੍ਰੀਤ ਕੌਰ ਗਿੱਲ (ਸਿਰਜਨਹਾਰੀ ਗਰੁੱਪ), ਸਰਬਜੀਤ ਕੌਰ ਕਾਹਲੋਂ (ਦਿਸ਼ਾ), ਪਰਮਜੀਤ ਸਿੰਘ ਬੜਿੰਗ (ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼), ਹਰਜੀਤ ਸਿੰਘ ਗਿੱਲ (ਪ੍ਰੋ. ਮੋਹਨ ਸਿੰਘ ਫ਼ਾਊਂਡੇਸ਼ਨ, ਕੈਨੇਡਾ) ਅਤੇ ਸ਼ਮਸ਼ਾਦ ਸ਼ਮਸ ਸ਼ਾਮਲ ਸਨ।

ਇਸ ਰੋਸ-ਮੁਜ਼ਾਹਰੇ ਵਿਚ ਸ਼ਮੂਲੀਅਤ ਕਰਨ ਵਾਲਿਆਂ ਦਾ ਧੰਨਵਾਦ ਹਰਿੰਦਰਪਾਲ ਹੁੰਦਲ (ਜੀਟੀਏ ਵੈੱਸਟ ਕਲੱਬ) ਵੱਲੋਂ ਕੀਤਾ ਗਿਆ ਅਤੇ ਬੁਲਾਰਿਆਂ ਨੂੰ ਵਾਰੀ ਸਿਰ ਬੁਲਾਉਣ ਦੀ ਜ਼ਿੰਮੇਂਵਾਰੀ ਪ੍ਰੋ. ਜਗੀਰ ਸਿੰਘ ਕਾਹਲੋਂ, ਜਨਰਲ ਸਕੱਤਰ 'ਪਰਵਾਸੀ ਪੰਜਾਬੀ ਪੈੱਨਸ਼ਨਰਜ਼ ਵੈੱਲਫ਼ੇਅਰ ਐਸੋਸੀਏਸ਼ਨ' ਵੱਲੋਂ ਨਿਭਾਈ ਗਈ।

# ਪਾਲੀ ਦੇਤਵਾਲੀਆ ਨੂੰ ਸ਼੍ਰੋਮਣੀ ਗਾਇਕ ਪੁਰਸਕਾਰ

ਲੁਧਿਆਣਾ, 11 ਫਰਵਰੀ (ਗਿਆਨ ਸਿੰਘ): ਲੋਕ ਸੰਗੀਤ ਗਾਇਕੀ ਅਤੇ ਗੀਤ ਸਿਰਜਣਾ ਦੇ ਖੇਤਰ ਵਿੱਚ ਨਿਵੇਕਲੀਆਂ ਪੈੜਾਂ ਪਾਉਣ ਵਾਲੇ ਪਾਲੀ ਦੇਤਵਾਲੀਆ ਨੂੰ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਵੱਲੋਂ ਸਾਲ 2019 ਲਈ " ਸ਼੍ਰੋਮਣੀ ਪੰਜਾਬੀ ਗਾਇਕ ਪੁਰਸਕਾਰ " ਦੇਣ ਸਬੰਧੀ ਪੱਤਰ ਪ੍ਰਾਪਤ ਹੋਇਆ । ਇਸ ਪੁਰਸਕਾਰ ਵਿੱਚ ਪੰਜ ਲੱਖ ਰੁਪਏ ਦੀ ਧਨ ਰਾਸ਼ੀ, ਸਨਮਾਨ ਪੱਤਰ ਤੇ ਦੋਸ਼ਾਲਾ ਭੇਂਟ ਕੀਤਾ ਜਾਵੇਗਾ।

ਪਾਲੀ ਦੇਤਵਾਲੀਆ ਬਾਰੇ ਜਾਣਕਾਰੀ ਦਿੰਦਿਆਂ ਪੰਜਾਬੀ ਲੋਕ ਵਿਰਾਸਤ ਅੈਕਾਡਮੀ ਦੇ ਚੇਅਰਮੈਨ ਪ੍ਰੋ: ਗੁਰਭਜਨ ਗਿੱਲ ਨੇ ਦੱਸਿਆ ਕਿ 43 ਸਾਲ ਪਹਿਲਾਂ ਲੋਕ ਸੰਗੀਤ ਦੇ ਖੇਤਰ ਵਿੱਚ ਕਦਮ ਰੱਖਣ ਵਾਲੇ ਪਾਲੀ ਦੇਤਵਾਲੀਆ ਨੂੰ 1978 ਵਿਚ ਸੁਰਿੰਦਰ ਸ਼ੰਦਾ, ਸੁਰਿੰਦਰ ਸੋਨੀਆ ਤੇ ਰਮੇਸ਼ ਰੰਗੀਲਾ , ਸੁਦੇਸ਼ ਕਪੂਰ ਵਰਗੇ ਕਲਾਕਾਰਾਂ ਨੇ ਗੀਤ ਗਾ ਕੇ ਲੋਕ ਕਚਹਿਰੀ ਵਿੱਚ ਪੇਸ਼ ਕੀਤਾ। ਗੀਤਕਾਰੀ ਵਿੱਚ ਨਾਮਣਾ ਖੱਟਣ ਉਪਰੰਤ ਪਾਲੀ ਨੇ 1987 ਵਿਚ ਆਪਣੀ ਆਵਾਜ਼ ਨੂੰ ਲੋਕ ਪ੍ਰਵਾਨਗੀ ਲਈ ਰੀਕਾਰਡਿੰਗ ਰਾਹੀਂ ਪੇਸ਼ ਕੀਤਾ। ਲੋਕ ਸੰਪਰਕ ਵਿਭਾਗ ਵਿੱਚ ਰੁਜ਼ਗਾਰ ਕਾਰਨ ਉਸ ਨੂੰ ਅਨੇਕਾਂ ਸੰਗੀਤ ਪ੍ਰੋਗਰਾਮਾਂ ਵਿੱਚ ਸ਼ਾਮਿਲ ਹੋਣ ਦਾ ਸੁਭਾਗ ਮਿਲਿਆ।

# ਅਕਾਲੀ-ਭਾਜਪਾ ਸਰਕਾਰ ਸਮੇਂ ਇੱਕ ਪਿੰਡ ਹਵਾ ਵਿਚ ਹੀ ਬਣਾ ਦਿੱਤਾ ਗਿਆ!

## * ਨੂਰਮਹਿਲ ਨੇੜੇ ਦਿਵਿਆ ਜੋਤੀ ਦੇ ਬਹਾਨੇ ਵੋਟਾਂ ਦਾ ਘਾਲਾ-ਮਾਲਾ!

ਚੰਡੀਗੜ੍ਹ, 11 ਫਰਵਰੀ, (ਪੋਸਟ ਬਿਊਰੋ)-ਜੇ ਭਲਾ ਤੁਹਾਡੇ ਆਸ-ਪਾਸ ਹਵਾ ਵਿਚ ਇਕ ਪਿੰਡ ਵੱਸ ਜਾਵੇ, ਪਰ ਉਹ ਦਿਖਾਈ ਨਾ ਦੇਵੇ ਤਾਂ ਤੁਸੀਂ ਇਸ ਉੱਤੇ ਕਿਵੇਂ ਯਕੀਨ ਕਰੋਗੇ? ਅਜਿਹਾ ਇਕ ਪਿੰਡ ਪੰਜਾਬ ਵਿੱਚ ਹੋਣ ਵਾਲੀਆਂ ਸ਼ਹਿਰੀ ਚੋਣਾਂ ਵਿੱਚ ਜ਼ਾਹਰ ਹੋਇਆ ਹੈ ਤੇ ਇਸ ਦੀ ਕੋਈ ਚਰਚਾ ਨਹੀਂ ਹੋ ਰਹੀ। ਰਿਕਾਰਡ ਮੁਤਾਬਕ ਸਬ ਡਵੀਜ਼ਨ ਨੂਰਮਹਿਲ ਵਿਖੇ 'ਦਿਵਿਆ ਗਰਾਮ' ਨਾਮ ਦਾ ਇੱਕ ਪਿੰਡ ਵੱਸਦਾ ਹੈ। ਕਾਗ਼ਜ਼ਾਂ ਵਿਚ ਇਸ ਪਿੰਡ ਦੇ 300 ਦੇ ਕਰੀਬ ਵਸਨੀਕ ਹਨ, ਪਿੰਡ ਦੀਆਂ ਗਲੀਆਂ ਨਾਲੀਆਂ ਬਣੀਆਂ ਹੋਈਆਂ ਹਨ ਅਤੇ ਇਸ ਪਿੰਡ ਦੇ ਵਾਸੀ ਮਨਰੇਗਾ ਅਧੀਨ ਕੰਮ ਵੀ ਕਰਦੇ ਹਨ, ਜਿਸ ਦੇ ਬਦਲੇਲੱਖਾਂ ਰੁਪਏ ਜਾਰੀ ਹੁੰਦੇ ਹਨ, ਪਰ ਅਸਲ ਵਿੱਚ ਇਹ ਪਿੰਡ ਹੈ ਹੀ ਨਹੀਂ।

ਨੂਰਮਹਿਲ ਦੇ ਮੁਹੱਲਾ ਲੱਖਣਪਾਲ ਦੇ ਵਾਸੀ ਪੂਰਨ ਸਿੰਘ ਪੁੱਤਰ ਬੁੱਧ ਸਿੰਘ ਨੇ ਇਸ ਦਾ ਖੁਲਾਸਾ ਕਰਦਿਆਂ ਕਿਹਾ ਕਿ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਓਦੋਂ ਦੋ ਪਿੰਡਾਂ ਦਾ ਐਲਾਨ ਕੀਤਾ ਸੀ, ਜਿਨ੍ਹਾਂ ਵਿੱਚ ਦਿਵਿਆ ਗਰਾਮ ਅਤੇ ਨਾਲਾ ਪੱਤੀ ਜੱਟਾ ਨਾਮ ਦੇ ਪਿੰਡ ਸ਼ਾਮਲ ਸਨ। ਇਨ੍ਹਾਂ ਵਿਚੋਂ ਨਾਲਾ ਪੱਤੀ ਜੱਟਾ ਪਿੰਡ ਵਿਚ ਬੱਚੇ ਪੈਦਾ ਹੁੰਦੇ ਹਨ, ਵਿਆਹ ਵੀ ਹੁੰਦੇ ਹਨ, ਬਜ਼ੁਰਗਾਂ ਦੀ ਮੌਤ ਹੁੰਦੀ ਹੈ, ਗੁਰਦੁਆਰਾ, ਮੰਦਰ ਤੇਸ਼ਮਸ਼ਾਨ ਘਾਟ ਵੀ ਹੈ, ਪਰ ਦਿਵਿਆ ਗਰਾਮ ਵਿਚ ਨਾ ਕੋਈ ਬੱਚਾ ਜੰਮਦਾ ਹੈ, ਨਾ ਕੋਈ ਵਿਅਕਤੀ ਮਰਦਾ ਹੈ, ਨਾ ਵਿਆਹ ਹੁੰਦਾ ਹੈ, ਨਾ ਕੋਈ ਘਰ-ਘਾਟ ਹੈ, ਪਰ ਕਾਗ਼ਜ਼ਾਂ ਵਿਚ ਇਹ ਪਿੰਡ ਗਹਿਮਾ-ਗਹਿਮ ਵੱਸਦਾ ਹੈ ਅਤੇ ਕਾਗ਼ਜ਼ਾਂ ਵਿਚ ਵਸਦੇ ਇਸ ਪਿੰਡ ਦੀ ਪੰਚਾਇਤ ਵੀ ਹੈ, ਜਿਸ ਨੂੰ ਬਕਾਇਦਾ ਸਰਕਾਰ ਵਲੋਂ ਗਰਾਟਾਂ ਜਾਰੀ ਹੁੰਦੀਆਂ ਹਨ ਅਤੇਏਥੇ ਵੋਟਾਂ ਵੀ ਬਣੀਆਂ ਹੋਈਆਂ ਹਨ। ਪੂਰਨ ਸਿੰਘ ਦੇ ਮੁਤਾਬਕ ਉਹੀ ਵੋਟਾਂ ਓਸੇ ਨਾਮ ਉੱਤੇਉਸ ਪਿੰਡ ਵਿਚ ਅਤੇ ਉਹੀ ਵੋਟਾਂ ਨੂਰਮਹਿਲ ਦੇ ਸ਼ਿਬਿਆ ਮੁਹੱਲੇ ਵਿਚ ਦਰਜ ਹਨ ਅਤੇ 14 ਫ਼ਰਵਰੀ ਨੂੰ ਹੋਣ ਵਾਲੀਆਂ ਨਗਰ ਨਿਗਮ ਚੋਣਾਂ ਲਈ ਵੀ ਵਿਖਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ 10 ਮਰਲੇ ਜਗ੍ਹਾ ਵਿਚ 300 ਬੱਕਰੀਆਂ ਵੀ ਨਹੀਂ ਵੜ ਸਕਦੀਆਂ, ਪਰ ਇਸ ਮਕਸਦ ਲਈ 10 ਮਰਲੇ ਦੇ ਘਰ ਵਿੱਚ 300 ਵੋਟਾਂ ਬਣੀਆਂ ਹੋਈਆਂ ਹਨ ਅਤੇ ਦਿਵਿਆ ਗਰਾਮ ਨਾਂਅ ਦਾ ਪਿੰਡ ਕੇਵਲ ਹਵਾ ਵਿਚ ਵਸਾਇਆ ਹੋਇਆ ਹੈ।

ਪੂਰਨ ਸਿੰਘ ਦੇ ਮੁਤਾਬਕ ਉਨ੍ਹਾਂ ਨੇ ਇਸ ਪਿੰਡ ਦੇ ਨਕਸ਼ੇ ਲਈ ਤਸੀਲਦਾਰ ਕੋਲ ਪਹੁੰਚ ਕੀਤੀ ਤਾਂ ਤਸੀਲਦਾਰ ਨੇ ਲਿਖ ਕੇ ਦਿੱਤਾ ਹੈ ਕਿ ਇਸ ਪਿੰਡ ਦੇ ਖਾਤੇ ਦੀ ਇਕ ਇੰਚ ਵੀ ਜ਼ਮੀਨ ਨਹੀਂ। ਇਸ ਪਿੰਡ ਦੇ 30 ਲੋਕਾਂ (ਆਦਮੀ ਅਤੇ ਔਰਤਾਂ) ਨੂੰ ਭਾਰਤ ਸਰਕਾਰ ਦੀ ਨਰੇਗਾ ਸਕੀਮਹੇਠ ਕੰਮ ਕਰਦੇ ਦੱਸਿਆ ਗਿਆ ਹੈ, ਜਿਨ੍ਹਾਂ ਦੀ ਮਜ਼ਦੂਰੀ 2 ਲੱਖ 65 ਹਜ਼ਾਰ ਰੁਪਏ ਦਿੱਤੇ ਵਿਖਾਏ ਹਨ। ਪੂਰਨ ਸਿੰਘ ਨੇ ਕਿਹਾ ਕਿ ਬੀਡੀਪੀਓ ਦਫ਼ਤਰ ਦੇ ਰਿਕਾਰਡ ਮੁਤਾ-ਬਕ ਇਸ ਪਿੰਡ ਨੂੰ ਆਮ ਪਿੰਡਾਂ ਵਾਂਗ ਸਰਕਾਰ ਵਲੋਂ ਗਰਾਂਟਾਂ ਜਾਰੀ ਹੁੰਦੀਆਂ ਤੇ ਵਰਤੀਆਂ ਜਾਂਦੀਆਂ ਹੈ। ਪੂਰਨ ਸਿੰਘ ਮੁਤਾਬਕ ਮਨਰੇਗਾ ਹੇਠ ਕੰਮ ਕਰਦੇ ਮੁਲਾਜ਼ਮਾਂ ਦੀ ਤਿੰਨ ਮਹੀਨੇ ਬਾਅਦ ਬਦਲੀ ਹੋਣੀ ਹੁੰਦੀ ਹੈ, ਪਰ ਏਥੇ 2016 ਤੋਂ ਬਾਅਦ ਤਬਦੀਲੀ ਵੀ ਨਹੀਂ ਕੀਤੀ ਗਈ। ਇਸ ਪਿੰਡ ਨੂੰ 11 ਲੱਖ ਰੁਪਏ ਗਰਾਂਟ ਜਾਰੀ ਹੋ ਚੁੱਕੀ ਹੈ ਤੇ ਪਿੰਡ ਵਿਚੋਂ ਲੰਘਦੀ ਡਰੇਨ ਉੱਤੇ ਸ਼ੈਡ ਪਾਇਆ ਵੀ ਵਿਖਾਇਆ ਗਿਆ ਹੈ। ਦਿਵਿਆ ਗਰਾਮ ਪਿੰਡ ਦਾ ਬਕਾਇਦਾ ਪੰਚ, ਸਰਪੰਚ ਵੀ ਕਾਗ਼ਜ਼ਾਂ ਵਿਚ ਮੌਜੂਦ ਹਨਤੇ ਪਿੰਡ ਦੀਆਂ ਗਲੀਆਂ ਨਾਲੀਆਂ ਵੀ ਬਣਾਈਆਂ ਹਨ ਅਤੇ 59 ਘਰ ਮੌਜੂਦ ਵਿਖਾਏ ਗਏ ਹਨ ਅਤੇ ਗਲੀਆਂ, ਨਾਲੀਆਂ ਅਤੇ ਸਟਰੀਟ ਲਾਈਟਾਂ ਉੱਤੇ ਹੋਏ ਖ਼ਰਚੇ ਦੇ ਵੇਰਵੇ ਵੀ ਕਾਗ਼ਜ਼ਾਂ ਵਿਚ ਹਨ। ਪੂਰਨ ਸਿੰਘ ਨੇ ਸਰਕਾਰੀ ਸਬੂਤ ਵਿਖਾ ਕੇ ਕਿਹਾ ਕਿ ਬਿਜਲੀ ਮਹਿਕਮੇ ਮੁਤਾਬਕ ਦਿਵਿਆ ਗਰਾਮ ਪਿੰਡ ਵਿਚ ਬਿਜਲੀ ਨਹੀਂ ਪਹੁੰਚੀਅਤੇ ਨਾ ਉਥੇ ਟਰਾਂਸਫ਼ਾਰਮਰ ਲੱਗਾ ਹੈ,ਸਿਰਫ ਦਿਵਿਆ ਜਯੋਤੀ ਜਾਗਰਿਤੀ ਸੰਸਥਾਨ ਦੇ ਨਾਮ ਉੱਤੇ ਇਕ ਮੀਟਰ ਹੈ। ਪੂਰਨ ਸਿੰਘ ਦਾ ਕਹਿਣਾ ਹੈ ਕਿ ਅਕਾਲੀ ਸਰਕਾਰ ਵੇਲੇ ਦੇ ਇਸ ਘਪਲੇਤੋਂ ਮੌਜੂਦਾ ਕੈਪਟਨ ਸਰਕਾਰ ਵੀ ਅਨਜਾਣ ਬਣੀ ਹੋਈ ਹੈ।



Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

Call For a Quick & Free Home Evaluation
www.BramptonQuickHomeEvaluation.com

JAG AUJLA
REAL ESTATE BROKER
416-371-7777
j.aujla@rogers.com www.jagaujla.com
RE/MAX Realty Specialist Inc., Brokerage
Off: 905-456-3232
www.BramptonTopRelator.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

CALEDON
BRAND NEW HOUSE FOR SALE ON ASSIGNMENT (IN CALEDON)
ਕੈਨੇਡੀ / ਦੂੱਗਲ
ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨੀਂਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ' ਸੰਪਰਕ ਕਰ ਸਕਦੇ ਹੋ।

BRAMPTON
ਵੀਲੀਅਮ ਪਾਕਵੇ/ਰੋਇਲ ਓਰਚਾਰਡ
ਲਗਭਗ 2800 ਸੁਕੇਅਰ ਫੁੱਟ ਵਿੱਚ ਬਣਿਆ 5+2 ਬੈਡਰੂਮ ਅਤੇ 4 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ। 48 ਫੁੱਟ ਲਾਟ ਹੈ। ਫਿਨੀਸ਼ਡ ਬੇਸਮੈਂਟ ਅਤੇ ਸੇਪਰੈਟ ਸਾਈਡ ਏਨਟਰੈਂਸ। ਨਵੀਂ ਰੂਫ ਸ਼ਿੰਗਲ ਅਤੇ ਨਵੀਂ ਅਪਗ੍ਰੇਡੇਡ ਕਿਚਨ ਜਿਸ ਵਿੱਚ ਗਰੇਨਾਈਟ ਟਾਪ ਹੈ। ਪੈਂਟਰੀ ਨਾਲ ਬਰੇਕਫਾਸਟ ਏਰੀਆ। ਗਲਿਮੀਂਗ ਹਾਰਡਵੁਡ ਫਲੋਰ। ਬੈਡਰੂਮ ਵਿੱਚ ਲੈਮੀਨੇਟ ਫਲੋਰ। ਓਕ ਸਟੇਅਰ ਕੇਸ। ਮਾਸਟਰ ਬੈਡਰੂਮ 5 ਪੀਸ ਈਨਸੂਟ। ਸਾਰੀਆਂ ਸਹੂਲਤਾਂ ਦੇ ਨੇੜੇ।

BRAMPTON
Sandalwood/Chinguacousy Park
72 Botavia Downs dr
$ 1525
ਲੀਸ ਲਈ
ਸੈਂਡਲਵੁਡ/ਕਿਰਾਏ ਲਈ
2 ਬੈਡਰੂਮ, 1 ਵਾਸ਼ਰੂਮ ਦੀ ਬਹੁਤ ਸੋਹਣੀ ਬੇਸਮੈਂਟ, (Separate Laundry) ਸੈਪਰੇਟ ਲਾਊਂਡਰੀ ਅਤੇ ਸੈਪਰੇਟ ਐਂਟਰੈਂਸ, 1 ਜਾਂ 2 ਕਾਰ ਪਾਰਕਿੰਗ, ਸਾਰੀਆਂ ਸੁਵਿਧਾਵਾਂ ਦੇ ਨੇੜੇ, A++ ਜਾਂ ਛੋਟੀ ਫੈਮਿਲੀ ਨੂੰ ਪਹਿਲ।

BRAMPTON
William Pkwy/Royal Orchard
13 Traibridge Dr
$ 1,069,905
ਵਿਲੀਅਮ ਪਾਰਕ ਵੇਅ/ਰੌਇਲ ਔਰਕਡ
2800 Sq. Ft. ਦਾ 5 ਬੈਡਰੂਮ, 4 ਵਾਸ਼ਰੂਮ ਅਤੇ 2 ਬੈਡਰੂਮ ਦੀ ਸੈਪਰੇਟ ਐਂਟਰੈਂਸ (Separate Entrance) ਦਾ ਬੇਸਮੈਂਟ। ਅਪਗ੍ਰੇਡਡ ਕਿਚਨ ਵਿਚ ਗਰੇਨਾਈਟ ਟਾਪ, ਬਹੁਤ ਵੱਡਾ ਬੈਕਯਾਰਡ (Back Yard), ਹਾਰਡਵੁਡ ਫਲੋਰ, ਲੈਮੀਨੇਟ ਇਨ ਬੈਡਰੂਮ, ਉਕ ਸਟੇਅਰਕੇਸ, ਮਾਸਟਰ ਬੈਡਰੂਮ ਵਿਚ 5 ਪੀਸੀ ਇਨਸੂਟ, ਸਾਰੀਆਂ ਸਹੂਲਤਾਂ ਦੇ ਕੋਲ।

BRAMPTON
Dixie/Queen
8 Lisa St.
$ 434,905
1142 ਸਕੇਅਰ ਫੁੱਟ ਦੀ ਕੌਂਡੋ (ਛੋਨਦੋ), 21ਸਟ ਫਲੋਰ ਉਤੇ 2 ਬੈਡਰੂਮ, 2 ਵਾਸ਼ਰੂਮ, ਲਾਊਂਡਰੀ, 1 ਅੰਡਰ ਗ੍ਰਾਊਂਡ ਕਾਰ ਪਾਰਕਿੰਗ, ਮਾਸਟਰ ਬੈਡਰੂਮ ਵਿਚ 3 ਪੀਸੀ ਇਨਸੂਟ, 24 ਘੰਟੇ ਸਿਕਿਉਰਿਟੀ (Security), ਬਰੈਮਲੀ ਸਿਟੀ ਸੈਂਟਰ (Bramalea City Center) ਦੇ ਕੋਲ ਸਾਰੀਆਂ ਸਹੂਲਤਾਂ ਦੇ ਨੇੜੇ, ਵਾਸ਼ਰ ਅਤੇ ਡਰਾਇਰ (Dryer), ਡਿਸ਼ਵਾਸ਼ਰ ਅਤੇ ਹੋਰ ਬਹੁਤ ਕੁੱਝ ਸ਼ਾਮਲ।

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8

FOR SALE
$1,399,999
CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ, ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ

FOR SALE
$1,449,995
COTTRELLE/HWY50
ਲਗਭਗ 3500 ਵਰਗ ਫੁੱਟ ਵਿਚ ਬਣਿਆ4+2 ਬੈਡਰੂਮ ਅਤੇ 5 ਵਾਸ਼ਰੂਮ, 10 ਫੁੱਟ ਸੀਲਿੰਗ, 2 ਬੈਡਰੂਮ ਦੀ ਫਿਨਿਸ਼ਡ ਵਾਕਆਊਟ ਬੇਸਮੈਂਟ 9 ਫੁੱਟ ਦੀ ਸੀਲਿੰਗ ਨਾਲ, ਵੱਖਰੀ ਲਾਊਂਡਰੀ, ਬਿਲਟ ਇਨ ਅਪਲਾਈਂਸਸ ਅਪਗ੍ਰੇਡ ਕਿਚਨ, ਗਰੇਨਾਈਟ ਕਾਊਂਟਰ, ਸੈਂਟਰ ਆਈਲੈਂਡ, ਗਰੇਨਾਈਨ ਬੈਕ ਸਪਲੈਸ਼,ਬਹੁਤ ਸਾਰੀਆਂ ਪੋਟ ਲਾਈਟਾਂ, ਓਕਸਟੇਅਰ ਕੇਸ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ

SOLD
$1,149,000
SANDALWOOD/BRAMALEA
ਬਹੁਤ ਹੀ ਖੂਬਸੂਰਤ ਘਰ, ਤਾਜ਼ੇ ਰੰਗ ਨਾਲ ਪੇਂਟ ਕੀਤੇ। ਸਾਰੇ ਘਰ ਵਿਚ ਹਾਰਡਵੁਡ ਫਲੋਰ। 4 ਸ਼ਾਨਦਾਰ ਬੈਡਰੂਮ, 2 ਮਾਸਟਰ ਨਾਲ 4 ਪੀਸ ਐਨਸੁਇਟਸ ਅਤੇ ਵਾਕ ਈਨ ਕਲਾਜ਼ਟ। ਓਪਨ ਕੰਸੈਪਟ ਕਿਚਨ ਏਰੀਆ ਓਵਰਲੋਕਿੰਗ ਬੈਕਯਾਰਡ। ਵੱਖਰਾ ਡਾਇਨਿੰਗ ਰੂਮ। ਮੇਨ ਫਲੋਰ ਲਿਵਿੰਗ ਅਤੇ ਫੈਮਲੀ ਰੂਮ। ਫਿਨੀਸ਼ਡ ਬੇਸਮੈਂਟ 2 4ਪੀ ਸੀ ਵਾਸ਼ਰੂਮ। ਸੇਪਰੇਟ ਏਨਟਰੈਂਸ। 6 ਡਰਾਈਵੇ ਪਾਰਕਿੰਗ +2 ਕਾਰ ਗਰਾਜ

Dr. Randhawa Dentistry
Your own dentist who really cares for you
We Provide the following Services:
• Dental Crowns, Veneers & Bridges
• Dental Fillings & Gum Treatment
• Root Canal (RCT), Dentures, Extraction
• Kids Dentistry
• Wisdom Tooth Surgery
• Invisalign (Invisible Braces)
• Digital X-Rays System
• Teeth Cleaning & Whitening
• Cosmetic Dental Treatment
Dr. Samreet Kaur Randhawa
General Family Dentist
New Patients welcome
Deal Directly with all Insurance Companies
• ਸੀਨੀਅਰ ਡਿਸਕਾਊਂਟ
• ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
• ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
Mayfield Rd
Mcvean Dr
DENTISTRY
Squire Ellis Dr
Gore Rd
Countryside Dr

ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING

FRESH & LARGE VARIETY
Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

# ਫੈਲਣ ਤੋਂ ਰੋਕੋ।
# ਕੋਵਿਡ-19
# ਜਾਨਲੇਵਾ ਹੋ ਸਕਦੀ ਹੈ।
# ਘਰ ਵਿੱਚ ਰਹੋ।
# ਜੀਵਨ ਬਚਾਓ।



ontario.ca/coronavirus‘ਤੇ ਜਾਓ
ਓਂਟਾਰੀਓ ਸਰਕਾਰ ਦੁਆਰਾ ਜਾਰੀ

Ontario